ਸਿਰਜਣਾ

ਅਪਰੈਲ-ਜੂਨ 2015 (ਅੰਕ 176)

April- June 2015

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: _____

ਪਤਾ –Address: _____

1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43 - B,
Chandigarh - 160022
India

ਤਾਰੀਕ –Date: 25 - 10 - 2014

ਸਿਰਜਣਾ

ਅਪਰੈਲ-ਜੂਨ 2015 176 40 ਰੁਪਏ

ਸਿਰਜਣਾ

176
ਅਪਰੈਲ-ਜੂਨ 2015

ਸੰਪਾਦਕ : ਰਘਬੀਰ ਸਿੰਘ
Editor : Raghbir Singh

1728, ਸੈਕਟਰ 43-ਬੀ,
ਚੰਡੀਗੜ੍ਹ-160 022
ਫੋਨ : +91-172-2601693

SIRJANA
1728, Sector 43-B,
Chandigarh-160 022
INDIA
Phone : +91-172-2601693
E-mail :
raghbirssirjana@yahoo.com

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਰਘਬੀਰ ਸਿੰਘ / ਸੰਪਾਦਕੀ /ਰਾਜ-ਸੱਤਾ ਤੇ ਸੰਪਰਦਾਇਕਤਾ ਦੀ ਚੁਣੌਤੀ /1

ਜਸਵੰਤ ਜ਼ਫਰ/ ਛੇ ਨਿੱਕੀਆਂ ਕਵਿਤਾਵਾਂ/ 3

ਅਜੀਤ ਪਿਆਸਾ / ਇਕ ਕਵਿਤਾ/ 6

ਰਵਿੰਦਰ ਰਵੀ/ ਦੋ ਕਵਿਤਾਵਾਂ/ 7

ਹਰਕੰਵਲਜੀਤ ਸਾਹਿਲ/ ਬੁੱਧ : ਦੋ ਕਵਿਤਾਵਾਂ / 9

ਇੰਦਰਜੀਤ ਨੰਦਨ / ਕਵਿਤਾ / ਯਸ਼ੋਧਰਾ /11

ਦਰਸ਼ਨ ਸਿੰਘ / ਕਹਾਣੀ / ਐਵੇਂ ਜਿਹੀ ਗੱਲ / 15

ਸੰਦੀਪ ਚੀਮਾ/ ਕਹਾਣੀ/ਚੱਕਰਵਿਊ /23

ਸੁਖਦੇਵ ਸਿੱਧੂ / ਕਹਾਣੀ / ਮਿੱਠੀ ਚੋਰੀ/ 28

ਰਣਜੀਤ ਸਿੰਘ/ ਕਹਾਣੀ/ ਕੰਡਿਆਂ ਦੀ ਵਾੜ / 31

ਗੁਲਜ਼ਾਰ ਸਿੰਘ ਸੰਧੂ / ਨਿਬੰਧ/ ਕੁਲਵੰਤ ਸਿੰਘ ਵਿਰਕ / 36

ਕੁਲਵੰਤ ਸਿੰਘ ਵਿਰਕ/ ਕਹਾਣੀ/ ਘੁੰਡ/ 45/ ਮੁੱਢੋਂ ਸੁੱਢੋਂ/48

ਕੁਲਵੰਤ ਸਿੰਘ ਵਿਰਕ/ਨਿਬੰਧ/ਮੱਝੀਆਂ, ਪਰੰਪਰਾ ਤੇ ਇਸ਼ਕ/52

ਕੁਲਵੰਤ ਸਿੰਘ ਵਿਰਕ/ਨਿਬੰਧ/ਓਭੜ ਲੋਕ/59

ਪਿਆਰਾ ਸਿੰਘ ਭੋਗਲ/ਨਿਬੰਧ/ਪੰਜਾਬੀ ਨਾਵਲ ਦੀ ਇਕ ਸਦੀ ਤੇ ਮੇਰੇ ਨਾਵਲ/ 63

ਸੁਰਜੀਤ ਹਾਂਸ/ਨਿਬੰਧ/ਈਕੋਲੋਜੀ, ਚੀਨ ਅਤੇ ਜਗਤ-ਸਰਦਾਰੀ/72

ਗੁਰਦੇਵ ਚੌਹਾਨ/ਸਿਮਰਤੀ ਨਿਬੰਧ/ਲਾਲੀ/76

ਬਲਜੀਤ ਬਾਸੀ/ਸ਼ਬਦ ਝਰੋਖਾ/ਸਚੁ ਤਰਾਜੀ ਤੋਲੁ/82

ਚੰਦਰ ਮੋਹਨ/ਰਿਵਿਊ/ਉਸ ਪਲ/85, ਬਸ, ਅਜੇ ਏਨਾ ਹੀ/88

ਜੇ. ਬੀ. ਸੇਖੋਂ/ਰਿਵਿਊ/ਆਵਾਜ਼ਾਂ/90

ਲਾਲ ਸਿੰਘ/ਰਿਵਿਊ/ਕਾਲ਼ੇ ਵਰਕੇ/93

ਗੁਰਦੀਪ ਕੌਰ/ਰਿਵਿਊ/ਸਵਾਲ ਨਾ ਕਰ/95

ਪੁਸ਼ਵਿੰਦਰ ਕੌਰ/ਰਿਵਿਊ/ਲਸਰਾਂ ਵਾਲਾ ਪਰਦਾ/98

ਪੱਤਰ/ਬਰਿੰਦਰ ਕੌਰ, ਮਨਦੀਪ ਸਿੰਘ, ਸ਼ਸ਼ੀ ਸਮੁੰਦਰਾ, ਦੇਵ

ਟਾਈਟਲ ਚਿੱਤਰ : ਦੇਵ ਟਾਈਪ-ਸੈਟਿੰਗ ਅਤੇ ਟਾਈਟਲ ਡਿਜ਼ਾਈਨਿੰਗ: ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 400 ਰੁਪਏ, ਪੰਜ ਸਾਲ: 800 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ, ਪੰਜ ਸਾਲ : 50 ਪੌਂਡ, 100 ਡਾਲਰ

ਰਾਜ-ਸੱਤਾ ਤੇ ਸੰਪਰਦਾਇਕਤਾ ਦੀ ਚੁਣੌਤੀ

ਜਮਹੂਰੀ ਪ੍ਰਬੰਧ ਵਿਚ ਸਰਕਾਰਾਂ ਬਣਦੀਆਂ ਬਦਲਦੀਆਂ ਰਹਿੰਦੀਆਂ ਹਨ। ਦੇਸ਼ ਦੇ ਆਜ਼ਾਦ ਹੋਣ ਪਿੱਛੋਂ ਭਾਰਤ ਵਿਚ ਪਹਿਲੇ ਦਹਾਕੇ ਨੂੰ ਛੱਡ ਕੇ, ਜਦੋਂ ਕਾਂਗਰਸ ਪਾਰਟੀ ਦੀ ਪੂਰਨ ਸਰਦਾਰੀ ਸੀ, ਰਾਜਾਂ ਵਿਚ ਅਤੇ ਕੇਂਦਰ ਦੀ ਪੱਧਰ ਉੱਤੇ ਸਰਕਾਰਾਂ ਦੇ ਬਣਨ ਬਦਲਨ ਦਾ ਇਹ ਸਿਲਸਿਲਾ ਚਲਦਾ ਰਿਹਾ ਹੈ। ਨਵੀਆਂ ਆਈਆਂ ਸਰਕਾਰਾਂ ਆਪਣੀ ਪਾਰਟੀ ਦੀ ਸੋਚ ਤੇ ਏਜੰਡੇ ਅਨੁਸਾਰ ਪਹਿਲੀਆਂ ਨੀਤੀਆਂ ਅਤੇ ਕੰਮ-ਕਾਰ ਦੇ ਢੰਗ-ਤਰੀਕਿਆਂ ਵਿਚ ਤਬਦੀਲੀਆਂ ਵੀ ਕਰਦੀਆਂ ਰਹੀਆਂ ਹਨ। ਇਹ ਸਾਰਾ ਕੁਝ ਕੋਈ ਅਲੋਕਾਰ ਵਰਤਾਰਾ ਨਹੀਂ ਅਤੇ ਲੋਕਤੰਤਰੀ ਵਿਵਸਥਾ ਵਿਚ ਇਹ ਇਕ ਪ੍ਰਵਾਣਤ ਰੀਤ ਹੈ। ਇਸ ਤਰ੍ਹਾਂ ਦੀ ਤਬਦੀਲੀ ਨੂੰ ਲੋਕ ਤੰਤਰ ਸਹਿਜ ਰੂਪ ਵਿਚ ਪ੍ਰਵਾਨ ਕਰਦਾ ਹੈ।

ਪਰ ਪਿਛਲੇ ਵਰ੍ਹੇ ਭਾਰਤ ਦੀ ਕੇਂਦਰੀ ਸਰਕਾਰ ਦੇ ਨਵੇਂ ਗਠਨ ਲਈ ਹੋਈਆਂ ਆਮ ਚੋਣਾਂ ਨਾਲ ਜੋ ਨਤੀਜੇ ਸਾਹਮਣੇ ਆਏ, ਉਹ ਬੜੇ ਭੈਅ-ਦਾਇਕ ਤੇ ਚੌਂਕਾ ਦੇਣ ਵਾਲੇ ਸਨ। ਪਹਿਲੀ ਵਾਰ ਇਕ ਅਜਿਹੀ ਪਾਰਟੀ ਨੂੰ ਪੂਰਨ ਬਹੁ-ਮੱਤ ਮਿਲ ਗਿਆ ਸੀ, ਜਿਸਦੀ ਸੰਪਰਦਾਇਕ ਸੰਕੀਰਣਤਾ ਪਰਦਿਆਂ ਵਿਚ ਛੁਪਾਈ ਵੀ ਛੁਪੀ ਨਹੀਂ ਰਹਿ ਸਕਦੀ। ਅਤੇ ਇਸ ਦੇ ਆਗੂ ਵਜੋਂ ਇਕ ਉਹ ਵਿਅਕਤੀ ਉਭਰਕੇ ਸਾਹਮਣੇ ਆਇਆ ਸੀ ਜਿਸਦੇ ਹੱਥ ਪਹਿਲਾਂ ਇਕ ਰਾਜ ਦੇ ਮੁੱਖ ਮੰਤਰੀ ਹੋਣ ਦੀ ਹੈਸੀਅਤ ਵਿਚ ਇਕ ਫਿਰਕੇ ਦੇ ਸੈਂਕੜੇ ਹਜ਼ਾਰਾਂ ਲੋਕਾਂ ਦੇ ਲਹੂ ਨਾਲ ਰੰਗੇ ਹੋਏ ਸਨ। ਧਰਮ-ਨਿਰਪੇਖ ਮਾਨਵਵਾਦੀ ਹਲਕਿਆਂ ਨੂੰ ਇਹ ਡਰ ਸੀ ਕਿ ਇਸ ਨਵੀਂ ਸਰਕਾਰ ਅਧੀਨ ਦੇਸ਼ ਦੀ ਬਹੁ-ਵਿਸ਼ਵਾਸੀ ਅਤੇ ਬਹੁ-ਸਭਿਆਚਾਰਕ ਹੋਂਦ ਨੂੰ ਖਤਰਾ ਹੋ ਸਕਦਾ ਹੈ।

ਬਹੁਤਾ ਸਮਾਂ ਨਹੀਂ ਬੀਤਿਆ ਕਿ ਇਹ ਸਾਰੇ ਤੌਖਲੇ ਤੇ ਡਰ ਸਹੀ ਸਾਬਤ ਹੋਣ ਲੱਗੇ ਹਨ। ਮਹਾਤਮਾ ਗਾਂਧੀ ਦੀ ਹੱਤਿਆ ਪਿੱਛੋਂ ਆਰ.ਐੱਸ.ਐੱਸ. ਦੀ ਜਿਸ ਸੰਸਥਾ ਉੱਤੇ ਪਾਬੰਦੀ ਲੱਗ ਗਈ ਸੀ, ਉਹ ਸੰਸਥਾ ਵਰਤਮਾਨ ਹਕੂਮਤੀ ਢਾਂਚੇ ਦਾ ਥੰਮ ਹੈ। ਇਸ ਤਰ੍ਹਾਂ ਹਿੰਦੂ ਪਰੀਸ਼ਦ ਅਤੇ ਹਿੰਦੂਤਵ ਨੂੰ ਅੱਗੇ ਵਧਾਉਣ ਵਾਲੀਆਂ ਅਨੇਕਾਂ ਸੰਸਥਾਵਾਂ ਤੇ ਸੈਨਾਵਾਂ ਦਾ ਤੰਤਰ ਦੇਸ਼ ਭਰ ਵਿਚ ਵਿਛਿਆ ਹੋਇਆ ਹੈ। ਇਹ ਸਭ ਸੰਸਥਾਵਾਂ ਇਕ ਦਮ ਸਰਗਰਮ ਹੋ ਕੇ ਆਪਣੇ ਅਸਲੀ ਰੂਪ ਵਿਚ ਸਾਹਮਣੇ ਆ ਗਈਆਂ ਹਨ। ਉਹਨਾਂ ਨੂੰ ਵਿਸ਼ਵਾਸ ਹੈ ਅਤੇ ਇਸ ਵਿਸ਼ਵਾਸ ਦੇ ਪ੍ਰਗਟਾਅ ਲਈ ਕੋਈ ਲੁਕਾਅ ਛੁਪਾਅ ਵੀ ਨਹੀਂ ਹੋ ਰਿਹਾ, ਕਿ ਇਹੀ ਸਮਾਂ ਹੈ ਜਦੋਂ ਉਹਨਾਂ ਵੱਲੋਂ ਦੇਸ਼ ਦੇ ਧਰਮ-ਨਿਰਪੇਖ ਚਰਿੱਤਰ ਨੂੰ ਖੋਰਾ ਲਾ ਕੇ ਇਸਨੂੰ ਹਿੰਦੂ ਰਾਸ਼ਟਰ ਦੇ ਰੂਪ ਵਿਚ ਬਦਲਿਆ ਜਾ ਸਕਦਾ ਹੈ। 'ਘਰ ਵਾਪਸੀ' ਦੇ ਨਾਂ ਉੱਤੇ ਧਰਮ ਪਰਿਵਰਤਣ ਦੇ ਸਮਾਗਮ ਤੇ ਯੱਗ ਜ਼ੋਰ ਸ਼ੋਰ ਨਾਲ ਹੋ ਰਹੇ ਹਨ। ਸਾਧਾਂ ਤੇ ਸਾਧਵੀਆਂ ਵੱਲੋਂ ਨਿਰੰਤਰ ਜ਼ਹਿਰ ਉਗਲੀ ਜਾ ਰਹੀ ਹੈ। ਈਸਾਈਆਂ, ਮੁਸਲਮਾਨਾਂ ਅਤੇ ਦੂਜੇ ਧਰਮਾਂ ਨਾਲ ਸੰਬੰਧਤ ਵਿਅਕਤੀਆਂ, ਪੂਜ-ਸਥਾਨਾਂ, ਵਿੱਦਿਅਕ ਅਦਾਰਿਆਂ ਨੂੰ ਹਿੰਸਕ ਹਮਲਿਆਂ, ਅੱਗਜ਼ਨੀ, ਲੁੱਟ ਖੋਹ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਨਯ ਧਰਮੀ ਔਰਤਾਂ ਉੱਤੇ ਵਹਿਸ਼ੀਆਨਾ ਹਮਲਿਆਂ ਰਾਹੀਂ ਉਹਨਾਂ ਦੇ ਬਲਾਤਕਾਰਾਂ ਤੇ ਕਤਲਾਂ ਦਾ ਬਾਜ਼ਾਰ ਗਰਮ ਹੈ। ਅਤੇ ਜਦੋਂ ਇਹ ਸਾਰਾ ਕੁਝ ਵਾਪਰ ਰਿਹਾ ਹੈ, ਉਦੋਂ ਰਾਜ-ਸੱਤਾ ਮੂਕ ਦਰਸ਼ਕ ਹੀ ਨਹੀਂ ਬਣੀ ਹੋਈ, ਸਗੋਂ ਇਸ ਤਰ੍ਹਾਂ ਦੇ ਵਰਤਾਰੇ ਨੂੰ ਹਲਾਸ਼ੇਰੀ ਦੇਣ ਵਾਲੀ

ਧਿਰ ਵਜੋਂ ਸਾਹਮਣੇ ਆ ਰਹੀ ਹੈ।

ਇਹ ਸਾਰਾ ਕੁਝ ਜਨਤਕ ਖੇਤਰ ਵਿਚ ਤਾਂ ਖੁਲ੍ਹੇ ਆਮ ਹੋ ਹੀ ਰਿਹਾ ਹੈ, ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿਚ ਨੀਤੀਆਂ ਦੀ ਪੱਧਰ ਉੱਤੇ ਵੀ ਬੀ.ਜੇ.ਪੀ. ਦੀ ਸਰਕਾਰ ਵਿਚ, ਕਿਤੇ ਲੁਕਵਾਂ ਤੇ ਕਿਤੇ ਪ੍ਰਤੱਖ, ਬਹੁਤ ਕੁਝ ਇਸ ਤਰ੍ਹਾਂ ਦਾ ਵਾਪਰ ਰਿਹਾ ਹੈ, ਜੋ ਦੇਸ਼ ਦੇ ਲੋਕ ਤੰਤਰੀ ਢਾਂਚੇ ਅਤੇ ਧਰਮ-ਨਿਰਪੇਖ ਦਿੱਖ ਲਈ ਚੁਣੌਤੀ ਬਣਦਾ ਹੈ। ਦੇਸ਼ ਦੇ ਸੰਵਿਧਾਨ ਦੀ ਉਥਾਨਕਾ ਵਿਚੋਂ ਧਰਮ-ਨਿਰਪੇਖਤਾ ਅਤੇ ਸਮਾਜਵਾਦ ਵਰਗੇ ਸ਼ਬਦਾਂ ਨੂੰ ਕੱਢੇ ਜਾਣ ਦੀ ਗੱਲ ਹੋ ਰਹੀ ਹੈ। ਸਿੱਖਿਆ ਤੇ ਸਭਿਆਚਾਰ ਨਾਲ ਸੰਬੰਧਤ ਵਿਭਾਗਾਂ, ਇਤਿਹਾਸ, ਸਾਹਿਤ ਤੇ ਕਲਾ ਨਾਲ ਸੰਬੰਧਤ ਸਰਕਾਰੀ, ਅਰਧ-ਸਰਕਾਰੀ ਅਦਾਰਿਆਂ, ਯੂਨੀਵਰਸਿਟੀਆਂ ਤੇ ਹੋਰ ਸਿੱਖਿਆ ਸੰਸਥਾਨਾਂ ਵਿਚ ਸੰਪਰਦਾਇਕ ਤੱਤਾਂ ਦੀ ਭਰਤੀ ਕੀਤੀ ਜਾ ਰਹੀ ਹੈ। ਸਕੂਲੀ ਪਾਠ-ਪੁਸਤਕਾਂ. ਸੰਚਾਰ ਸਾਧਨਾਂ, ਫਿਲਮਾਂ ਅਤੇ ਹੋਰ ਕਲਾ ਪ੍ਰਗਟਾਵਿਆਂ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ। ਇਕ ਲੁਕਵੀਂ ਨੀਤੀ ਨਾਲ ਮੀਡੀਆ ਦਾ ਗਲ਼ਾ ਘੁੱਟਣ ਦੀ ਕੋਸ਼ਿਸ਼ ਹੋ ਰਹੀ ਹੈ। ਇਸ ਸਭ ਕੁਝ ਨੂੰ ਦਰਸਾਉਂਦੀਆਂ ਹਰ ਰੋਜ਼ ਅਨੇਕਾਂ ਘਟਨਾਵਾਂ ਵਾਪਰਦੀਆਂ ਹਨ ਜਿਹਨਾਂ ਦੀ ਸੇਧ ਇਕ ਤਰ੍ਹਾਂ ਨਾਲ ਫਾਸ਼ੀਵਾਦ ਵੱਲ ਹੈ।

ਵਿਚਾਰਾਂ ਦੀ ਪੱਧਰ 'ਤੇ ਸਾਡਾ ਤਾਂ ਮੰਨਣਾ ਹੈ ਕਿ ਮਜ਼ਹਬ ਇਕ ਅਜਿਹੀ ਸੰਸਥਾ ਹੈ ਜੋ ਲੋਕਾਂ ਨੂੰ ਭੁਲਾਂਦਰੇ ਵਿਚ ਤਾਂ ਪਾ ਸਕਦੀ ਹੈ, ਪਰ ਕਲਿਆਣਕਾਰੀ ਬਿਲਕੁਲ ਨਹੀਂ ਹੋ ਸਕਦੀ। ਮਜ਼ਹਬ ਆਪਸੀ ਪਿਆਰ ਨਹੀਂ ਸਗੋਂ ਵੈਰ ਕਰਨਾ ਵਧੇਰੇ ਸਿਖਾਉਂਦਾ ਹੈ। ਇਸ ਲਈ ਲੋਕਾਈ ਦਾ ਕਲਿਆਣ ਮਜ਼ਹਬੀ ਤੰਤਰ ਤੋਂ ਅੰਤਮ ਤੌਰ 'ਤੇ ਮੁਕਤ ਹੋਣ ਵਿਚ ਹੈ। ਪਰ ਕੋਈ ਰਾਜ-ਸੱਤਾ ਕਿਸੇ ਵਿਸੇਸ਼ ਮਜ਼ਹਬੀ ਵਿਸ਼ਵਾਸ ਜਾਂ ਵਿਵਸਥਾ ਨੂੰ ਅੱਗੇ ਵਧਾਉਣ ਦਾ ਵਸੀਲਾ ਬਣੇ, ਇਹ ਤਾਂ ਬਹੁਤ ਹੀ ਖਤਰਨਾਕ ਸਥਿਤੀ ਹੈ। ਬਦਕਿਸਮਤੀ ਨਾਲ ਭਾਰਤ ਦੇ ਨਵੇਂ ਹਮੂਕਤੀ ਪ੍ਰਬੰਧ ਨੇ ਇਸ ਖਤਰੇ ਨੂੰ ਹਕੀਕਤ ਵਿਚ ਪਰਤਾ ਦਿੱਤਾ ਹੈ। ਅਗਲੀਆਂ ਚੋਣਾਂ ਤਕ ਸਰਕਾਰ ਦੀ ਤਬਦੀਲੀ ਦੀ ਉਡੀਕ ਤੇ ਉਮੀਦ ਕਰਨ ਤੋਂ ਪਹਿਲਾਂ ਹੁਣੇ ਹੀ ਇਸ ਖਤਰਨਾਕ ਸਥਿਤੀ ਤੋਂ ਮੁਕਤੀ ਲਈ ਸਾਹਿਤਕਾਰਾਂ, ਕਲਾਕਾਰਾਂ ਤੇ ਬੁੱਧੀਜੀਆਂ ਸਮੇਤ ਫਿਕਰਮੰਦ ਲੋਕਾਂ ਵੱਲੋਂ ਤਕੜੀ ਮੁਹਿੰਮ ਛੇੜੇ ਜਾਣ ਦੀ ਲੋੜ ਹੈ।

-ਰਘਬੀਰ ਸਿੰਘ

ਪ੍ਰਮਿੰਦਰਜੀਤ ਦਾ ਵਿਛੋੜਾ

ਪ੍ਰਮਿੰਦਰਜੀਤ ਸਮਕਾਲੀ ਕਵੀਆਂ ਵਿਚ ਬਹੁਤ ਉੱਚ-ਦੁਮਾਲੀਆ ਸ਼ਾਇਰ ਸੀ। ਬੇਹੱਦ ਸੰਵੇਦਨਸ਼ੀਲ ਤੇ ਅਸਾਧਾਰਨ ਪ੍ਰਤਿਭਾ ਵਾਲਾ ਸ਼ਾਇਰ। ਜਿੰਨਾ ਵਧੀਆ ਸ਼ਾਇਰ ਉਨਾਂ ਹੀ ਨਫੀਸ ਇਨਸਾਨ, ਜਿਸਨੇ ਸਾਰੀ ਉਮਰ ਤੰਗੀਆਂ ਤੁਰਸ਼ੀਆਂ 'ਚੋਂ ਲੰਘਦਿਆਂ ਮਾਨਵਵਾਦੀ ਦਿੱਖ ਵਾਲੇ ਇਕ ਕੁਲਵਕਤੀ ਸਿਰਜਕ ਦਾ ਸਿਰੜ ਨਿਭਾਇਆ। ਉਸਨੂੰ ਸਾਹਿਤ-ਸੰਸਾਰ ਦਾ ਪਿਆਰ ਤਾਂ ਮਿਲਿਆ ਪਰ ਸੱਤਾ ਦੇ ਗਲਿਆਰਿਆਂ ਵਿਚ ਬਣਦੇ ਮਾਣ ਸਤਿਕਾਰ ਤੋਂ ਉਹ ਲਗਪਗ ਵਾਂਝਿਆਂ ਰਿਹਾ। ਮਾਣਯੋਗ ਕਾਵਿ-ਪ੍ਰਾਪਤੀ ਦੇ ਨਾਲ 'ਲੋਅ' ਅਤੇ ਫਿਰ 'ਅੱਖਰ' ਵਰਗੇ ਸਾਹਿਤਕ ਪਰਚਿਆਂ ਦੇ ਸੰਪਾਦਨ ਦੇ ਰੂਪ ਵਿਚ ਇਹ ਫੱਕਰ ਬਹੁਤ ਅਮੀਰ ਸਾਹਿਤਕ ਵਿਰਾਸਤ ਛੱਡ ਗਿਆ ਹੈ। ਪਰਮ ਮਿੱਤਰ, ਸ਼ਾਨਦਾਰ ਮਨੁੱਖ ਤੇ ਕੋਮਲ-ਭਾਵੀ ਸ਼ਾਇਰ ਪ੍ਰਮਿੰਦਰਜੀਤ ਦੀ ਯਾਦ ਨੂੰ ਸਾਡਾ ਸਲਾਮ।

ਛੇ ਨਿੱਕੀਆਂ ਕਵਿਤਾਵਾਂ : ਜਸਵੰਤ ਜ਼ਫਰ

ਚਾਹਤ

ਸਭ ਨੂੰ ਮਿਲਦਾ ਨਵਾਂ ਦਿਨ
ਕੋਰੇ ਸਫੈਦ ਕੈਨਵਸ ਵਰਗਾ
ਜਿਸ ਵਿਚ ਲੋਕੀ ਰੱਬ ਦੇ ਰੰਗ ਭਰਦੇ
ਆਪਣੀ ਜੁਗਤ ਯੋਗਤਾ ਮੂਜਬ
ਹਰੇਕ ਕੋਲ਼ ਹੁੰਦੀ
ਸ਼ਾਮ ਨੂੰ ਵੱਖਰੀ ਵੱਖਰੀ ਤਸਵੀਰ

ਮੈਂ ਰੋਜ਼ ਤੇਰਾ ਹੀ
ਨਵੇਂ ਤੋਂ ਨਵਾਂ ਚਿਤਰ ਚਿਤਰਨਾ ਚਾਹੁੰਨਾਂ
ਵੰਨ ਸੁਵੰਨੀਆਂ ਵਿਧੀਆਂ ਨਾਲ
ਹਰੇਕ ਮੂਡ ਵਿਚ
ਹਰੇਕ ਕੋਨ ਤੋਂ
ਹਰੇਕ ਰੰਗ ਨਾਲ
ਇਸ ਤੋਂ ਪਹਿਲਾਂ ਕਿ
ਮੇਰੇ ਕੈਨਵਸ ਮੁੱਕ ਜਾਣ

ਜੱਫੀ

ਉਹ ਸਦਮੇ ਦੀ ਜਕੜਨ ਵਿਚ ਸੀ
ਪਰ ਸਹਿਜ ਦਿਸਣ ਦਾ ਅਹਿਤਿਆਤ ਪੂਰਾ
ਕਿ ਉਸ ਦੇ ਦੁੱਖ ਦੀ ਓਧਰ ਖਬਰ ਨਾ ਹੋਵੇ

ਪਰ ਸਹਿਜ ਉਚੇਚਾ
ਸਹਿਜ ਕਦ ਹੁੰਦਾ
ਜਿਸ ਨੇ ਸਹਿਜੇ ਚੁਗਲੀ ਕੀਤੀ ਓਧਰ
ਉਸ ਦੇ ਦੁੱਖ ਦੀ
ਮਨ 'ਚੋਂ ਦੁੱਖ ਦੀ ਧਾਰਾ ਗੁਜ਼ਰੀ
ਲੂੰ ਲੂੰ ਪੀੜਤ ਹੋਇਆ ਓਧਰ

ਹੁਣ ਓਧਰ ਕੋਸ਼ਿਸ਼ ਪੂਰੀ
ਕਿ ਇਧਰ ਪਤਾ ਨਾ ਲੱਗੇ
ਉਸ ਦੇ ਦੁੱਖ ਦੀ ਮਿਲੀ ਖਬਰ ਦਾ
ਦੁੱਖ ਹੋਏ ਦਾ

ਦੋਵੇਂ ਹੱਸ ਹੱਸ ਗੱਲਾਂ ਕਰਦੇ
ਬਿਨ ਹਾਸੇ ਵੀ ਹੱਸਦੇ ਉਚੀ ਉਚੀ
ਹੋਏ ਖਾਮੋਸ਼ ਅਚਾਨਕ
ਇਕ ਦੂਏ ਦੀਆਂ ਅੱਖਾਂ ਵਿਚ ਝਾਕੇ
ਅੱਖਾਂ ਝੁਕੀਆਂ ਦੋਵੇਂ ਪਾਸੇ
ਪਿੰਡੇ ਇਕ ਦੂਏ ਨਾਲ ਲਿਪਟੇ
ਹਵਾ ਥੰਮ੍ਹ ਗਈ
ਨਦੀਆਂ ਵਗੀਆਂ
ਸਾਰੀ ਬਰਫ ਦੇ ਪਿਘਲਨ ਤੀਕਰ

ਤੇ ਅਖੀਰ
ਨਾ ਹਾਸਾ ਨਾ ਰੋਣ ਸੀ
ਦੋ ਦਾ ਇਕ ਹੋਣਾ ਸੀ

ਪਹਿਰੇਦਾਰੀ

ਦੋਵੇਂ ਮਰਿਆਦਾ ਦੀ ਨੋਮੈਨਜ਼ ਲੈਂਡ ਦੀ
ਕੰਡਿਆਲੀ ਤਾਰ ਦੇ ਏਸ ਅਤੇ ਓਸ ਪਾਰ
ਨੈਤਿਕਤਾ ਦੀਆਂ ਬੰਦੂਕਾਂ ਫੜੀ
ਬੜੀ ਖਬਰਦਾਰੀ ਨਾਲ
ਲੈਫਟ ਰਾਈਟ ਕਰਦੇ ਰਹੇ
ਤੇ ਜ਼ਿੰਦਗੀ ਦੂਰ ਦੁਮੇਲਾਂ 'ਚ
ਅਵਾਜ਼ਾਂ ਮਾਰਦੀ ਰਹੀ

ਸਤਰੰਗੀ

ਕਹਾਣੀ ਭਾਵੇਂ ਲੰਮੀ ਹੈ
ਪਰ ਵਿਚਲੀ ਗੱਲ ਏਨੀ ਹੈ

ਕਿ ਧੂੜ ਧੁੰਦ ਧੂੰਆਂ ਸੀ
ਹਨੇਰੀ ਦਾ ਹਨੇਰ ਸੀ
ਫਿਰ ਅੱਥਰੂਆਂ ਦੀ ਝੜੀ ਨਾਲ
ਬਹਿ ਗਈ ਸਾਰੀ ਗਰਦੋ ਗੁਬਾਰ
ਤੇ ਨਿਖਰ ਗਿਆ ਅਸਮਾਨ ਆਸ ਵਾਂਗ

ਤੇ ਫਿਰ ਅਚਾਨਕ ਜ਼ਿੰਦਗੀ ਦੇ ਅਸਮਾਨ 'ਤੇ
ਤੇਰੇ ਪਿਆਰ ਦੀ ਸਤਰੰਗੀ ਪੀਂਘ
ਪ੍ਰਗਟ ਹੋ ਗਈ

ਤਾਂਘ

ਹੱਕ ਹੈ
ਪਿਆਸ ਨੂੰ ਪਾਣੀ ਨਾਲ ਮਿਲਣ ਦਾ
ਬੁਲ੍ਹਾਂ ਨੂੰ ਪਿਆਰ ਵਾਲਾ ਚੁੰਮਣ ਹੋਣ ਦਾ

ਆਪਣੀ ਪਿਆਸ ਨੂੰ ਕਹਿ
ਵਧ ਵਧ ਕੇ ਮੈਨੂੰ ਸਮੁੰਦਰ ਕਰ ਲਵੇ
ਆਪਣੀ ਬਰਫ ਨੂੰ ਕਹਿ
ਮੇਰਾ ਨਿੱਘ ਸਵੀਕਾਰ ਕਰੇ
ਤੇਰੇ ਬੂੰਦ ਬੂੰਦ ਪਿਘਲਣ ਤਕ
ਮੇਰਾ ਕਣ ਕਣ ਤੇਰੇ ਵਿਚ ਘੁਲ ਜਾਵੇਗਾ

ਮੈਂ ਤੂੰ ਹੋਣ ਨੂੰ ਤਾਂਘਦਾ
ਤੇ ਤੂੰ ਨੂੰ ਮੈਂ ਕਰਨਾ ਲੋਚਦਾ

ਤੇਰੇ ਬਾਰੇ

ਮੈਂ ਤਾਂ ਆਮ ਜਿਹਾ ਪਾਣੀ ਸਾਂ
ਬੱਸ ਦੇਖਣ ਵਾਲੇ 'ਤੇ ਸਾਂ
ਕਿਸੇ ਨੂੰ ਕੌਲੀ ਗਿਲਾਸ ਦਿਸਦਾ
ਕਿਸੇ ਨੂੰ ਝੀਲ ਜਾਂ ਦਰਿਆ
ਇਹ ਤੇਰੀ ਮਿਹਰ ਦਾ ਅਸਰ
ਜਾਂ ਨਦਰ ਦੀ ਵਿਸ਼ਾਲਤਾ
ਜੋ ਮੈਂ ਸਮੁੰਦਰ ਹੋ ਗਿਆ

ਮੈਂ ਤਾਂ ਪਥਰੀਲਾ ਅਤੇ ਖੁਰਦਰਾ ਜਿਹਾ ਸਾਂ
ਇਹ ਤੇਰੇ ਪੋਟਿਆਂ ਦੀ ਛੂਹ ਦੀ ਬਰਕਤ
ਕਿ ਸਿੱਪੀ 'ਚ ਮੋਤੀ ਪੈ ਗਿਆ

ਮੈਂ ਤਾਂ ਆਪਣੇ ਆਪ ਅੰਦਰ
ਗੁੰਮੀ-ਸੁੰਮੀ ਆਵਾਜ਼ ਸਾਂ
ਇਹ ਤਾਂ ਤੇਰੀ ਮੁਹੱਬਤ ਦਾ ਜਲਵਾ
ਜੋ ਮੈਂ ਹਵਾ ਵਾਂਗ ਫੈਲ ਫੈਲ ਚਾਂਭਲਦਾਂ

ਹਾਂ ਸੱਚ, ਇਕ ਗੱਲ ਹੋਰ ਦੱਸਣੀ ਤੇਰੇ ਬਾਰੇ
ਕਿ ਤੇਰੇ ਪਿਆਰ ਵਿਚ
ਰਣ ਨੂੰ ਰੰਗ ਕਰਨ ਦਾ ਜਾਦੂ ਹੈ □□

[28 ਬਸੰਤ ਵਿਹਾਰ, ਜਵੱਦੀ, ਲੁਧਿਆਣਾ-141 013
jaszafar@yahoo.com, ਫੋਨ 96461-18209]

ਇਕ ਕਵਿਤਾ : ਅਜੀਤ ਪਿਆਸਾ

ਆ ਕਿ
ਪਲਕਾਂ ਦੇ ਖੁਲ੍ਹੇ ਬੂਹੇ
ਦਿਲ ਦੀ ਕੰਧੋਲੀ 'ਤੇ
ਯਾਦਾਂ ਦੀ ਗਾਚਣੀ ਨਾਲ਼
ਦਿਨ ਪੁਰ-ਰਾਤ ਔਂਸੀਆਂ ਪਾਉਂਦੀ ਦਾ
ਕਿਧਰੇ ਯਕੀਨ ਹੀ ਨਾ ਰੁੱਸ ਕੇ ਟੁੱਟ ਜਾਵੇ...

ਆ ਕਿ
ਇਕਲਾਪੇ ਦੇ ਵਿਹੜੇ ਬੈਠੀ
ਉਦਾਸੀ ਦੀਆਂ ਵੰਗਾਂ ਤੋੜ ਤੋੜ ਕੇ
ਪਿਆਰ ਦੇ ਸਵਾਲ ਕੱਢਦੀ
ਭਰਮ ਦੀ ਕੰਜਕ ਦਾ
ਸਭ ਕੁਝ ਹੀ ਨਾ ਲੁਟ ਜਾਵੇ...

ਆ ਕਿ
ਵਕਤ ਦਾ ਚੁਲ੍ਹਾ-ਚੌਂਕਾ ਕਰਨ ਲੱਗਿਆਂ
ਦੁਨੀਆਂਦਾਰੀ 'ਚ ਮਨ ਗੁੰਨ੍ਹਦੇ ਗੁੰਨ੍ਹਦੇ
ਮਰ ਜਾਣੀ ਦੇ ਹੱਥੋਂ
ਇਹ ਸਬਰ ਹੀ ਨਾ ਛੁੱਟ ਜਾਵੇ...

ਆ ਕਿ
ਤੋਤਲੀ ਉਮਰੇ
ਸੁਪਨਿਆਂ ਦੇ ਪਰਿੰਦੇ
ਸਾਹਾਂ ਦੇ ਆਲ੍ਹਣੇ ਨੂੰ
ਕਹਿ ਜਾਣ ਨਾ ਅਲਵਿਦਾ
ਤੇ ਜੰਗਲ-ਬੇਲੀਂ ਭਟਕਦੀ ਫਿਰੇ ਹਵਾ...

ਆ ਕਿ
ਜ਼ਿੰਦਗੀ ਬਾਤ ਦੀ ਮੁਹਤਾਜ ਹੈ
ਆ ਕਿ
ਬਾਤ ਹੁੰਗਾਰੇ ਨਾਲ ਹੀ ਜਾਂਦੀ ਹੈ ਸਿਰਜੀ
ਆ ਕਿ
ਕੁਝ ਨਾ ਕੁਝ ਸਿਰਜਦੀਆਂ
ਰੂਹਾਂ ਦੇ ਹੀ ਘਰ ਵਸਦੇ
ਆ ਕਿ
ਗੀਤਾਂ ਦਾ ਬਨਵਾਸ ਮੁੱਕੇ...❑❑

[936 ਕੱਚਾ ਕਿਲ੍ਹਾ, ਜਗਰਾਵਾਂ ਫੋਨ: 94177-87238]

ਦੋ ਕਵਿਤਾਵਾਂ : ਰਵਿੰਦਰ ਰਵੀ

ਮੇਰਾ ਪਿਰਾਮਿਡ

ਮੈਂ ਵੀ ਆਪਣਾ ਪਿਰਾਮਿਡ[1]
ਬਣਾ ਦਿੱਤਾ ਹੈ
ਮਰਨ ਤੋਂ ਪਹਿਲਾਂ ਹੀ ਜੀਵਨ ਨੂੰ
ਅਮਰਤਾ ਦੇ ਰਾਹ ਪਾ ਦਿੱਤਾ ਹੈ।

ਮਿਸਰ ਦੇ ਫੈਰੋ[2] ਮੌਤ ਦੇ ਗਿਆਤਾ ਸਨ
ਸਰੀਰਾਂ ਤੋਂ ਮੰਮੀਆਂ[3] ਬਣੇ
ਉਹ ਅੱਜ ਵੀ
ਹਜ਼ਾਰਾਂ ਸਾਲ ਬਾਅਦ
ਦੂਜਾ ਜੀਵਨ ਲੋਚਦੇ ਹਨ।

ਪਿਰਾਮਿਡ-ਕਲਾ ਹੀ
ਅਮਰਤਾ ਦੇ ਆਰ ਪਾਰ ਵਿਚਰਦੀ
ਦੂਜੀ ਜ਼ਿੰਦਗੀ ਹੈ।

ਮੈਂ ਰਾਜਾ ਨਹੀਂ, ਕਵੀ ਹਾਂ
ਸ਼ਬਦ 'ਚੋਂ ਫੁੱਲ ਖਿੜਾ ਸਕਦਾ ਹਾਂ
ਹਵਾ ਨੂੰ ਮਹਿਕਣਾ ਸਿਖਾ ਸਕਦਾ ਹਾਂ
ਛਿਣ ਦੇ ਸੱਚ ਨੂੰ
"ਆਦਿ ਸੱਚ", "ਜੁਗਾਦਿ ਸੱਚ"
ਬਣਾ ਸਕਦਾ ਹਾਂ।

"ਸੂਰਜ" ਨੂੰ "ਰੌਸ਼ਨੀ" ਦੇ ਅਰਥ
ਮੈਂ ਹੀ ਦਿੱਤੇ ਹਨ
"ਰੱਬ" ਨੂੰ ਵੀ "ਰੱਬ" ਮੈਂ ਹੀ ਬਣਾਇਆ ਸੀ।

ਗਿਆਨ ਤੇ ਅਗਿਆਨ ਦੀ ਜੰਗ ਵਿਚ
ਭੁੱਲ ਤੇ ਪਹਿਚਾਣ ਦੀ ਜੰਗ ਵਿਚ
ਮੈਂ ਵਿਕਾਸ ਵਾਂਗ ਵਿਚਰਿਆ ਹਾਂ।

ਬਰਕੀ[4] ਰਿਣ[5] ਧਨ[6] ਦੇ ਮਿਲਾਪ 'ਚੋਂ
ਇਕ ਨਵਾਂ ਨੂਰ ਬਣ ਚਮਕਿਆ ਹਾਂ।

ਪਰਬਤ, ਸਾਗਰ, ਨਦੀਆਂ, ਝੀਲਾਂ

ਅੰਬਰ, ਪੰਖੀ, ਚੰਨ, ਨਖਯਤਰ
ਸਭ ਦਿਸਦਾ, ਅਣਦਿਸਦਾ
ਕਲਪਨਾ ਤੇ ਗਿਆਨ ਦੇ ਸੁਮੇਲ 'ਚੋਂ
ਮੈਂ, ਸ਼ਬਦ ਵਿਚ ਉਤਾਰ ਲਿਆ ਹੈ।

ਮੇਰੇ ਸ਼ਬਦ ਮੁਰਦਾ ਨਹੀਂ
ਇਨ੍ਹਾਂ ਵਿਚ ਮੇਰੇ ਨੈਣ ਨਕਸ਼
ਜਨੈਟਿਕ[7] ਉਂਗਲੀ-ਨਿਸ਼ਾਨ
ਹਾਵਾਂ, ਭਾਵਾਂ, ਅਰਥਾਂ ਦੇ ਪਛਾਣ-ਚਿੰਨ੍ਹ
ਸਾਹ ਲੈਂਦੇ ਹਨ।

ਮਨੁੱਖ ਸ਼ਬਦ ਹੀ ਤਾਂ ਹੈ!
ਮੈਂ ਆਪਣੇ ਸ਼ਬਦ ਤੇ ਪਛਾਣ-ਚਿੰਨ੍ਹ
ਸਾਈਬਰ-ਸਪੇਸ[8] ਵਿਚ ਧਰ ਦਿੱਤੇ ਹਨ
ਆਪਣੇ ਬਲੌਗ[9], ਆਪਣੇ ਵੈੱਬ-ਸਾਈਟ[10] ਵਿਚ
ਅਨਿਕ ਸੂਰਜ ਰੌਸ਼ਨ ਕਰ ਦਿੱਤੇ ਹਨ।

ਮੇਰੇ ਸ਼ਬਦ, ਮੁਰਦਾ ਮੰਮੀਆਂ ਨਹੀਂ
ਜਗਦੀ, ਦਗਦੀ ਤੇ ਮਘਦੀ ਹਕੀਕਤ ਹਨ।

ਮੈਂ ਮਿਸਰ ਦਾ ਰਾਜਾ ਨਹੀਂ
ਕਲਮ ਤੇ ਸ਼ਬਦ ਦਾ ਕਿਰਤੀ ਹਾਂ
ਮੇਰਾ ਬਲੌਗ
ਮੇਰਾ ਵੈੱਬ-ਸਾਈਟ ਹੀ
ਮੇਰਾ ਪਿਰਾਮਿਡ ਹੈ!!!

1. ਪਿਰਾਮਿਡ Pyramid, 2. ਫੈਰੋ Pharaoh, ਪਰਾਚੀਨ ਕਾਲ ਦਾ ਮਿਸਰੀ ਰਾਜਾ, 3.ਮੰਮੀਆਂ Mummies, 4. ਬਰਕੀ Electricity, 5. ਰਿਣ Negative, 6. ਧਨ Positive, 7. ਜਨੈਟਿਕ ਉਂਗਲੀ-ਨਿਸ਼ਾਨ Genetic Finger Print, 8. ਸਾਈਬਰ-ਸਪੇਸ Cyber-space, 9. ਬਲੌਗ Blog, 10. ਵੈੱਬ-ਸਾਈਟ Web-site

ਨਾ ਅਸੀਂ ਸੱਜੇ, ਨਾ ਅਸੀਂ ਖੱਬੇ

ਨਾ ਅਸੀਂ ਸੱਜੇ, ਨਾ ਅਸੀਂ ਖੱਬੇ
ਮੱਧ-ਮਾਰਗ ਨਾ ਭਾਵੇ
ਸਾਡੇ ਅੰਦਰ ਜੋਤ ਅਨੂਠੀ
ਮਾਰਗ ਆਪ ਬਣਾਵੇ।

ਸੂਰਜ ਨੂੰ ਹੈ ਕਹਿੰਦਾ ਕਿਹੜਾ:
ਕਿੰਝ ਡੁੱਬਣਾ, ਕਿੰਝ ਚੜ੍ਹਨਾ?
ਕਿੱਥੇ ਧੁੱਪ ਤੇ ਕਿੱਥੇ 'ਲੁਕ-ਛੁਪ'?

ਕਿੱਥੇ ਤੁਰਨਾ, ਖੜ੍ਹਨਾ?
ਸੂਰਜ ਤਾਂ ਇਕ ਥਿਰ ਸੱਚਾਈ
ਸਭ ਨੂੰ ਹੀ ਰੁਸ਼ਨਾਵੇ!

ਸੋਮਿਓਂ ਨਿਕਲ ਕੇ ਵਗ ਤੁਰਦੇ ਨੇ
ਦਰਿਆਵਾਂ ਦੇ ਪਾਣੀ
ਆਪਣਾ ਰਸਤਾ ਆਪ ਬਣਾਉਂਦੇ
ਲਿਖਦੇ ਆਪ-ਕਹਾਣੀ
ਵਣ, ਤ੍ਰਿਣ, ਫੁੱਲ ਪ੍ਰਕਿਰਤੀ ਦੇ ਵਿਚ
ਜਲ ਦਾ ਰੂਪ ਸੁਹਾਵੇ।

ਸਾਡੇ ਅੰਦਰੋਂ ਸਾਗਰ ਉੱਛਲੇ
ਬਣ ਘਨਘੋਰ ਘਟਾਵਾਂ
ਸਾਡੇ ਅੰਦਰੋਂ ਬਿਜਲੀ ਲਿਸ਼ਕੇ
ਬਿਜਲੀ ਦੀਆਂ ਅਦਾਵਾਂ
ਪਾਣੀ ਦੇ ਵਿਚ ਬਿਜਲੀ ਬਣ ਰੁੱਤ
ਸਾਡੇ 'ਤੇ ਚੜ੍ਹ ਜਾਵੇ।

ਮੂੰਹ-ਜ਼ੋਰ ਤੇ ਅੱਥਰੀਆਂ ਵੀ ਹਨ
ਵਗਦੀਆਂ ਆਪ ਹਵਾਵਾਂ
ਚਿੰਤਨ ਅਤੇ ਨਿਯੰਤਰਨ ਆਪਣਾ
ਆਪਣੀਆਂ ਸਗਲ ਦਿਸ਼ਾਵਾਂ
ਜੰਤਰ ਮੰਤਰ ਐਸਾ ਨਹੀਂ, ਜੁ
'ਵਾ ਨੂੰ ਪਕੜ ਬਿਠਾਵੇ!!!

ਨਾ ਅਸੀਂ ਸੱਜੇ, ਨਾ ਅਸੀਂ ਖੱਬੇ
ਮੱਧ-ਮਾਰਗ ਨਾ ਭਾਵੇ
ਸਾਡੇ ਅੰਦਰ ਜੋਤ ਅਨੂਠੀ
ਮਾਰਗ ਆਪ ਬਣਾਵੇ। ❑❑

[116–3530, Kalum Street, Terrace, B.C., Canada V8G 2P2]

ਬੁੱਧ : ਦੋ ਕਵਿਤਾਵਾਂ : ਹਰਕੰਵਲਜੀਤ ਸਾਹਿਲ

...ਪਰਤੇਗਾ

ਮੈ ਵੀ ਤੁਰ ਪਿਆ ਸੀ
ਸੰਸਾਰ 'ਚੋਂ ਦੁੱਖਾਂ ਦਾ ਖਾਤਮਾ ਲੱਭਣ
ਜਾਪਿਆ - ਨਵੇਂ ਜ਼ਮਾਨੇ 'ਚ
ਨਵੇਂ ਬੁੱਧਤਵ ਦੀ ਲੋੜ ਹੈ

'ਪੁਰਾਣਾ' ਤਾਂ ਅਬੁੱਧਾਂ ਨੇ ਹੀ ਹਰ ਲਿਆ

ਪਰ ਰਾਹ 'ਚ
ਨਵੇਂ ਜ਼ਮਾਨੇਂ ਦੇ ਇਨਕਲਾਬੀ ਮਿਲ ਪਏ
ਕਹਿੰਦੇ - ਸਭ ਦੁੱਖ ਦੂਰ ਹੋ ਜਾਣੇ ਨੇ
ਕਰ ਦੇਣੇ ਨੇ
ਪਤਾ ਲੱਗਾ ਢਿੱਡ ਦੀ ਭੁੱਖ ਨਾਲ ਹੀ
ਸਭ ਦੁੱਖ ਬੱਝੇ ਸਮਝਦੇ ਹਨ, ਉਹ ..
ਭੁੱਖਾਂ ਹੋਰ ਹੋਰ, ਦੁੱਖ ਹੋਰ ਹੋਰ ਤੇ ਪਰ੍ਹੇ ਪਰ੍ਹੇ

ਜੁਟੇ ਜੁੜੇ ਸਾਥੀ ਕੱਲੇ ਕੱਲੇ ਹੋ ਗਏ
ਹਉਮੈ...'ਪਰਸਨੈਲਟੀ ਕਲੈਸ਼ਜ਼'...ਜਾਤ ਪਾਤ ਤੇ ...ਮਾਰ
ਥੋੜ੍ਹੇ ਯੋਧਿਆਂ ਨੂੰ ਛੱਡ
ਬਹੁਤੇ ਮਾਰ-ਦੇਵਤਾ ਤੋਂ 'ਡਰ' ਗਏ
ਪਰ ਅਜੇ ਵੀ ਧੜਕ ਰਹੀ
ਮੇਰੇ ਰਾਹਾਂ ਦੀ ਪਦ-ਚਾਪ, ਚੁੱਪ-ਚਾਪ
ਧਰਤ ਆਗਾਸ ਪਾਤਾਲ
ਅਨੰਤ ਨਿਰੰਤਰ...!

ਬੋਧ ਬ੍ਰਿਛ

ਬਹੁਤ ਵਾਰੀ ਹਾਰਿਆ ਹਾਂ-

ਉਹ ਮੇਰੀਆਂ ਪਹਿਲੀਆਂ ਹਾਰਾਂ 'ਚੋਂ ਇਕ ਸੀ
ਜਦ ਬਚਪਨ 'ਚ ਸੜਕ ਕਿਨਾਰੇ ਰੋੜੀ ਕੁੱਟਦੀ
ਸਾਂਵਲੇ ਰੰਗ ਦੀ ਇਕ ਕੁੜੀ ਦੇਖੀ ਸੀ
ਬੱਚਾ - ਰੁੱਖਾਂ ਦੇ ਤਣੇ 'ਨਾ ਬੰਨੀ ਚੁੰਨੀ ਦੇ ਝੂਲੇ 'ਚ
ਬੇਲਦਾਰ ਦੀ ਖਰ੍ਹਵੀ ਬੋਲੀ
ਤੇ 'ਹੋਰ' ਹੀ ਤਰ੍ਹਾਂ ਦੀ ਤੱਕਣੀ
ਬੜੀ ਸੁਹਣੀ ਸੀ ਉਹ
ਗਹਿਰ ਕਾਲੀਆਂ ਅੱਖਾਂ
ਗੋਲ ਕੁਝ 'ਚੌੜਾ' ਚਿਹਰਾ

ਕਿਉਂ ਹੈ ਇੰਝ...!
ਮੱਥਾ ਟੇਕਣ ਗਏ ਨੇ ਉਸ ਲਈ
ਅਰਦਾਸ ਕੀਤੀ ਸੀ
'ਰੱਬਾ ਉਸਨੂੰ ਸੁਖ ਦੇਵੀਂ

ਫਿਰ ਹੋਰ ਵੀ ਦੇਖੀਆਂ ਹਾਰਾਂ ਦਰ ਹਾਰਾਂ...
ਅਰਦਾਸ ਤਾਂ ਨਾ ਕਰਦਾ ਹੁਣ

ਅੰਤਰ 'ਚ ਰਿੜਕਣ ਲੱਗਾ ਰਹਿੰਦਾ

ਜੰਗਲ ਨਾ ਗਿਆ, ਰਿਹਾ ਰਾਜ ਵਿਚ ਹੀ
'ਕਿਉਂ' ਦੀ ਨਜ਼ਰ
ਜ਼ਰਾ ਕੁ ਤਿਰਸ਼ੀ ਕੀ ਹੋਈ !
ਸਾਰਾ ਰਾਜ ਹੀ ਜੰਗਲ ਦਿਖਣ ਲੱਗਾ
ਧਰਤੀ ਤੇ ਭੰਵਿਆ
ਹੋਰ ਪਿਆ 'ਰਿੜਕਣੇ'

'ਸਾਥੀ' ਵੀ ਮਿਲੇ
ਪਰ ਬਹੁਤੇ ਸਾਥੀ ਨਹੀਂ ਸਨ
'ਮਾਨਵ' ਵੀ ਨਹੀ
ਉਸੇ ਜੰਗਲ ਦਾ ਇਕ ਹਿੱਸਾ
ਜੱਟ ਬ੍ਰਾਹਮਣ ਖੱਤਰੀ ਤੇ
ਹੋਰ ਵੀ ਬੜ੍ਹਾ ਕੁਝ
ਮੰਜ਼ਲ ਮਕਸੂਦ ਤੋਂ ਪਹਿਲਾਂ ...

ਸਮਾਂ ਲੰਘ ਚੁੱਕਾ ਸੀ

ਅਸਲੀ ਜੰਗਲ ਅੰਤਰ 'ਚ ਉਸਰ ਆਇਆ
ਜਿਸ 'ਚ 'ਬੈਠਾ' 'ਸ਼ਾਂਤ' ਸਮਾਧੀ 'ਚ ਭਟਕਾਂ...
'ਅਟਕਾਂ'...ਵੀ ਕਦੇ ਕਦੇ
ਆਪਣੇ ਹਿੱਸੇ ਦੇ ਬੋਧ ਬ੍ਰਿਛ ਦੀ ਭਾਲ ਵਿਚ ...❑❑

[136 Dover Tree Place SE Calgary AB Canada T2B 2K3]

ਲੰਬੀ ਕਵਿਤਾ ਯਸ਼ੋਧਰਾ 'ਚੋਂ : ਇੰਦਰਜੀਤ ਨੰਦਨ

(ਵੈਸਾਖ ਪੂਰਨਿਮਾ 528 ਬੀ.ਸੀ.)

ਉਮਰ ਦੇ 35 ਵਰ੍ਹੇ ਬੀਤ ਗਏ ਨੇ
ਯਸ਼ੋਧਰਾ ਦੇ ਵਾਲਾਂ 'ਚ
ਚਾਂਦੀ ਦੀਆਂ ਤਾਰਾਂ
ਚਮਕਣ ਲੱਗ ਪਈਆਂ ਨੇ
ਹਾਰ-ਸ਼ਿੰਗਾਰ ਤਾਂ
ਕਦੋਂ ਦਾ ਚੇਤਿਆਂ 'ਚੋਂ
ਵਿਸਰ ਗਿਆ ਹੈ
ਚਾਂਦੀ ਰੰਗੇ ਵਾਲਾਂ ਨੂੰ
ਕਈ ਵਾਰ ਪਲੋਸਿਆ ਹੈ
ਕਿ ਉਮਰ ਦਾ ਅਹਿਸਾਸ

ਮਨ ਤੀਕ ਲੱਥ ਜਾਵੇ...

ਅੱਜ ਮਨ ਗਹਿਰਾਈਆਂ ਤੋਂ
ਕਿਸੇ ਅਲੱਗ ਅਵਸਥਾ 'ਚ
ਵਿਚਰ ਰਿਹਾ ਏ
ਅੰਦਰ ਹੀ ਅੰਦਰ
ਕੋਈ ਵਿਸਮਾਦੀ ਧੁਨ ਵੀ ਛਿੜਦੀ ਹੈ
ਜਿਉਂ ਕਿਸੇ
ਮਨ ਦੀਆਂ ਤਾਰਾਂ ਨੂੰ ਛੇੜਿਆ ਹੋਵੇ
ਤਾਂ ਸਾਰੇ ਮਾਨ ਸਰੋਵਰ 'ਚ
ਆਨੰਦ ਦੀਆਂ ਤਰੰਗਾਂ
ਤੈਰਨ ਲਗਦੀਆਂ ਹਨ...

ਅੱਜ ਵੈਸਾਖ ਪੂਰਨਿਮਾ ਨੂੰ
ਚੰਦ 'ਚ ਵੀ ਅਲੌਕਿਕ ਚਮਕ ਹੈ
ਚਾਨਣੀ ਜਿਉਂ ਹਰ ਪਾਸੇ
ਧਰਤੀ ਦੀਆਂ ਗੁਫ਼ਾਵਾਂ
ਕੰਦਰਾਂ ਤੀਕ ਵੀ
ਆਪਣਾ ਚਾਨਣ ਫੈਲਾਉਣਾ ਚਾਹੁੰਦੀ ਹੋਏ
ਕਾਇਨਾਤ ਦੇ ਰੋਮ ਰੋਮ 'ਚ
ਸਮਾਉਣਾ ਚਾਹੁੰਦੀ ਹੋਏ...
ਪੱਤੇ ਚਾਨਣੀ 'ਚ ਨਾਚ੍ਹੇ
ਜਿਉਂ ਰੌਸ਼ਨ ਰੌਸ਼ਨ ਹੋ ਗਏ ਹੋਣ
ਤਾਰੇ ਵੀ ਜਿਉਂ ਸਕੂਨ 'ਚ ਹੋਣ
ਚੱਪੇ ਚੱਪੇ 'ਤੇ ਜਿਉਂ
ਚਾਨਣ ਹੀ ਫੈਲ ਗਿਆ ਹੋਏ...

ਯਸ਼ੋਧਰਾ
ਪਰਛਾਵਾਂ ਤੱਕਦੀ ਹੈ
ਤਾਂ ਚਾਂਦੀ ਰੰਗਾ ਜਿਸਮ
ਨਜ਼ਰੀਂ ਆਉਂਦਾ ਹੈ
ਏਨਾ ਉੱਜਲਾ ਪਰਛਾਵਾਂ ਤਾਂ
ਉਸ ਕਦੇ ਨਹੀਂ ਸੀ ਤੱਕਿਆ
ਚਾਨਣ ਜਿਉਂ ਉਸਦੀ
ਪਰਿਕਰਮਾ ਕਰਨਾ ਲੋਚਦਾ ਹੋਏ
ਜਿਉਂ ਉਸਦੇ ਬਾਰੇ ਹੀ ਸੋਚਦਾ ਹੋਏ...
ਚੰਨ ਹੈ ਕਿ

ਉਸਦੇ ਆਸ ਪਾਸ ਹੈ
ਉਸਦੇ ਆਗੋਸ਼ 'ਚ
ਉਸਦੇ ਮੱਥੇ 'ਚ
ਉਸਦੀਆਂ ਬਾਹਾਂ 'ਚ
ਉਸਦੀਆਂ ਸੋਚਾਂ 'ਚ
ਜਾਂ ਉਸਦੇ ਰਾਹਾਂ 'ਚ
ਹਰ ਥਾਂ ਚੰਨ ਹੀ ਚੰਨ
ਤੇ ਚਾਨਣ ਹੀ ਚਾਨਣ....

ਯਸ਼ੋਧਰਾ
ਕਿਸੇ ਵਿਸਮਾਦੀ ਆਨੰਦ ਨਾਲ
ਭਰ ਗਈ ਹੈ
ਆਤਮਾ ਜਿਉਂ ਤ੍ਰਿਪਤ ਹੋ ਗਈ ਹੈ
ਆਭਾ ਮੰਡਲ ਚਮਕ ਉੱਠਿਆ ਹੈ
ਅੰਦਰੋਂ ਕਿਸੇ ਗਹਿਰੀ ਸ਼ਾਂਤੀ ਨਾਲ
ਭਰ ਗਈ ਹੈ ਉਹ
ਬਹੁਤ ਗਹਿਰਾ ਅੰਤਰੀਵ ਤੋਂ
ਬ੍ਰਹਿਮੰਡ 'ਚ ਲੱਥ ਗਈ ਹੈ ਉਹ...
ਸਭ ਕੁਝ ਜਿਉਂ
ਉਸਦਾ ਹੀ ਅੰਸ਼ ਹੋ ਗਿਆ ਹੈ
ਤੇ ਉਹ ਹਰ ਸ਼ੈਅ ਦਾ
ਪੂਰੀ ਕੁਦਰਤ ਦਾ
ਕਾਇਨਾਤ ਦਾ ਅੰਸ਼ ਹੋ ਗਈ ਹੈ...
ਅੰਤਾਂ ਦੀ ਆਤਮਿਕ ਸ਼ਾਂਤੀ 'ਚ ਡੁੱਬੀ ਉਹ
ਆਨੰਦ ਦੀ ਚਰਮ ਸੀਮਾ ਤੀਕ
ਪੁੱਜ ਗਈ ਹੈ
ਜਿੱਥੇ ਉਹ ਖੁਦ ਹੀ
ਕਿਣਕੇ ਤੋਂ ਬ੍ਰਹਿਮੰਡ ਹੋ ਗਈ ਹੈ...

ਜਿਸਮ ਦਾ ਕਣ ਕਣ
ਅੱਖਾਂ ਅੱਗੇ ਰੂਪਮਾਨ ਹੋ ਗਿਆ ਹੈ
ਵਾਲ਼ਾਂ ਤੋਂ ਲੈ ਕੇ ਨਹੁੰਆਂ ਤੀਕ
ਰੋਮ ਰੋਮ ਵਿਸਮਾਦ ਚ ਭਿੱਜ ਗਿਆ ਹੈ...
*ਹੇ ਪ੍ਰੀਤਮ! ਹੇ ਪ੍ਰਭੂ!
ਹੇ ਰਿਖੀਵਰ!
ਹੇ ਪਤੀਵਰ!
ਅੱਜ ਵਰ੍ਹਿਆਂ ਦੇ ਬਾਅਦ

ਇਹ ਕੈਸੀ ਘੜੀ ਹੈ
ਕਿ ਨਾ ਵਸਲ ਦਾ ਪਤਾ ਹੈ
ਨਾ ਵਿਯੋਗ ਦਾ ਥਹੁ ਹੈ
ਬਸ ਤੂੰ ਹੀ ਤੂੰ ਹੈ...

ਮੇਰੇ ਆਸ ਪਾਸ ਚਾਨਣ ਚਾਨਣ ਹੋਇਓਂ
ਤੂੰ ਮੇਰਾ ਅੰਦਰ ਬਾਹਰ
ਰੌਸ਼ਨ ਰੌਸ਼ਨ ਕਰ ਦਿੱਤਾ ਹੈ
ਹੇ ਪ੍ਰੀਤਮ! ਇਹ ਕੈਸੀ ਅਨੁਭੂਤੀ ਹੈ
ਜੋ ਸ਼ਬਦਾਂ ਤੋਂ ਪਾਰ ਹੈ
ਇਹ ਕੈਸਾ ਅਲੋਕਾਰ ਹੈ
ਚਮਤਕਾਰ ਹੈ
ਕਿ ਮੈਂ ਚਾਨਣ ਚਾਨਣ ਹੋ ਗਈ ਹਾਂ...

ਅੱਜ ਹੀ ਉਹ ਦਿਨ ਹੈ
ਜਿਸ ਦਿਨ ਤੂੰ ਤੇ ਮੈਂ
ਇਸ ਦੁਨੀਆ 'ਚ
ਪਹਿਲੀ ਵਾਰ ਨਜ਼ਰਾਂ ਖੋਲ੍ਹੀਆਂ ਸਨ...
ਪ੍ਰੀਤਮ ਅੱਜ 35 ਵਰ੍ਹਿਆਂ ਬਾਅਦ
ਇਸੇ ਦਿਨ
ਮੈਂ ਤੇਰੇ ਦੈਵੀ ਪ੍ਰਕਾਸ਼ ਦੀ
ਇਸ ਆਬਸ਼ਾਰ 'ਚ ਭਿੱਜੀ
ਤੈਨੂੰ ਦੇਖ ਰਹੀ ਹਾਂ
ਜਿਉਂ ਤੇਰੇ ਹੀ ਸੰਗ ਜੀਅ ਰਹੀ ਹਾਂ...

ਮੇਰੀ ਇਹ ਅਨੁਭੂਤੀ
ਤੇਰੇ ਸੱਚ ਨੂੰ ਪਾਉਣ ਦੀ ਖੋਜ ਦਾ
ਸ਼ਾਇਦ ਉਹ ਪਲ ਹੈ
ਉਹ ਘੜੀ ਹੈ, ਉਹ ਛਿਣ ਹੈ
ਜਿੱਥੇ ਮੈਂ
ਤੈਥੋਂ ਕੋਸਾਂ ਦੂਰ ਹੋ ਕੇ ਵੀ
ਇਸ ਪਹਿਰ ਦੀ
ਸਾਕਸ਼ੀ ਬਣ ਖੜ੍ਹੀ ਹਾਂ
ਪ੍ਰੀਤਮ!❑❑

[ਗਲੀ ਨੰ: 2, ਨਿਊ ਕਾਲੋਨੀ ਬਜਵਾੜਾ, ਨੇੜੇ ਰਾਧਾ ਸੁਆਮੀ ਸਤਿਸੰਗ ਭਵਨ, ਊਨਾ ਰੋਡ, ਹੁਸ਼ਿਆਪੁਰ – 146 023]

ਐਵੇਂ ਜਿਹੀ ਗੱਲ : ਕਹਾਣੀ : ਦਰਸ਼ਨ ਸਿੰਘ

ਐਵੇਂ ਜਿਹੀ ਗੱਲ ਏ। ਐਵੇਂ ਹੀ ਯਾਦ ਆ ਗਈ ਏ। ਆਈ ਓਦੋਂ ਏ, ਜਦੋਂ ਮੈਂ ਆਪਣੀ ਦਿੱਲੀ ਦੇ ਲੋਕ ਨਾਇਕ ਹਸਪਤਾਲ ਅੱਗੋਂ ਲੰਘ ਰਿਹਾ ਸਾਂ। ਉਹੀਉ, ਜਿਹਨੂੰ ਓਦੋਂ ਇਰਵਿਨ ਹਸਪਤਾਲ ਕਹਿੰਦੇ ਸਨ। ਪੁੱਛੋ ਉੱਥੇ ਕੀ ਕਰਨ ਗਿਆ ਸਾਂ। ਮੈਂ ਤਾਂ ਓਥੋਂ ਕੋਹਾਂ ਦੂਰ ਰਾਜੌਰੀ ਗਾਰਡਨ ਰਹਿੰਦਾ ਹਾਂ। ਚਲੋ, ਇਹ ਵੀ ਦੱਸ ਦੇਨਾਂ। ਮੈਂ ਓਥੋਂ ਦਰਿਆ ਗੰਜ ਜਾਂਦਾ ਲੰਘ ਰਿਹਾ ਸਾਂ। ਹੋਮਿਓਪੈਥੀ ਦੀਆਂ ਦਵਾਈਆਂ ਲੈਣ ਗਿਆ ਸਾਂ, ਜਿਹੜੀਆਂ ਦਰਿਆ ਗੰਜ ਦੀ ਹੋਮਿਓਪੈਥੀ ਮਾਰਕੀਟ ਤੋਂ ਹੀ ਮਿਲ ਸਕਦੀਆਂ ਸਨ। ਪੁੱਛੋ, ਦਵਾਈਆਂ ਕੀ ਕਰਨੀਆਂ ਸਨ? ਦੱਸਨਾਂ ਇਹ ਵੀ। ਹੋਇਆ ਇਹ ਕਿ ਮੈਨੂੰ ਘਰ ਦੇ ਇਕ ਕਮਰੇ ਤੋਂ ਦੂਜੇ ਕਮਰੇ 'ਚ ਗਏ ਨੂੰ ਇਹ ਭੁੱਲ ਗਿਆ ਕਿ ਮੈਂ ਓਥੇ ਕੀ ਲੈਣ ਆਇਆ ਸਾਂ। ਮੈਨੂੰ ਫ਼ਿਕਰ ਲੱਗ ਪਿਆ, ਐਵੇਂ ਮੇਰਾ ਚੇਤਾ ਹੀ ਨਾ ਚਲਾ ਜਾਵੇ। ਅਖੀਰ ਸਿਆਣੀ ਉਮਰ ਏ। ਅੱਸੀਆਂ 'ਚ ਪੈਰ ਧਰ ਰਿਹਾ ਸਾਂ। ਚੇਤਾ ਜਾ ਤਾਂ ਸਕਦਾ ਸੀ। ਅਲਜ਼ੇਮਰ ਹੋ ਸਕਦੈ ਮੈਨੂੰ। ਮੈਂ ਡਾਕਟਰ ਕੋਲ ਗਿਆ। ਆਪਣੀ ਹੋਮਿਓਪੈਥ ਕੋਲ। ਐਲੋਪੈਥ ਮੈਨੂੰ ਨਹੀਂ ਸੁਖਾਂਦੇ। ਹੋਮਿਓਪੈਥ ਨੇ ਮੇਰੀ ਵਿਥਿਆ ਸੁਣ ਕੇ ਮੈਨੂੰ ਦੋ ਦਵਾਈਆਂ ਲਿਖ ਦਿੱਤੀਆਂ ਤੇ ਕਿਹਾ ਕਿ ਇਹ ਕਿਸੇ ਐਵੇਂ ਕੈਵੇਂ ਦੁਕਾਨ ਤੋਂ ਨਹੀਂ ਮਿਲਣਗੀਆਂ। ਦਰਿਆ ਗੰਜ, ਹੋਮਿਓਪੈਥੀ ਮਾਰਕਿਟ ਜਾਣਾ ਪਵੇਗਾ। ਸੋ ਮੈਂ, ਆਪਣੇ ਏਸੇ ਫ਼ਿਕਰਾਂ 'ਚ ਫਾਥਾ, ਓਸ ਮਾਰਕਿਟ ਵੱਲ ਨੂੰ ਜਾ ਰਿਹਾ ਸਾਂ ਤੇ ਮੈਨੂੰ ਇਹ ਐਵੇਂ ਜਿਹੀ ਗੱਲ ਯਾਦ ਆ ਗਈ।

ਵੇਖੋ, ਤੁਹਾਨੂੰ ਮੈਂ ਐਵੇਂ ਹੀ ਗੱਲੀਂ ਲਾ ਲਿਐ। ਖੈਰ, ਜੇ ਲਾ ਹੀ ਲਿਐ ਤਾਂ ਦੱਸਣਾ ਵੀ ਬਣਦਾ ਏ ਕਿ ਅਖੀਰ ਇਹ ਐਵੇਂ ਜਿਹੀ ਗੱਲ ਹੈ ਕੀ ਏ।

ਸੁਣੋ। ਬਹੁਤ ਪਿੱਛੇ ਜਾਣਾ ਪਵੇਗਾ। ਪਿਛਲੀ ਸਦੀ ਦੇ ਪੰਜਵੇਂ ਦਹਾਕੇ ਦੇ ਅੱਧ ਸਮੇਂ। ਮੈਂ ਕਨਾਟ ਪਲੇਸ ਕਿਸੇ ਦਫ਼ਤਰ ਲੱਗਾ ਹੋਇਆ ਸਾਂ। ਚੰਗੀ ਪੁਜ਼ੀਸ਼ਨ ਸੀ। ਰਹਿੰਦੇ ਅਸੀਂ ਈਸਟ ਪਟੇਲ ਨਗਰ ਤੋਂ ਉਰਲੇ ਪਾਸੇ, ਵੱਡੀ ਸੜਕੋਂ ਨੇੜੇ, ਇਕ ਘਰ 'ਚ ਸਾਂ। ਮੇਰਾ ਨਵਾਂ ਨਵਾਂ ਵਿਆਹ ਹੋਇਆ ਸੀ। ਵਹੁਟੀ ਬੜੀ ਸੋਹਣੀ ਸੀ। ਆਪਣੀ ਪਸੰਦ ਦੀ। ਆਪੇ ਲੱਭੀ ਹੋਈ। ਸਵੇਰੇ ਉੱਠ ਉਹਦੇ ਨਾਲ ਚੁਹਲਾਂ ਕਰਦਾ ਰਹਿੰਦਾ। ਏਸ ਕਰਕੇ ਦਫ਼ਤਰ ਲਈ ਘਰੋਂ ਨਿਕਲਦਿਆਂ ਦੇਰ ਹੋ ਜਾਂਦੀ। ਇਸ ਤਰ੍ਹਾਂ ਘਰ ਲਟਕੇ ਰਹਿਣ ਕਰਕੇ ਦਫ਼ਤਰ ਬਸ 'ਤੇ ਜਾਣ ਦੀ ਗੁੰਜਾਇਸ਼ ਨਾ ਰਹਿੰਦੀ। ਉਹ ਹੌਲੀ ਚਲਦੀ ਸੀ। ਵਲ਼ੇ ਪਾਂਦੀ ਸੀ ਤੇ ਲੇਟ ਪਹੁੰਚਦੀ ਸੀ। ਇਸ ਲਈ ਕੋਈ ਫਟਫਟੀਆ ਫੜਦਾ ਸਾਂ। ਸਾਡੇ ਬਸ ਅੱਡੇ ਤੋਂ ਹੀ ਚਲਦਾ ਸੀ। ਹਨੇਰੀ ਹੁੰਦਾ ਸੀ ਉਹ। ਉੱਡਦਾ ਜਾਂਦਾ ਸੀ। ਦਸ ਪੰਦਰਾਂ ਮਿੰਟਾਂ 'ਚ ਕਨਾਟ ਪਲੇਸ ਪਹੁੰਚਾ ਦੇਂਦਾ ਸੀ।

ਤੁਹਾਨੂੰ ਪਤਾ ਨਹੀਂ ਹੋਣਾ, ਇਹ ਫਟਫਟੀਆ ਕੀ ਹੁੰਦਾ ਸੀ। ਉਹ ਸਾਡੇ ਦੇਸੀ ਜੁਗਾੜ ਦੀ ਕਰਾਮਾਤੀ ਕਾਢ ਸੀ ਕੋਈ। ਸਾਡੇ ਕਿਸੇ ਮਿਸਤਰੀ ਨੇ ਫ਼ੌਜ ਦੀ ਨੀਲਾਮੀ 'ਚੋਂ ਖ਼ਰੀਦੇ ਜੀਪ ਦੇ ਇੰਜਨ ਨੂੰ ਟਾਂਗੇ ਦੀ ਸ਼ਕਲ ਦੇ, ਗੀਂਢੇ ਜਿਹੇ ਢਾਂਚੇ ਨਾਲ ਬੀੜ ਇਕ ਅਜਿਹੀ ਸਵਾਰੀ ਬਣਾ ਲਈ ਸੀ,ਜਿਸ ਵਿਚ ਟਾਂਗੇ ਦੇ ਗੁਣ ਵੀ ਸਨ ਤੇ ਜੀਪ ਦੇ ਵੀ। ਰਫ਼ਤਾਰ ਜੀਪ ਵਾਲੀ ਸੀ ਤੇ ਬਹਿਣ ਦੀ ਗੁੰਜਾਇਸ਼, ਹਵਾਦਾਰੀ ਤੇ ਖੁੱਲ੍ਹ-ਡੁੱਲ੍ਹ ਟਾਂਗੇ ਵਾਲੀ। ਉਹਦੇ ਵਿਚ ਕੁਝ ਸਾਈਕਲ ਜਾਂ ਮੋਟਰ ਸਾਈਕਲ ਦਾ ਵੀ ਸੀ। ਉਹਨਾਂ ਵਾਂਗ ਹੀ ਹੱਥਾਂ ਨਾਲ ਫੜਨ ਵਾਲਾ ਹੈਂਡਲ ਸੀ ਤੇ ਡਰਾਈਵਰ ਦੇ ਬਹਿਣ ਲਈ ਕਾਠੀ। ਉਹਦੇ ਪਿੱਛੇ, ਬਾਹੀਆਂ 'ਤੇ, ਦੋ ਗੱਦੇਦਾਰ ਸੀਟਾਂ ਸਨ, ਜਿਹਨਾਂ ਉੱਤੇ ਸਵਾਰੀਆਂ ਆਹਮੋ ਸਾਹਮਣੇ ਬਹਿੰਦੀਆਂ

ਸਨ। ਫੇਰ ਇਕ ਛੋਟਾ ਜਿਹਾ ਢੋਹ ਸੀ, ਜਿਸਦੇ ਪਾਰ, ਦੂਜੇ ਦਾਅ ਲੱਗਾ, ਗੱਦਾ ਸੀ, ਜਿਸ ਉੱਤੇ ਦੋ ਸਵਾਰੀਆਂ ਬਹਿੰਦੀਆਂ ਸਨ। ਉਹਨਾਂ ਦੀ ਪਿੱਠ ਅਗਲੀਆਂ ਸਵਾਰੀਆਂ ਵੱਲ ਹੁੰਦੀ ਸੀ। ਉਹ ਚਾਰ ਸਵਾਰੀਆਂ ਨਾਲ ਭਰ ਜਾਂਦਾ ਸੀ।

ਫਟਫਟੀਆ ਆ ਲੱਗਦਾ। ਸਵਾਰੀਆਂ ਆਈ ਜਾਂਦੀਆਂ ਤੇ ਖ਼ਾਲੀ ਥਾਈਂ ਬੈਠਦੀਆਂ ਜਾਂਦੀਆਂ। ਜਦੋਂ ਚਾਰੇ ਥਾਵਾਂ ਮੱਲੀਆਂ ਜਾਂਦੀਆਂ, ਫਟਫਟੀਆ ਨਿਕਲ ਪੈਂਦਾ ਤੇ ਉਹਦੀ ਥਾਂ ਹੋਰ ਫਟਫਟੀਆ ਆ ਲੱਗਦਾ। ਸਵਾਰੀਆਂ ਉਹਦੇ 'ਚ ਬਹਿਣ ਲੱਗਦੀਆਂ। ਇਸ ਤਰ੍ਹਾਂ ਤਾਂਤਾ ਲੱਗਾ ਰਹਿੰਦਾ।

ਫਟਫਟੀਆ ਨੂੰ ਫਟਫਟੀਆ ਏਸ ਲਈ ਕਹਿੰਦੇ ਸਨ ਕਿ ਉਹ ਫਟ-ਫਟ ਕਰਦਾ ਜਾਂਦਾ ਸੀ। ਬੜੀ ਡੰਡ-ਪਾਉਣੀ ਚੀਜ਼ ਸੀ। ਚਲਦਾ ਉਹ ਇਕ ਪੱਕੀ ਥਾਂ ਤੋਂ ਦੂਜੀ ਪੱਕੀ ਥਾਂ ਤਕ ਸੀ। ਸਾਰਾ ਦਿਨ, ਖ਼ਾਸ ਕਰਕੇ ਸਵੇਰੇ ਸ਼ਾਮੀਂ, ਜਦੋਂ ਦਫ਼ਤਰਾਂ ਦੀਆਂ ਸਵਾਰੀਆਂ ਹੁੰਦੀਆਂ। ਉਹ ਗੇੜੇ 'ਤੇ ਗੇੜਾ ਲਾਈ ਜਾਂਦਾ।

ਉਹਦਾ ਕਿਰਾਇਆ ਬਸ ਨਾਲੋਂ ਜ਼ਿਆਦਾ ਹੁੰਦਾ। ਗਰਮੀਆਂ 'ਚ ਚੰਗਾ ਰਹਿੰਦਾ। ਮੁੜ੍ਹਕੇ ਨਾ ਛੁਟਦੇ। ਹਵਾ ਲੱਗਦੀ ਰਹਿੰਦੀ। ਪਰ ਸਿਆਲ਼ੀਂ ਠੁਰਕਦੇ ਜਾਈਦਾ ਸੀ। ਲੋਈ ਲੈਣ ਨੂੰ ਦਿਲ ਕਰਦਾ ਸੀ।

ਮੇਰੇ ਵਾਲਾ ਫਟਫਟੀਆ ਸਾਡੇ ਬਸ ਸਟਾਪ ਤੋਂ ਮਦਰਾਸ ਹੋਟਲ, ਕਨਾਟ ਪਲੇਸ, ਤਕ ਚਲਦਾ ਸੀ।

ਇਸ ਫਟਫਟੀਏ ਨੂੰ ਫੜਨ ਲਈ ਮੈਂ ਸਵੇਰੇ ਅੱਠ ਸਵਾ ਅੱਠ ਵਜੇ ਨਿਕਲਦਾ ਸਾਂ। ਪਤਨੀ ਨਾਲ ਮਸਤੀਆਂ ਆਪਣੀ ਥਾਂ ਸਨ। ਨਿਰਭਰ ਇਸ ਗੱਲ 'ਤੇ ਵੀ ਕਰਦਾ ਸੀ ਕਿ ਸਾਡੇ ਸਾਹਮਣੇ ਰਹਿੰਦੀ ਬਾਂਕੀ ਸਿੰਧਣ ਕਿਸ ਵੇਲੇ ਨਿਕਲਦੀ ਏ। ਉਹ ਵੀ ਕਨਾਟ ਪਲੇਸ ਜਾਂਦੀ ਸੀ। ਮੈਂ ਉਹਦੇ ਮਗਰ ਮਗਰ ਚੱਲਦਾ ਸਾਂ। ਪਹਿਲੋਂ ਉਹਨੂੰ ਘਰੋਂ ਨਿਕਲਦੀ ਨੂੰ ਵੇਖਦਾ ਸਾਂ। ਅੱਗੇ ਵੱਲੋਂ। ਇਹ ਵੇਖਦਾ ਸਾਂ ਕਿ ਅੱਜ ਕਿਵੇਂ ਤਿਆਰ ਹੋਈ ਏ। ਵਾਲ਼ ਕਿਵੇਂ ਵਾਹੇ ਜਾਂ ਗੁੰਦੇ ਸੂ। ਉਹ ਆਪਣੇ ਵਾਲ਼ਾਂ ਨੂੰ ਹਰ ਰੋਜ਼ ਕੋਈ ਨਵਾਂ ਅੰਦਾਜ਼ ਦੇਂਦੀ ਸੀ। ਵਾਲ਼ ਕੱਟੇ ਹੋਏ ਸਨ ਉਹਦੇ। ਮੋਢਿਆਂ ਤਕ ਆਉਂਦੇ ਸਨ। ਇਹ ਵੀ ਵੇਖਦਾ ਸਾਂ, ਅੱਜ ਉਹਨੇ ਕੱਪੜੇ ਕਿਸ ਤਰ੍ਹਾਂ ਦੇ ਪਾਏ ਹੋਏ ਨੇ। ਉਹ ਕੱਪੜੇ ਪੱਛਮੀ ਤਰਜ਼ ਦੇ ਪਾਉਂਦੀ ਸੀ। ਉੱਚੀ ਲੰਮੀ ਸੀ। ਸਰੀਰ ਉਹਦਾ ਚੰਗਾ ਸੀ। ਏਸ ਤਰਜ਼ ਦੇ ਕੱਪੜੇ ਉਹਨੂੰ ਸਜਦੇ ਸਨ। ਮੇਰਾ ਇਹ ਯਕੀਨ ਹੋਰ ਪੱਕਾ ਕਰਦੇ ਸਨ ਕਿ ਜੇ ਸਾਡੀਆਂ ਸੁਹਣੀਆਂ ਕੁੜੀਆਂ ਪੱਛਮੀ ਕੱਪੜੇ ਪਾ ਲੈਣ ਤਾਂ ਉਹਨਾਂ ਦਾ ਰੂਪ ਦੂਣ ਸਵਾਇਆ ਹੋ ਜਾਂਦਾ ਏ। ਉਹ ਮਲਕੜੇ ਟੁਰਦੀ। ਮਟਕਦੀ ਜਾਂਦੀ। ਮੈਂ ਵੀ ਉਹਦੇ ਪਿੱਛੇ ਪਿੱਛੇ ਟੁਰ ਪੈਂਦਾ। ਉਹਦੀ ਹੀ ਰਫ਼ਤਾਰੇ। ਉਹਦੀਆਂ ਅਦਾਵਾਂ ਵੇਖਦਾ ਰਹਿੰਦਾ। ਬਸ ਅੱਡੇ 'ਤੇ ਆ ਉਹ, ਪਹਿਲੋਂ ਹੀ ਲੱਗੀ ਹੋਈ, ਚਾਰ ਨੰਬਰ ਬਸ 'ਤੇ ਬਹਿ ਜਾਂਦੀ ਤੇ ਮੈਂ ਆਪਣੇ ਫਟਫਟੀਏ ਵੱਲ ਹੋ ਪੈਂਦਾ। ਨਾ ਮੰਨਦੇ ਦਿਲ ਨਾਲ। ਉਹ ਤਾਂ ਇਹ ਚਾਹੁੰਦਾ ਕਿ ਮੈਂ ਵੀ ਬਸ 'ਚ ਉਹਦੇ ਨਾਲ ਹੀ ਬਹਿ ਜਾਵਾਂ। ਉਹਦੇ ਨਾਲ ਵਾਲੀ ਸੀਟ 'ਤੇ। ਸਾਰਾ ਰਾਹ ਉਹਨੂੰ ਭਖ਼ਦਾ ਤੇ ਠਹਿਕਦਾ ਜਾਵਾਂ। ਪਰ ਇੰਝ ਕਰ ਨਹੀਂ ਸਾਂ ਸਕਦਾ। ਦਫ਼ਤਰੋਂ ਲੇਟ ਹੋ ਸਕਦਾ ਸਾਂ।

ਸ਼ੁਰੂ ਸ਼ੁਰੂ ਵਿਚ ਮੈਂ ਫਟਫਟੀਏ 'ਤੇ ਜਿਹੜੀ ਵੀ ਸੀਟ ਮਿਲਦੀ, ਬਹਿ ਜਾਂਦਾ। ਚਾਰ ਸਵਾਰੀਆਂ ਪੂਰੀਆਂ ਹੁੰਦੀਆਂ ਤਾਂ ਉਹ ਹਵਾ ਹੋ ਜਾਂਦਾ। ਸਿੱਧਾ ਪੂਸਾ ਰੋਡ ਤੇ ਪੰਚਕੂਈਆਂ ਰੋਡ ਤੋਂ ਹੁੰਦਾ ਹੋਇਆ। ਟਰੈਫ਼ਿਕ ਕੋਈ ਨਾ ਹੁੰਦੀ। ਕੋਈ ਪੰਦ੍ਰਾਂ ਕੁ ਮਿੰਟਾਂ 'ਚ ਉਹ ਮੈਨੂੰ ਮਦਰਾਸ ਹੋਟਲ ਪਹੁੰਚਾ ਦੇਂਦਾ।

ਇਕ ਦਿਨ ਮੈਂ ਆਪਣੀ ਬਾਂਕੀ ਸਿੰਧਨ ਨੂੰ ਬਸ 'ਤੇ ਚੜ੍ਹਾ ਤਿਆਰ-ਖੜ੍ਹੇ ਫਟਫਟੀਏ ਦੀ ਅਗਲੀ ਸੀਟ 'ਤੇ ਜਾ ਬੈਠਾ। ਦੋ ਸਵਾਰੀਆਂ ਹੋਰ ਆ ਗਈਆਂ ਤੇ ਹੁਣ ਸਿਰਫ਼ ਇਕੋ ਪਿਛਲੀ ਸੀਟ ਖਾਲੀ ਰਹਿ ਗਈ। ਇਕ ਅੱਧ ਮਿੰਟ 'ਚ ਇਕ ਹੋਰ ਸਵਾਰੀ ਆ ਗਈ ਤੇ ਉਹ ਸੀਟ ਵੀ ਮੱਲੀ ਗਈ। ਸਾਡਾ ਫਟਫਟੀਆ ਉੱਡ ਪਿਆ।

ਕਿਆ ਸਵਾਰੀ ਸੀ! ਗੋਰੀ ਚਿੱਟੀ। ਗ਼ੁਲਾਬੀ ਭਾਹਾਂ ਮਾਰਦੀ। ਤਿੱਖੇ ਨਕਸ਼। ਭਰਿਆ ਸਰੀਰ। ਪੂਰੇ, ਕਟਾਵਾਂ ਵਾਲ਼ੇ, ਉਫਲੇ ਹੋਏ ਵਾਲ਼। ਅੱਧੀ ਧੌਣ ਤਕ ਆਉਂਦੇ। ਉਸੇ ਹੀ ਰੰਗ ਦੀਆਂ ਅੱਖਾਂ। ਮੋਟੀਆਂ। ਕਜਲਾਈਆਂ। ਚਿੱਟੀ ਸਕਰਟ ਤੇ ਚਿੱਟਾ ਬਲਾਊਜ਼। ਚਿੱਟਾ ਪਰਸ ਤੇ ਚਿੱਟੇ ਸੈਂਡਲ। ਮੈਨੂੰ ਓਸ ਚਿਤਰ ਦਾ ਝਉਲਾ ਪਿਆ, ਜਿਹੜਾ ਕਦੀ ਮੈਂ ਕਨਾਟ ਪਲੇਸ ਦੇ ਵਰਾਂਡੇ 'ਚ ਵਿਕਣੇ ਪਏ ਕਿਸੇ ਯੌਰਪੀਨ ਚਿਤਰਕਾਰ ਦੇ ਐਲਬਮ ਦੇ ਸਰਵਰਕ 'ਤੇ ਵੇਖਿਆ ਸੀ। ਮੈਂ ਸੋਚਿਆ, ਬੀਬੀ ਪੂਰੀ ਦੇਸੀ ਨਹੀਂ ਹੋ ਸਕਦੀ। ਖ਼ੂਨ ਰਲ਼ਿਆ ਹੋਇਆ ਇਹਦਾ। ਐਂਗਲੋ-ਇੰਡੀਅਨ ਹੋ ਸਕਦੀ ਏ। ਸਾਰਾ ਰਾਹ ਮੇਰੇ ਵੱਲ ਉਹਦੀ ਪਿੱਠ ਰਹੀ। ਮੈਨੂੰ ਉਹਦੀ ਸ਼ਕਲ ਨਾ ਦਿਸੀ। ਉਹਦੇ ਵਾਲ਼ਾਂ ਦੇ ਉੱਡਦੇ ਲਹਿਰੀਏ ਹੀ ਵੇਖ ਸਕਿਆ। ਮੈਨੂੰ ਹਿਰਖ ਹੁੰਦੀ ਰਹੀ। ਜਦੋਂ ਆਇਆ ਸਾਂ, ਉਹਦੇ ਨਾਲ ਵਾਲੀ ਪਿਛਲੀ ਸੀਟ ਖਾਲੀ ਸੀ। ਓਥੇ ਕਿਉਂ ਨਾ ਜਾ ਬੈਠਾ।

000

ਅਗਲੇ ਦਿਨ ਫੇਰ ਸਿੰਧਨ ਨੂੰ ਬਸ 'ਚ ਖੜ੍ਹਾ ਮੈਂ ਲਾਈਨ 'ਚ ਲੱਗੇ ਪਹਿਲੇ ਫਟਫਟੀਏ ਵੱਲ ਆਇਆ ਤੇ ਖੜ੍ਹਾ ਉਡੀਕਣ ਲੱਗਾ। ਫੇਰ ਆਪ-ਮੁਹਾਰੇ ਹੀ ਪਿਛਲੀ ਸੀਟ 'ਤੇ ਜਾ ਬੈਠਾ। ਇੰਝ ਪਸਰ ਕੇ ਕਿ ਦੂਜੀ ਅੱਧੀ ਸੀਟ ਵੀ ਮੱਲੀ ਗਈ ਲੱਗਣ ਲੱਗੀ। ਅਗਲੀਆਂ ਦੋ ਸਵਾਰੀਆਂ ਸੁਭਾਵਕ ਹੀ ਅਗਲੀਆਂ ਦੋ ਸੀਟਾਂ 'ਤੇ ਜਾ ਬੈਠੀਆਂ। ਉਹ ਕਿਉਂ ਮੇਰੇ ਨਾਲ ਸੁੰਗੜ ਕੇ ਬਹਿੰਦੀਆਂ। ਮੇਰੀ ਚੰਗੀ ਕਿਸਮਤ ਨੂੰ ਚੌਥੀ ਸੀਟ 'ਤੇ ਓਸ ਐਂਗਲੋ-ਇੰਡੀਅਨ ਬੀਬੀ ਦਾ ਹੀ ਨੰਬਰ ਲੱਗਾ। ਦੂਰੋਂ ਆਉਂਦੀ ਨੂੰ ਵੇਖ ਮੈਂ ਆਪਣੀ ਸੀਟ 'ਚ ਇਸ ਤਰ੍ਹਾਂ ਸੁੰਗੜ ਗਿਆ ਕਿ ਪਿਛਲੀ ਖ਼ਾਲੀ ਸੀਟ ਦੀ ਥਾਂ ਡਿਊੜੀ ਲੱਗਣ ਲੱਗ ਪਈ। ਇਸ ਤਰ੍ਹਾਂ ਮੈਂ ਉਹਨੂੰ ਨਾਲ ਆ ਬਹਿਣ ਦਾ ਮੂਕ ਬੁਲਾਵਾ ਦਿੱਤਾ। ਉਸਨੇ ਮੰਨ ਲਿਆ ਤੇ ਆ ਕੇ ਮੇਰੇ ਨਾਲ ਬਹਿ ਗਈ। ਉਹਦੇ ਬਹਿੰਦਿਆਂ ਹੀ ਫਟਫਟੀਆ ਚੱਲ ਪਿਆ, ਨਹੀਂ ਆਪਣੇ ਸੁਭਾਅ ਅਨੁਸਾਰ ਉੱਡ ਪਿਆ। ਬੀਬੀ ਪਹਿਲੋਂ ਹੀ ਪਸਰ ਕੇ ਬੈਠੀ ਸੀ। ਮੈਂ ਵੀ ਕੁਝ ਪਸਰ ਗਿਆ। ਉਹਦੇ ਨਾਲ ਹੀ ਜਾ ਲੱਗਾ। ਫਟਫਟੀਏ 'ਚ ਝਟਕੇ ਬੜੇ ਲਗਦੇ ਸਨ। ਮੈਨੂੰ ਬੜੇ ਰਾਸ ਆਏ। ਸਾਰਾ ਰਾਹ ਮੈਂ ਬੀਬੀ ਨਾਲ ਠਹਿਕਦਾ ਗਿਆ। ਇਕ ਵਾਰੀ ਉਹਦੀ ਇਕ ਲਿੱਟ ਮੇਰੇ ਮੂੰਹ ਨੂੰ ਛੋਹ ਗਈ। ਮੈਨੂੰ ਬੜਾ ਸੁਆਦ ਆਇਆ।

ਅਗਲੇ ਦਿਨ ਮੈਂ ਫਟਫਟੀਏ 'ਤੇ ਐਵੇਂ ਹੀ ਨਾ ਜਾ ਬੈਠਾ। ਪਹਿਲੋਂ ਉਹਦੀ ਹਾਲਤ ਵੇਖੀ। ਉਹਦੀ ਪਿਛਲੀ ਸੀਟ ਭਰੀ ਹੋਈ ਸੀ। ਮੈਂ ਉਹਨੂੰ ਜਾਣ ਦਿੱਤਾ। ਅਗਲਾ ਫਟਫਟੀਆ ਆਣ ਲੱਗਾ। ਮੈਂ ਉਹਦੀ ਪਿਛਲੀ ਸੀਟ 'ਤੇ ਉਵੇਂ ਹੀ ਜਾ ਬੈਠਾ, ਜਿਵੇਂ ਕਲ੍ਹ ਬੈਠਾ ਸਾਂ। ਨਵੀਂ ਸਵਾਰੀ ਲਈ ਐਵੇਂ ਥੋੜ੍ਹੀ ਜਗ੍ਹਾ ਛੱਡ ਕੇ। ਅਗਲੀਆਂ ਦੋ ਸਵਾਰੀਆਂ ਸੁਭਾਵਕ ਹੀ ਅਗਲੀਆਂ ਦੋ ਸੀਟਾਂ 'ਤੇ ਜਾ ਬੈਠੀਆਂ। ਹੁਣ ਸਭ ਕੁਝ ਮੇਰੀ ਕਿਸਮਤ 'ਤੇ ਨਿਰਭਰ ਕਰਦਾ ਸੀ। ਕਿਸਮਤ ਚੰਗੀ ਨਹੀਂ ਸੀ। ਚੌਥੀ ਸਵਾਰੀ ਬੇ-ਢੰਗਾ ਜਿਹਾ ਕੋਈ ਮਰਦ ਸੀ। ਉਹਨੂੰ ਥਾਂ ਦੇਣ ਲੱਗਿਆਂ ਮੈਂ ਉਤਰ ਪਿਆ ਤੇ ਫੇਰ ਫੁੱਟਪਾਥ 'ਤੇ ਜਾ ਖਲੋਤਾ, ਜਿਵੇਂ ਅਜੇ ਨਾ ਜਾਣਾ ਹੋਵੇ। ਮੇਰੀ ਥਾਂ ਕੋਈ ਹੋਰ ਬੇ-ਢੰਗੀ ਸਵਾਰੀ ਆ ਗਈ ਤੇ ਫਟਫਟੀਆ ਉੱਡ ਪਿਆ।

ਅਗਲੇ ਫਟਫਟੀਏ ਦੀ ਪਿਛਲੀ ਸੀਟ ਮੈਂ ਅੱਧੀਉਂ ਬਹੁਤੀ ਮੱਲ ਕੇ ਬਹਿ ਗਿਆ। ਪਹਿਲਾਂ ਵਾਂਗ ਹੀ। ਇਕ ਅੱਧ ਮਿੰਟ ਬਾਅਦ ਮੈਨੂੰ ਉਹੀਉ ਐਂਗਲੋ-ਇੰਡੀਅਨ ਲੱਗਦੀ ਬੀਬੀ ਆਉਂਦੀ ਦਿਸੀ। ਅੱਜ ਉਸਦਾ ਪਹਿਰਾਵਾ ਸਲੇਟੀ ਸੀ। ਮੈਂ ਆਪਣੇ ਪਾਸੇ ਸੁੰਗੜ, ਉਹਨੂੰ ਮੂਕ ਬੁਲਾਵਾ ਦਿੱਤਾ। ਉਹਨੇ ਮੰਨ ਲਿਆ ਤੇ ਉਹ ਮੇਰੇ ਨਾਲ ਲੱਗ ਕੇ ਬਹਿ ਗਈ। ਅਸੀਂ ਫੇਰ ਇਕ ਦੂਜੇ ਨਾਲ ਠਹਿਕਦੇ ਗਏ। ਉਸ ਪਿੱਛੋਂ ਫੇਰ ਸਾਡੇ 'ਚ ਕੋਈ ਇਕਰਾਰਨਾਮਾ ਹੋ ਗਿਆ। ਉਹ ਹਰ ਰੋਜ਼ ਮੇਰੇ ਨਾਲ ਬਹਿੰਦੀ। ਕੁਝ ਦਿਨ ਬਾਅਦ, ਜੇ ਕਦੀ ਉਹ ਪਹਿਲੋਂ ਆ ਜਾਂਦੀ, ਮੇਰੀ ਥਾਂ ਰੱਖ ਲੈਂਦੀ। ਪ੍ਰਤੱਖ ਸੀ ਕਿ ਮੇਰੇ ਵਾਂਗ ਉਹਨੂੰ ਵੀ ਸਾਡਾ ਇਹ ਸਵੇਰ ਦਾ ਛੁੰਹਦਾ ਛੁਹਾਂਦਾ, ਪੰਦਰਾ-ਮਿੰਟੀਆ ਤਜਰਬਾ ਚੰਗਾ ਲੱਗਾ ਸੀ।

ਅੱਠ ਦਸ ਦਿਨਾਂ ਬਾਅਦ ਸਾਨੂੰ ਮਹਿਸੂਸ ਹੋਣ ਲੱਗਾ, ਜਿਵੇਂ ਅਸੀਂ ਓਪਰੇ ਨਾ ਹੋਈਏ। ਅਗਲੀਆਂ ਦੋ ਸਵਾਰੀਆਂ ਨੂੰ ਉਡੀਕਦਿਆਂ ਅਸੀਂ ਇਕ-ਅੱਧ ਗੱਲ ਵੀ ਕਰਨ ਲੱਗ ਪਏ। ਉਹ ਰੀਗਲ ਬਿਲਡਿੰਗ ਦੇ ਕਿਸੇ ਦਫ਼ਤਰ 'ਚ ਸੈਕਟਰੀ ਲੱਗੀ ਹੋਈ ਸੀ। ਮੇਰਾ ਦਫ਼ਤਰ, ਓਸ ਤੋਂ ਕੁਝ ਅੱਗੇ, ਐੱਫ ਬਲਾਕ 'ਚ ਸੀ, ਜਿੱਥੇ ਜਾਨਕੀ ਦਾਸ ਦੀ ਦੁਕਾਨ ਹੁੰਦੀ ਸੀ। ਅਸੀਂ ਮਦਰਾਸ ਹੋਟਲ ਉਤਰਦੇ ਤੇ ਰੀਗਲ ਬਿਲਡਿੰਗ ਤਕ ਇਕੱਠੇ ਜਾਂਦੇ। ਸਿੰਧਨ ਵਾਂਗ ਅੱਗੇ ਪਿੱਛੇ ਨਹੀਂ। ਨਾਲ ਨਾਲ। ਕੋਈ ਇਕ ਅੱਧ ਗੱਲ ਵੀ ਕਰ ਲੈਂਦੇ। ਜਦੋਂ ਉਹ ਦਫ਼ਤਰ ਮੁੜਦੀ, ਉਹ ਮੈਨੂੰ ਮੂਕ ਜਿਹੀ ਬਾਈ! ਵੀ ਕਹਿ ਜਾਂਦੀ।

ਅਸੀਂ ਕੋਈ ਛੇ ਮਹੀਨੇ ਹਮਰਾਹੀ ਰਹੇ। ਮੈਂ ਰੋਜ਼ ਸਵੇਰੇ ਸਵਾਦ-ਸਵਾਦ ਹੋ ਕੇ ਦਫ਼ਤਰ ਪਹੁੰਚਦਾ। ਫੇਰ ਉਹਦੀ ਬਦਲੀ ਬੰਬਈ ਹੋ ਗਈ। ਫਟਫਟੀਏ 'ਚ ਮੇਰੀ ਨਾਲ ਦੀ ਸੀਟ ਸੁੰਨੀ ਹੋ ਗਈ ਤੇ ਮੇਰੇ ਪੰਦਰਾਂ ਮਿੰਟਾਂ ਦੇ ਸਫਰ ਦਾ ਰਸ ਚੂਸਿਆ ਗਿਆ।

ਇਕ ਦਿਨ ਮੇਰੀ ਨਾਲ ਵਾਲੀ ਸੀਟ 'ਤੇ ਕੋਈ ਹੋਰ ਬੀਬੀ ਆਣ ਬੈਠੀ। ਵਾਹ ਵਾਹ ਸੀ। ਪੱਕੇ ਰੰਗ ਦੀ। ਗੋਲ਼ ਨਕਸ਼ਾਂ ਵਾਲੀ। ਵਾਲ਼ ਬਹੁਤ ਛੋਟੇ। ਸ਼ਾਹ ਕਾਲ਼ੇ। ਪਹਿਰਾਵਾ ਚਿੱਟਾ। ਪੱਛਮੀ ਸ਼ੈਲੀ ਦਾ। ਉਹਦੇ ਪੱਕੇ ਰੰਗ ਨੂੰ ਹੋਰ ਨਿਖਾਰਦਾ। ਕਨਾਟ ਪਲੇਸ ਪਹੁੰਚੇ। ਮਜ਼ਾ ਨਾ ਆਇਆ। ਮੈਂ ਸੁੰਗੜ ਕੇ ਬੈਠਾ ਰਿਹਾ। ਠਹਿਕਣ ਠਹਿਕਾਣ ਦੀ ਗੁੰਜਾਇਸ਼ ਹੀ ਨਾ ਛੱਡੀ।

ਅਗਲੇ ਦੋ ਦਿਨ ਵੀ ਏਸ ਤਰ੍ਹਾਂ ਹੀ ਹੋਇਆ। ਤੀਜੇ ਦਿਨ ਮੈਂ ਕੁਝ ਧਿਆਨ ਨਾਲ ਵੇਖਿਆ। ਬੀਬੀ ਏਡੀ ਮਾੜੀ ਨਹੀਂ ਸੀ। ਸਿਰਫ਼ ਰੰਗ ਹੀ ਪੱਕਾ ਸੀ। ਰੰਗ 'ਚ ਕੀ ਪਿਐ? ਮੈਂ ਫੇਰ ਆਪ-ਮੁਹਾਰੇ ਹੀ ਓਸ ਤਰ੍ਹਾਂ ਬਹਿਣ ਲੱਗ ਪਿਆ, ਜਿਵੇਂ ਐਂਗਲੋ-ਇੰਡੀਅਨ ਲਗਦੀ ਬੀਬੀ ਨਾਲ ਬੈਠਦਾ ਹੁੰਦਾ ਸਾਂ। ਧੱਜਕਾ ਲੱਗਣ ਜਾਂ ਮੋੜ ਕੱਟਣ ਵੇਲੇ ਉਹਦੇ ਨਾਲ ਠਹਿਕਣ ਵੀ ਲੱਗ ਪਿਆ। ਜਿਵੇਂ ਐਂਗਲੋ-ਇੰਡੀਅਨ ਲਗਦੀ ਬੀਬੀ ਨਾਲ ਠਹਿਰਕਦਾ ਹੁੰਦਾ ਸਾਂ। ਓਸੇ ਤਰ੍ਹਾਂ ਮਜ਼ਾ ਵੀ ਆਉਣ ਲੱਗ ਪਿਆ। ਉਵੇਂ ਹੀ ਅਸੀਂ ਛੋਟੀ ਮੋਟੀ ਗੱਲ ਵੀ ਕਰਨ ਲੱਗ ਪਏ।

ਉਹਦਾ ਨਾਂ ਅਲਿਜ਼ਬਥ ਸੀ। ਕਰਾਂਟਨ ਸੀ। ਮਤਲਬ ਈਸਾਈ। ਹਾਰਡਿੰਗ ਬਰਿੱਜ ਕੋਲ, ਜਿਹਨੂੰ ਅੱਜਕਲ ਤਿਲਕ ਬਰਿੱਜ ਕਹਿੰਦੇ ਨੇ, ਕਿਸੇ ਨਰਸਿੰਗ ਹੋਮ 'ਚ ਸੈਕਟਰੀ ਦਾ ਕੰਮ ਕਰਦੀ ਸੀ। ਮਦਰਾਸ ਹੋਟਲ ਉਤਰਦੀ ਸੀ ਤੇ ਓਥੋਂ ਚਾਂਦਨੀ ਚੌਂਕ ਵਾਲਾ ਫਟਫਟੀਆ ਫੜਦੀ ਤੇ ਅੱਧੇ ਰਾਹ ਉੱਤਰ ਜਾਂਦੀ।

ਸਾਲ ਕੁ ਬਾਅਦ ਮੈਨੂੰ ਅਗਲਾ ਗਰੇਡ ਮਿਲ ਗਿਆ ਤੇ ਸਕੂਟਰ ਖਰੀਦਣ ਲਈ ਕਰਜ਼ਾ ਵੀ। ਮੈਂ ਇਕ ਲੈਮਬਰੇਟਾ ਖਰੀਦ ਲਿਆ। ਪੁਰਾਣਾ, ਪਰ ਨਵਿਆਂ ਵਰਗਾ। ਥੋੜ੍ਹਾ ਚੱਲਿਆ ਹੋਇਆ। ਉਹਨੂੰ ਮੈਂ ਲਿਸ਼ਕਾਇਆ ਪੁਸ਼ਕਾਇਆ। ਸਵੇਰੇ ਬਸ ਅੱਡੇ ਪਹੁੰਚ

ਅਲਿਜ਼ਬਥ ਨੂੰ ਅੱਗੋਂ ਹੋ ਮਿਲ਼ਿਆ। ਉਹਨੂੰ ਸੁਲਾਹ ਮਾਰੀ। ਚਾਹੋਂ ਤਾਂ ਮੇਰੇ ਨਾਲ ਜਾ ਸਕਦੀ ਏਂ। ਧੱਕਿਆਂ ਤੋਂ ਬਚ ਸਕਦੀ ਏਂ। ਉਹ ਤਿਆਰ ਹੋ ਗਈ। ਕਹਿਣ ਲੱਗੀ, 'ਮੈਂ ਤਾਂ ਅੱਗੇ ਜਾਣਾ ਹੁੰਦੈ'। ਮੈਂ ਕਿਹਾ, 'ਕੋਈ ਗੱਲ ਨਹੀਂ। ਤੈਨੂੰ ਅੱਗੇ ਵੀ ਛੱਡ ਦਿਆਂਗਾ। ਬਹੁਤਾ ਫ਼ਰਕ ਨਹੀਂ ਪੈਂਦਾ'।

ਇਸ ਤਰ੍ਹਾਂ ਅਲਿਜ਼ਬਥ ਮੇਰੇ ਨਾਲ ਮੇਰੇ ਲੈਮਬਰੇਟੇ 'ਤੇ ਜਾਣ ਲੱਗ ਪਈ। ਮੇਰੇ ਪਿੱਛੇ ਬਹਿ ਕੇ। ਪਹਿਲੋਂ ਇਕ ਪਾਸੇ ਲੱਤਾਂ ਕਰਕੇ, ਜਿਵੇਂ ਫਟਫਟੀਏ 'ਤੇ ਅਗਲੀਆਂ ਸਵਾਰੀਆਂ ਬਹਿੰਦੀਆਂ ਸਨ। ਤੇ ਫੇਰ ਉਵੇਂ, ਜਿਵੇਂ ਘੋੜੇ 'ਤੇ ਬੈਠਿਆ ਜਾਂਦੈ। ਲੱਤਾਂ ਦੁਪਾਸੀਂ ਲਟਕਾ ਕੇ। ਮੇਰੇ ਨਾਲ ਲੱਗ ਕੇ। ਮੇਰੇ ਮੋਢਿਆਂ 'ਤੇ ਹੱਥ ਰੱਖ ਕੇ। ਬੜਾ ਲੁਤਫ ਆਉਣ ਲੱਗਾ। ਫੇਰ ਮੈਂ ਕਨਾਟ ਪਲੇਸ ਤੋਂ ਮੰਟੋ ਬਰਿੱਜ ਹੇਠੋਂ ਜਾਣਾ ਸ਼ੁਰੂ ਕਰ ਦਿੱਤਾ। ਇਹ ਰਾਹ ਲੰਮਾ ਸੀ। ਅਲਿਜ਼ਬਥ ਨਾਲ ਜ਼ਿਆਦਾ ਵਕਤ ਮਿਲਦਾ ਸੀ। ਮੈਨੂੰ ਲੋਕ ਨਾਇਕ ਹਸਪਤਾਲ ਅੱਗੋਂ ਲੰਘ ਕੇ ਜਾਣਾ ਪੈਂਦਾ। ਓਥੋਂ ਮੈਂ ਓਸ ਸੜਕ 'ਤੇ ਪੈਂਦਾ, ਜਿਹਨੂੰ ਅੱਜਕਲ ਬਹਾਦਰ ਸ਼ਾਹ ਜ਼ਫ਼ਰ ਮਾਰਗ ਕਹਿੰਦੇ ਨੇ। ਜਿੱਥੇ ਵੱਡੇ ਵੱਡੇ ਅਖ਼ਬਾਰਾਂ ਦੇ ਦਫ਼ਤਰ ਨੇ। ਅਲਿਜ਼ਬਥ ਨੂੰ ਲਾਹ ਮੈਂ ਮੰਡੀ ਹਾਊਸ ਦੇ ਰਸਤੇ ਆਪਣੇ ਦਫਤਰ ਪਹੁੰਚ ਜਾਂਦਾ। ਏਸ ਵਲ਼ੇ ਨਾਲ ਦਸ ਮਿੰਟ ਹੋਰ ਮਿਲ ਜਾਂਦੇ। ਮਤਲਬ ਲੁਤਫ਼ ਦਾ ਵਕਤ ਏਨਾ ਹੋਰ ਵਧ ਜਾਂਦਾ।

ਅਲਿਜ਼ਬਥ ਦਾ ਦਫ਼ਤਰ ਵੀ ਓਦੋਂ ਹੀ ਬੰਦ ਹੁੰਦਾ ਸੀ, ਜਦੋਂ ਮੇਰਾ। ਇਕ ਦਿਨ ਮੈਂ ਉਹਨੂੰ ਸੁਲਾਹ ਮਾਰੀ। ਅਖੇ, ਚਾਹੋਂ ਤਾਂ ਮੈਂ ਤੈਨੂੰ ਸ਼ਾਮੀਂ ਵਾਪਸ ਵੀ ਲਿਜਾ ਸਕਨਾਂ। ਸਵੇਰ ਵਾਂਗ। ਉਹ ਖੁਸ਼ੀ ਖੁਸ਼ੀ ਮੰਨ ਗਈ। ਉਹ ਮੈਨੂੰ ਨਰਸਿੰਗ ਹਾਊਸ ਤੋਂ ਬਾਹਰ, ਬਸ ਅੱਡੇ 'ਤੇ ਉਡੀਕਦੀ। ਮੈਂ ਉਹਨੂੰ ਓਥੋਂ ਚੁੱਕ ਲੈਂਦਾ ਤੇ ਈਸਟ ਪਟੇਲ ਨਗਰ ਦੇ ਬਸ ਅੱਡੇ 'ਤੇ ਲਾਹ ਦੇਂਦਾ। ਇਸ ਅੰਗ-ਛੁਹਾਂਦੇ ਦੋਹਰੇ ਸਕੂਟਰੀ ਸਫ਼ਰ ਸਦਕਾ ਅਸੀਂ ਕਾਫ਼ੀ ਘੁਲ-ਮਿਲ ਗਏ। ਮੈਨੂੰ ਉਹ ਸੁਹਣੀ ਲੱਗਣ ਲੱਗ ਪਈ। ਕਸ਼ੱਸ਼ ਆ ਗਈ ਉਹਦੇ 'ਚ। ਕਈ ਰੰਗ ਉਹਨੂੰ ਬੜੇ ਸਜਦੇ ਸਨ। ਜਿਸ ਦਿਨ ਉਹਨੇ ਨਿੰਮ੍ਹੇ ਬਸੰਤੀ ਕੱਪੜੇ ਪਾਏ ਹੁੰਦੇ ਤੇ ਫਿੱਕੀ ਗ਼ੁਲਾਬੀ ਲਿਪਸਟਿਕ ਲਾਈ ਹੁੰਦੀ, ਜੀਅ ਕਰਦਾ, ਸਾਡਾ ਸਕੂਟਰ ਦਾ ਸਫ਼ਰ ਮੁੱਕੇ ਹੀ ਨਾ। ਉਹਨੇ ਆਪਣੇ ਵਾਲ਼ ਵੀ ਕੁਝ ਵਧਾ ਲਏ ਸਨ। ਪਤਾ ਨਹੀਂ, ਉਹਨੂੰ ਕਿਸ ਤਰ੍ਹਾਂ ਪਤਾ ਲੱਗਾ ਗਿਆ ਸੀ ਕਿ ਮੈਨੂੰ ਲੰਮੇ ਵਾਲ਼ ਚੰਗੇ ਲੱਗਦੇ ਨੇ।

ਏਸ ਤਰ੍ਹਾਂ ਮੈਨੂੰ ਓਦੋਂ ਲੋਕ ਨਾਇਕ ਹਸਪਤਾਲ ਅੱਗੋਂ ਦਿਨ 'ਚ ਦੋ ਵਾਰੀ ਲੰਘਣਾ ਪੈਂਦਾ। ਏਸੇ ਕਰਕੇ ਹੀ ਮੈਨੂੰ ਅੱਜ ਲੰਘਣ ਵੇਲੇ ਇਹ ਐਵੇਂ ਜਿਹੀ ਗੱਲ ਯਾਦ ਆ ਗਈ।

ਸੱਚ ਪੁੱਛੋ ਤਾਂ ਏਨਾ ਯਾਦ ਕਰਦਿਆਂ ਮੈਨੂੰ ਕੁਝ ਹੋਰ ਵੀ ਯਾਦ ਆ ਗਿਐ। ਉਹ ਵੀ ਐਵੇਂ ਜਿਹਾ। ਕਹੋ ਤਾਂ ਉਹ ਵੀ ਸੁਣਾ ਦਿਆਂ।

000

ਇਕ ਦਿਨ ਸਾਡੀ ਬੰਬਈ ਦੀ ਬਰਾਂਚ ਦਾ ਮੈਨੇਜਰ ਖੁਰਾਣਾ ਦਿੱਲੀ ਆਇਆ। ਉਹਨੂੰ ਹੈੱਡਕੁਆਰਟਰ ਸੱਦਿਆ ਗਿਆ ਸੀ। ਬੰਦਾ ਤਾਂ ਉਹ ਮੇਰੇ ਹੀ ਗਰੇਡ ਦਾ ਸੀ, ਪਰ ਬਰਾਂਚ ਦਾ ਮੈਨੇਜਰ ਲੱਗਾ ਹੋਣ ਕਰਕੇ ਉਹਦੀ ਬੜੀ ਟੌਹਰ ਸੀ। ਕਾਰ ਮਿਲੀ ਹੋਈ ਸੀ। ਸੈਕਟਰੀ ਵੀ। ਫਲੈਟ ਵੀ। ਮੈਨੂੰ ਉਹ ਚੰਗਾ ਲੱਗਾ। ਪੰਜਾਬੀ ਸੀ। ਖੁੱਲ੍ਹੀਆਂ-ਡੁੱਲ੍ਹੀਆਂ ਗੱਲਾਂ ਕਰਦਾ ਸੀ। ਮੈਂ ਉਹਨੂੰ ਰਾਤੀਂ ਘਰ ਖਾਣੇ 'ਤੇ ਸੱਦ ਲਿਆ।

ਘਰ ਆਇਆ ਤਾਂ ਮੈਂ ਉਹਨੂੰ ਆਪਣੀ ਵਹੁਟੀ ਨਾਲ ਮਿਲਾਇਆ। ਉਹਨੂੰ ਵੇਖ ਕੇ ਉਹ ਜਿਵੇਂ ਕੀਲਿਆ ਗਿਆ। ਜਦੋਂ ਉਹ ਰਤਾ ਏਧਰ ਓਧਰ ਹੋਈ, ਕਹਿਣ ਲੱਗਾ, 'ਨਸੀਬਾਂ ਵਾਲੈਂ। ਏਡੀ ਸੁਹਣੀ ਵਹੁਟੀ! ਹੂਰ ਏ ਕੋਈ। ਭੋਲ਼ੀ ਭਾਲ਼ੀ। ਅੱਲ੍ਹੜ। ਏਸ ਤਰ੍ਹਾਂ

ਦਾ ਹੁਸਨ ਅੱਜਕਲ ਨਹੀਂ ਹੁੰਦਾ'। ਫੇਰ ਉਹਨੇ ਆਪਣਾ ਪਰਸ ਕੱਢਿਆ ਤੇ ਉਹਦੇ 'ਚ ਲੱਗੀ ਆਪਣੀ ਵਹੁਟੀ ਦੀ ਤਸਵੀਰ ਵਿਖਾਈ। ਹੁਸੀਨਾ ਸੀ ਕੋਈ। ਬੰਬਈ ਦਾ ਅਸਰ ਸੀ। ਐਕਟ੍ਰੈੱਸ ਲੱਗਦੀ ਸੀ। ਓਸੇ ਤਰ੍ਹਾਂ ਦੀ ਬਣਤ ਫਬਤ। ਓਸੇ ਤਰ੍ਹਾਂ ਦੀ ਵਾਲਾਂ ਦੀ ਵਿਤਰ। ਨਾਜ਼ ਨਖਰਾ ਵੀ ਓਸੇ ਤਰ੍ਹਾਂ ਦਾ ਹੀ ਹੋਏਗਾ। ਮੈਨੂੰ ਰਸ਼ਕ ਹੋਇਆ।

ਮੇਰੇ ਕੋਲ, ਕਿਤੋਂ ਹੱਥ-ਲੱਗੀ, ਸੱਕਾਚ ਦੀ ਇਕ ਬੋਤਲ ਪਈ ਸੀ। 'ਹੈਗ' ਸੀ ਸ਼ਾਇਦ। ਮੈਂ ਉਹ ਖੋਲ੍ਹ ਦਿੱਤੀ। ਉਹਨੇ ਭਰ ਭਰ ਪੀਤੀ। ਉਹਦੇ ਅਸਰ ਨਾਲ ਉਹ ਕੁਝ ਹੋਰ ਖੁੱਲ੍ਹ ਗਿਆ ਤੇ ਆਪਣੀਆਂ ਕਹਾਣੀਆਂ ਸੁਣਾਣ ਲੱਗਾ। ਉਹਨੇ ਆਪਣੀ ਸੈਕਟਰੀ ਨੂੰ ਵੀ ਫਸਾਇਆ ਹੋਇਆ ਸੀ। ਆਉਂਦੀ ਉਹ ਦਫ਼ਤਰ ਆਪ ਸੀ। ਲੋਕਲ ਟ੍ਰੇਨ 'ਤੇ। ਸ਼ਾਮੀ ਉਹ ਉਹਨੂੰ ਦਫ਼ਤਰੋਂ ਮਿਲੀ ਕਾਰ 'ਚ ਛੱਡਣ ਜਾਂਦਾ ਸੀ। ਰਾਹ 'ਚ ਉਹ ਉਹਨੂੰ ਪੁੱਛਦਾ, 'ਅੱਜ ਚੱਡੀ ਪਾਈ ਹੋਈ ਆ?' ਜੇ ਉਹ ਕਹਿੰਦੀ ਨਹੀਂ, ਤਾਂ ਉਹਨੂੰ ਉਹ ਓਧਰੋਂ ਲਿਜਾਂਦਾ, ਜਿਧਰੋਂ ਛੋਟਾ ਜਿਹਾ ਜੰਗਲ ਆਉਂਦਾ ਸੀ। ਓਥੇ ਜਾ ਉਹਨੂੰ ਉਹ ਜੰਗਲ 'ਚ ਲੈ ਜਾਂਦਾ ਤੇ ਮਜ਼ੇ ਕਰਦਾ। ਮੈਨੂੰ ਫੇਰ ਰਸ਼ਕ ਹੋਇਆ। ਮੈਂ ਤਾਂ ਕਦੀ ਅਲਿਜ਼ਬਥ ਤੋਂ ਇਹ ਸਵਾਲ ਨਹੀਂ ਸੀ ਪੁੱਛਿਆ। ਪੁੱਛਦਾ ਵੀ ਕਿਵੇਂ? ਉਹ ਮੇਰੀ ਸੈਕਟਰੀ ਨਹੀਂ ਸੀ। ਨਾ ਹੀ ਸਾਡੇ ਰਾਹ 'ਚ ਕੋਈ ਜੰਗਲ ਆਉਂਦਾ ਸੀ। ਸਾਡੇ ਰਾਹ 'ਚ ਲੋਕ ਨਾਇਕ ਹਸਪਤਾਲ ਆਉਂਦਾ ਸੀ, ਜਿਹਨੂੰ ਓਦੋਂ ਇਰਵਿਨ ਹਸਪਤਾਲ ਕਹਿੰਦੇ ਸਨ।

ਮੈਂ ਆਪਣੇ ਓਸ ਖੁਰਾਣੇ ਨੂੰ ਪੁੱਛਿਆ, 'ਸੱਚ ਦੱਸ, ਤੇਰੀ ਵਹੁਟੀ ਸੁਹਣੀ ਏਂ ਕਿ ਤੇਰੀ ਇਹ ਸੈਕਟਰੀ?' ਉਹਦਾ ਜਵਾਬ ਸੀ, 'ਮੇਰੀ ਵਹੁਟੀ। ਸੈਕਟਰੀ ਦਾ ਉਹਦੇ ਨਾਲ ਕੋਈ ਮੁਕਾਬਲਾ ਨਹੀਂ।' ਮੈਂ ਪੁੱਛਿਆ, 'ਫੇਰ ਤੂੰ ਕਿਉਂ ਏਸ ਕਰਾਂਟਨ ਪਿੱਛੇ ਪਾਗਲ ਹੋਈ ਫਿਰਨੈਂ?' ਆਪਣਾ ਇਹ ਸਵਾਲ ਪੁੱਛਣ ਵੇਲੇ ਮੈਨੂੰ ਚੇਤੇ ਨਾ ਰਿਹਾ ਕਿ ਥੋੜ੍ਹਾ ਬਹੁਤਾ ਪਾਗਲ ਤਾਂ ਮੈਂ ਵੀ ਹੋਇਆ ਰਿਹਾਂ। ਉਸ ਬਾਂਕੀ ਸਿੰਧਨ ਪਿੱਛੇ। ਉਸ ਬੰਬਈ ਟੁਰ ਗਈ, ਐਂਗਲੋ-ਇੰਡੀਅਨ ਜਿਹੀ ਪਿੱਛੇ। ਤੇ ਫੇਰ ਹਰ ਰੋਜ਼ ਦੋਹਰ ਲਵਾਂਦੀ ਅਲਿਜ਼ਬਥ ਪਿੱਛੇ। ਵਹੁਟੀ ਮੇਰੀ ਵੀ ਹੂਰਾਂ ਪਰੀ ਏ। ਖੁਰਾਣੇ ਨੇ ਆਪਣਾ ਗਿਲਾਸ ਰੱਖ ਦਿੱਤਾ ਤੇ ਸਮਝਾਣ ਲੱਗਾ, 'ਕਿਉਂ ਨਾ ਹੋਵਾਂ?! ਮਰਦ ਹਾਂ ਭਾਈ। ਵੇਖ, ਮਰਦ ਬੜੀ ਲਾਲਚੀ ਚੀਜ਼ ਹੁੰਦੈ। ਉਹਨੂੰ ਜਿਸਮ ਚਾਹੀਦੈ ਹੁੰਦੈ। ਵੰਨ ਵੰਨ ਦਾ। ਉਹਦਾ ਇਕੋ ਨਾਲ ਰੱਜ ਨਹੀਂ ਹੁੰਦਾ। ਉਹਦਾ ਕਸੂਰ ਨਹੀਂ। ਉਹ ਬਣਿਆ ਹੀ ਇਸ ਤਰ੍ਹਾਂ ਦਾ ਹੋਇਐ। ਜੇ ਮੇਰੀਆਂ ਦੋ ਸੈਕਟਰੀਆਂ ਵੀ ਹੁੰਦੀਆਂ, ਮੈਂ ਦੋਵਾਂ ਨੂੰ ਆਪਣੀ ਕਾਰ ਦੇ ਝੂਟੇ ਦਵਾਂਦਾ ਤੇ ਜੰਗਲ ਦੀ ਸੈਰ ਕਰਾਂਦਾ।'

ਮੈਂ ਪੁੱਛਿਆ, 'ਤੇਰੀ ਏਸ ਸੈਕਟਰੀ ਨੂੰ ਕੀ ਚਾਹੀਦਾ ਹੋਏਗਾ?' ਉਹਦਾ ਜਵਾਬ ਸੀ, 'ਕਦੀ ਸੋਚਿਆ ਨਹੀਂ ਮੈਂ। ਕੁਝ ਤਾਂ ਚਾਹੀਦਾ ਹੋਏਗਾ ਉਹਨੂੰ ਵੀ। ਸ਼ਾਇਦ ਉਹਨੂੰ ਵੀ ਜਿਸਮ ਚਾਹੀਦਾ ਹੋਵੇਗਾ। ਪਰ ਮੇਰੇ ਜਿੰਨਾ ਨਹੀਂ। ਸ਼ਾਇਦ ਮੈਨੂੰ ਖੁਸ਼ ਰੱਖਣਾ ਚਾਹੁੰਦੀ ਹੋਏਗੀ। ਮੈਂ ਬੌਸ ਹਾਂ ਉਹਦਾ। ਉਹਦੀ ਨੌਕਰੀ ਕਾਇਮ ਰੱਖ ਸਕਨਾਂ। ਉਹਦੀ ਤਰੱਕੀ ਕਰਾ ਸਕਨਾਂ। ਲੋੜਵੰਦ ਹੋਵੇਗੀ ਵਿਚਾਰੀ। ਸੁਰੱਖਿਆ ਚਾਹੁੰਦੀ ਹੋਵੇਗੀ। ਸ਼ਾਇਦ ਕੁਝ ਹੋਰ ਵੀ। ਮੈਂ ਬਹੁਤਾ ਸੋਚਿਆ ਨਹੀਂ ਕਦੀ। ਮੈਨੂੰ ਆਪਣਾ ਤਾਂ ਪੂਰਾ ਪਤੈ। ਜਿਸਮ ਤੋਂ ਅੱਗੇ ਹੋਰ ਕੁਝ ਨਹੀਂ ਦਿਸਦਾ ਮੈਨੂੰ।'

ਖੁਰਾਣਾ ਚਲਾ ਗਿਆ। ਏਥੇ ਆਪਣੀ ਸੁਹਣੀ ਵਹੁਟੀ ਨਾਲ ਲੱਗ ਕੇ ਪਿਆ ਮੈਂ ਚੋਖਾ ਚਿਰ ਚਿਤਾਰਦਾ ਰਿਹਾ, ਜੋ ਮੈਨੂੰ ਖੁਰਾਣਾ ਕਹਿ ਗਿਆ ਸੀ। ਉਹਦੀ ਗੱਲ 'ਚ ਵਜ਼ਨ ਲੱਗ ਰਿਹਾ ਸੀ। ਆਪਣੇ 'ਤੇ ਕੁਝ ਤਰਸ ਵੀ ਆ ਰਿਹਾ ਸੀ। ਨਾ ਮੈਂ ਬਰਾਂਚ ਮੈਨੇਜਰ ਬਣਨਾ ਸੀ ਤੇ ਨਾ ਹੀ ਮੇਰੀ ਕਦੀ ਕੋਈ ਸੈਕਟਰੀ ਹੋਣੀ ਸੀ।

000

ਮੈਨੂੰ ਏਸ ਵੇਲ਼ੇ, ਏਸੇ ਤਰ੍ਹਾਂ ਦਾ, ਨਾਲ ਜੁੜਦਾ, ਹੋਰ ਵੀ ਬਹੁਤ ਕੁਝ ਯਾਦ ਆ ਰਿਹੈ। ਉਹ ਵੀ ਸੁਣਾ ਸਕਨਾਂ। ਪਰ ਸੋਚਦਾਂ, ਰਹਿਣ ਹੀ ਦਿਆਂ। ਪਹਿਲੋਂ ਹੀ ਤੁਹਾਡਾ ਕਾਫ਼ੀ ਸਿਰ ਖਾ ਚੁੱਕਾਂ। ਪਰ ਕੀ ਕਰਾਂ, ਇਕ ਗੱਲ ਬਾਹਰ ਨਿਕਲਣ ਨੂੰ ਬੜਾ ਭੁੜਕ ਰਹੀ ਏ। ਉਹਨੂ ਕੱਢ ਹੀ ਦੇਨਾਂ। ਛੋਟੀ ਜਿਹੀ ਏ। ਸੁਣ ਲੌ ਉਹ ਵੀ।

ਹੋਇਆ ਇਹ ਕਿ ਕੁਝ ਸਾਲਾਂ ਬਾਅਦ ਮੇਰੀ ਤਰੱਕੀ ਹੋ ਗਈ। ਮੈਨੂੰ ਸੈਕਟਰੀ ਤਾਂ ਨਾ ਮਿਲੀ, ਵੱਖਰਾ ਕਮਰਾ ਮਿਲ ਗਿਆ। ਛੋਟਾ ਜਿਹਾ। ਆਪਣਾ ਵੱਖਰਾ ਸਟਾਫ਼ ਵੀ। ਛੇ ਬੰਦੇ। ਵਿਚ ਚਾਰ ਬੀਬੀਆਂ। ਇਕ ਚੰਗੀ ਦਿਲਕਸ਼। ਉਮਰੋਂ ਛੋਟੀ। ਬੜੀ ਸਜ-ਧਜ ਕੇ ਆਉਂਦੀ। ਜਿਵੇਂ ਦਫ਼ਤਰ ਨਹੀਂ, ਫੈਸ਼ਨ ਪ੍ਰੇਡ 'ਤੇ ਆ ਰਹੀ ਹੋਵੇ। ਨਖਰਾ ਵੀ ਸੀ। ਨਜ਼ਾਕਤ ਵੀ। ਕੰਮ 'ਚ ਕੋਈ ਖ਼ਾਸ ਚੰਗੀ ਨਹੀਂ ਸੀ। ਮੈਂ ਕਿਸੇ ਬਹਾਨੇ ਉਹਨੂੰ ਕਮਰੇ 'ਚ ਸੱਦ ਲੈਂਦਾ। ਉਹ ਆਉਂਦੀ ਤੇ ਨਿੱਠ ਕੇ ਬਹਿੰਦੀ। ਗੱਲਾਂ 'ਚੋਂ ਗੱਲ ਕੱਢਦੀ ਰਹਿੰਦੀ। ਹੁਸ਼ਿਆਰ ਸੀ ਬੜੀ। ਕਿਸੇ ਨਾ-ਅਹਿਲ ਸੀ.ਏ. ਦੀ ਬੀਵੀ ਸੀ। ਸਕੂਲ ਜਾਂਦੀ ਇਕ ਛੋਟੀ ਜਿਹੀ ਕੁੜੀ ਸੀ ਉਹਦੀ। ਹਰ ਵੇਲ਼ੇ ਆਪਣੇ ਰੋਣੇ ਰੋਂਦੀ ਰਹਿੰਦੀ। ਆਪਣੇ ਆਪ ਨੂੰ ਅਭਾਗਣ ਸਮਝਦੀ, ਜਿਹਦੇ ਨਾਲ ਜ਼ਿੰਦਗੀ ਦੇ ਹਰ ਮੋੜ 'ਤੇ ਧੱਕਾ ਹੋਇਆ ਹੋਵੇ। ਮੇਰੇ ਛੋਟੇ ਜਿਹੇ ਕਮਰੇ ਦੀ ਇਸ ਤਰ੍ਹਾਂ ਦੀ ਕੁਝ ਹਫ਼ਤਿਆਂ ਦੀ ਸਹੂਲਤ ਨਾਲ ਮੈਨੂੰ ਇਕ ਕਮਾਲ ਦਾ ਅਹਿਸਾਸ ਹੋਣ ਲੱਗਾ। ਮੈਨੂੰ ਜਾਪਣ ਲੱਗ ਪਿਆ, ਉਹਦੇ ਨਕਸ਼ ਕੁਝ ਕੁਝ ਫਟਫਟੀਏ ਵਾਲੀ ਐਂਗਲੋ-ਇੰਡੀਅਨ ਲੱਗਦੀ ਬੀਬੀ ਨਾਲ ਮਿਲਦੇ ਸਨ। ਉਹਦੀ ਤੋਰ ਮੇਰੀ ਚਾਰ ਨੰਬਰ ਬਸ ਵਾਲੀ ਬਾਂਕੀ ਸਿੰਧਨ ਵਰਗੀ ਸੀ। ਉਹਦੇ ਰੰਗ 'ਚ ਅਲਿਜਬਥ ਜਿਹਾ ਕੁਝ ਸੀ। ਓਨਾ ਪੱਕਾ ਨਹੀਂ ਸੀ। ਸਾਂਵਲਾ ਸੀ। ਪਰ ਝਉਲਾ ਅਲਿਜ਼ਬਥ ਦਾ ਹੀ ਪੈਂਦਾ ਸੀ। ਬਸੰਤੀ ਵੇਸ ਤੇ ਫਿੱਕੀ ਗ਼ੁਲਾਬੀ ਲਿਪਸਟਿਕ ਉਹਨੂੰ ਵੀ ਸੋਭਦੀ ਸੀ। ਇਸ ਅਹਿਸਾਸ ਪਿੱਛੋਂ ਉਹ ਮੈਨੂੰ ਹੋਰ ਨੇੜੇ ਜਾਪਣ ਲੱਗ ਪਈ। ਮੈਨੂੰ ਲੱਗਣ ਲੱਗ ਪਿਆ ਕਿ ਜੇ ਮੈਂ ਹੋਰ ਅੱਗੇ ਵਧਾਂ, ਉਹਨੂੰ ਮਾੜਾ ਨਹੀਂ ਲੱਗੇਗਾ।

ਹੁਣ ਮੇਰੇ ਕੋਲ਼ ਕਾਰ ਵੀ ਹੈ ਸੀ। ਪੁਰਾਣੀ, ਪਰ ਚੰਗੀ ਠੀਕ-ਠਾਕ ਕੀਤੀ ਹੋਈ ਐਮਬੈਸਾਡੋਰ। ਲੈਮਬਰੇਟਾ ਮੈਂ ਬੰਨੇ ਲਾ ਦਿੱਤਾ ਹੋਇਆ ਸੀ। ਇਸ ਕਾਰ 'ਚ ਮੈਂ ਏਸ ਬੀਬੀ ਨੂੰ ਦਫ਼ਤਰ ਬੰਦ ਹੋਣ 'ਤੇ ਘਰ ਲਿਜਾ ਸਕਦਾ ਸਾਂ। ਇਕੋ ਮੁਸ਼ਕਿਲ ਸੀ ਕਿ ਮੈਂ ਹੁਣ ਰਾਜੌਰੀ ਗਾਰਡਨ ਰਹਿੰਦਾ ਸਾਂ ਤੇ ਉਹ ਭੋਗਲ ਰਹਿੰਦੀ ਸੀ। ਪੁੱਠਾ ਪਾਸਾ ਸੀ। ਉਹਨੂੰ ਨਾਲ ਲਿਜਾਣ ਦੀ ਤੁਕ ਨਹੀਂ ਸੀ ਬਣਦੀ। ਜੇ ਲੈ ਵੀ ਜਾਂਦਾ ਤਾਂ ਰਾਹ 'ਚ ਕੋਈ ਜੰਗਲ ਨਹੀਂ ਸੀ ਪੈਂਦਾ। ਇਕ ਵੇਲੇ ਪੈਂਦਾ ਸੀ। ਵੈਲਜ਼ਲੀ ਰੋਡ ਦੇ ਵਿਚਾਲੇ ਕਰਕੇ, ਉਹੀਉ ਜਿਹਨੂੰ ਅੱਜਕਲ ਜ਼ਾਕਿਰ ਹੁਸੈਨ ਮਾਰਗ ਕਹਿੰਦੇ ਨੇ। ਪਿੱਛੋਂ ਓਥੇ ਗੋਲਫ਼ ਕਲੱਬ ਬਣ ਗਈ। ਹੁਣ ਤਾਂ ਰਾਹ 'ਚ ਰੇਲਵੇ ਲਾਈਨ ਹੀ ਆਉਂਦੀ ਸੀ। ਉਹਦਾ ਫਾਟਕ ਅਕਸਰ ਬੰਦ ਰਹਿੰਦਾ ਸੀ। ਅਖ਼ੀਰ ਮੈਨੂੰ ਆਪਣੇ ਕਮਰੇ 'ਚ ਹੀ ਕੰਮ ਚਲਾਣਾ ਪਿਆ। ਚੰਗਾ ਚੁੰਮ ਚੱਟ ਲਿਆ। ਜੱਫੀਆਂ ਪਾ ਲਈਆਂ। ਛਾਤੀਆਂ ਪਲੋਸ ਲਈਆਂ। ਬਸ ਹੋਰ ਕੁਝ ਨਾ। ਗੁੰਜਾਇਸ਼ ਹੀ ਨਹੀਂ ਸੀ। ਕਮਰਾ ਮੇਰਾ ਲਾਂਭੇ ਨਹੀਂ ਸੀ। ਉਹਦਾ ਬੂਹਾ ਵੀ ਥੋੜ੍ਹਾ ਜਿਹਾ ਖੁੱਲ੍ਹਾ ਰਹਿੰਦਾ ਸੀ। ਬੜਾ ਧਿਆਨ ਰੱਖਣਾ ਪੈਂਦਾ। ਜੇ ਫੜੇ ਜਾਂਦੇ ਤਾਂ ਨਮੋਸ਼ੀ ਹੁੰਦੀ।

ਉਹ ਵਿਚਾਰੀ ਕਹਿੰਦੀ ਰਹਿੰਦੀ, ਕਦੀ ਮੇਰੇ ਘਰ ਆਵੋ। ਪਰ ਜਿੰਨਾ ਚਿਰ ਉਹ ਮੇਰੇ ਸੈਕਸ਼ਨ 'ਚ ਰਹੀ, ਇਹਦਾ ਸਬੱਬ ਹੀ ਨਾ ਬਣਿਆ। ਫੇਰ ਉਹਦੀ ਕਿਸੇ ਹੋਰ ਸੈਕਸ਼ਨ 'ਚ ਬਦਲੀ ਹੋ ਗਈ ਤੇ ਉਹ ਪਰਾਈ ਹੋ ਗਈ।

ਇਕ ਬੜੀ ਵਚਿੱਤਰ ਗੱਲ ਹੋਈ। ਏਸ ਸਾਰੇ ਸਮੇਂ ਘਰ ਮੇਰਾ ਆਪਣੀ ਸੁਹਣੀ

ਵਹੁਟੀ ਨਾਲ ਪਿਆਰ ਹੋਰ ਵੀ ਵਧ ਗਿਆ। ਮੇਰੀ ਵਹੁਟੀ ਨੂੰ ਜਿਵੇਂ ਕੋਈ ਨਵਾਂ ਰੂਪ ਚੜ੍ਹ ਆਇਆ। ਉਹਦੀਆਂ ਭੈਣਾਂ ਰਸ਼ਕ ਕਰਨ ਲੱਗੀਆਂ। ਮੇਰੇ 'ਤੇ ਵੀ ਵਾਰੇ-ਵਾਰੇ ਜਾਣ ਲੱਗੀਆਂ। ਥੋੜ੍ਹਾ ਬਹੁਤਾ, ਸਹਿੰਦਾ ਸਹਿੰਦਾ, ਮੈਂ ਵੀ ਉਹਨਾਂ 'ਤੇ ਵਾਰੇ-ਵਾਰੇ ਗਿਆ।

000

ਤੁਹਾਨੂੰ ਇਹ ਸਭ ਕੁਝ ਸੁਣਾਣ ਨਾਲ, ਹੋਰ ਕੁਝ ਨਹੀਂ ਤਾਂ ਮੈਨੂੰ ਇਕ ਫ਼ਾਇਦਾ ਤਾਂ ਹੋ ਹੀ ਗਿਐ। ਪਹਿਲਾਂ ਨਾਲੋਂ ਜ਼ਿਆਦਾ ਮਰਦ ਮਹਿਸੂਸ ਕਰ ਰਿਹਾ ਹਾਂ। ਨਾਲੇ ਇਹ ਵੀ ਯਕੀਨ ਹੋ ਗਿਐ ਕਿ ਮੇਰੇ ਚੇਤੇ ਨੂੰ ਕੁਝ ਨਹੀਂ ਹੋਇਆ ਤੇ ਮੈਨੂੰ ਹੋਮਿਓਪੈਥੀ ਦੀਆਂ ਦਵਾਈਆਂ ਦੀ ਲੋੜ ਨਹੀਂ। ਜੇ ਮੈਨੂੰ ਆਪਣੇ ਨਾਲ ਪੰਜਾਹ-ਸੱਠ ਸਾਲ ਪਹਿਲੋਂ ਹੋਇਆ-ਬੀਤਿਆ ਇੰਝ ਇੰਨ-ਬਿੰਨ ਯਾਦ ਏ ਤਾਂ ਮੇਰੇ ਚੇਤੇ ਦੀਆਂ ਸੱਤੇ ਖ਼ੈਰਾਂ ਨੇ। ਕਮਾਲ ਏ, ਮੈਨੂੰ ਇਹ ਵੀ ਯਾਦ ਏ ਕਿ ਐਂਗਲੋ-ਇੰਡੀਅਨ ਲੱਗਦੀ ਬੀਬੀ ਨਾਲ ਜਦੋਂ ਮੇਰਾ ਪਹਿਲਾ ਮੇਲ ਹੋਇਆ ਸੀ, ਉਹਦੇ ਕੱਪੜੇ ਕਿਸ ਰੰਗ ਦੇ ਸਨ। ਅਲਿਜ਼ਬਥ ਦੀ ਬਸੰਤੀ ਡ੍ਰੈੱਸ, ਉਹਦੀ ਫਿੱਕੀ ਗ਼ੁਲਾਬੀ ਲਿਪਸਟਿੱਕ, ਵੀ ਯਾਦ ਏ। ਜਿਹੜੀ ਬੋਤਲ ਖ਼ੁਰਾਣੇ ਅੱਗੇ ਰੱਖੀ ਸੀ, ਉਹਦਾ ਬਰੈਂਡ ਵੀ ਯਾਦ ਏ ਤੇ ਉਸ ਬਸ ਦਾ ਨੰਬਰ ਵੀ, ਜਿਸ 'ਤੇ ਉਹ ਬਾਂਕੀ ਸਿੰਧਨ ਕਨਾਟ ਪਲੇਸ ਜਾਂਦੀ ਸੀ।

ਮੈਂ ਹੋਮਿਓਪੈਥੀ ਦੀਆਂ ਦਵਾਈਆਂ ਵਾਲੀ ਮਾਰਕੀਟ ਪਹੁੰਚ ਤਾਂ ਗਿਆ, ਪਰ ਦਵਾਈਆਂ ਨਾ ਖਰੀਦੀਆਂ। ਐਂਗਲੋ-ਇੰਡੀਅਨ ਲੱਗਦੀ ਬੀਬੀ, ਆਪਣੀ ਸਿੰਧਨ, ਅਲਿਜ਼ਬਥ ਤੇ ਖ਼ੁਰਾਣੇ ਦੀ ਸੈਕਟਰੀ ਨੂੰ ਚਿਤਾਰਦਾ ਵਾਪਸ ਘਰ ਨੂੰ ਹੋ ਪਿਆ। ਦਿੱਲੀ ਗੇਟੋਂ ਨਿਕਲ ਰਾਹ ਉਹ ਫੜਿਆ, ਜਿੱਥੇ ਅਲਿਜ਼ਬਥ ਦਾ ਦਫ਼ਤਰ ਹੁੰਦਾ ਸੀ। ਉਸ ਬਸ ਸਟੈਂਡ ਕੋਲੋਂ ਦੀ ਲੰਘਿਆ, ਜਿੱਥੇ ਖੜ੍ਹੀ ਉਹ ਮੈਨੂੰ ਉਡੀਕਦੀ ਹੁੰਦੀ ਸੀ। ਸਾਰਾ ਰਾਹ ਇਹੋ ਤਾਂਘਦਾ ਕਿ ਕਾਸ਼ ਉਹ ਰਸ-ਰਸੀਲੇ ਦਿਨ ਵਾਪਸ ਆ ਜਾਣ।

ਮੈਂ ਹੁਣ ਸਿੱਧੇ ਰਾਹ ਪਿਆ ਹੋਇਆ ਹਾਂ। ਦਵਾਈਆਂ ਦੇ ਮੇਰੇ ਪੈਸੇ ਬਚ ਗਏ ਨੇ। ਬੱਚਤ ਹੋ ਗਈ ਏ, ਪਰ ਮੈਨੂੰ ਇਹਦੀ ਖ਼ੁਸ਼ੀ ਨਹੀਂ ਹੋ ਰਹੀ। ਕੁਝ ਸੋਚ ਮੈਨੂੰ ਇਹਦੀ ਸਮਝ ਲੱਗ ਗਈ। ਆਪਣੀ ਹੋਮਿਓਪੈਥ ਕੋਲ ਜਾਣਾ ਮੈਨੂੰ ਮਾੜਾ ਨਹੀਂ ਲਗਦਾ। ਉਹਦੇ ਕੋਲ ਜਾਣ ਨੂੰ ਹਰ ਵੇਲੇ ਤਿਆਰ ਰਹਿੰਦਾ ਹਾਂ। ਮੇਰੇ ਨਾਲੋਂ ਅੱਧੀ ਉਮਰ ਦੀ ਏ। ਬੜੀ ਸੁਹਣੀ। ਮੂਰਤ ਦੀ ਮੂਰਤ। ਗੱਲਾਂ ਬੜੀ ਅਦਾ ਨਾਲ ਕਰਦੀ ਏ। ਅੱਖਾਂ ਵੀ ਮਟਕਾਂਦੀ ਰਹਿੰਦੀ ਏ। ਪੂਰੀ 'ਕੁਆਲੀਫਾਈਡ' ਏ। ਹੋਮਿਓਪੈਥੀ ਦਾ ਕਾਲਿਜ ਪਾਸ ਕੀਤਾ ਹੋਇਆ ਏ ਉਹਨੇ। ਹੋਮਿਓਪੈਥ ਨਬਜ਼ ਨਹੀਂ ਵੇਖਦੇ। ਪਰ ਉਹ ਵੇਖਦੀ ਏ। ਮੈਨੂੰ ਉਹਦੀ ਛੋਹ ਚੰਗੀ ਲੱਗਦੀ ਏ। ਹੋਮਿਓਪੈਥ ਆਪਣੀਆਂ ਦਵਾਈਆਂ ਨੂੰ ਖ਼ੁਸ਼ਬੋ ਤੋਂ ਬਚਾਂਦੇ ਨੇ। ਪਰ ਉਹ ਖ਼ੁਸ਼ਬੋ ਲਾ ਕੇ ਰੱਖਦੀ ਏ। ਨਿੰਮ੍ਹੀ ਜਿਹੀ। ਕਦੀ ਲੱਗਦੈ, ਹੈ ਤੇ ਕਦੀ ਲੱਗਦਾ ਨਹੀਂ। ਉਹਦੇ ਕੋਲ ਜਾ ਕੇ ਚੰਗਾ ਲੱਗਦੈ। ਅੱਧਾ ਰੋਗ ਤਾਂ ਉਹਨੂੰ ਵੇਖ ਕੇ ਹਰਨ ਹੋ ਜਾਂਦੈ। ਫ਼ੀਸ ਲੈਂਦੀ ਏ। ਪਰ ਫ਼ੀਸ ਦਾ ਕੀ ਏ। ਮੈਨੂੰ ਉਹ ਦਕਸ਼ਨਾ ਲੱਗਦੀ ਏ। ਇਕ ਤਰ੍ਹਾਂ ਦਾ ਚੜ੍ਹਾਵਾ। ਉਹਦੇ ਰੂਪ ਨੂੰ। ਉਹਦੀ ਛੋਹ ਤੇ ਉਹਦੀ ਆਉਂਦੀ-ਨਾ-ਆਉਂਦੀ ਖ਼ੁਸ਼ਬੋ ਨੂੰ। ਕੋਈ ਰੋਗ ਲੱਗਾ ਰਹੇ ਤਾਂ ਠੀਕ ਏ। ਉਹਦੇ ਨਾਲ ਮੁਲਾਕਾਤ ਹੁੰਦੀ ਰਹੇਗੀ।

ਇਹ ਨਾ ਸਮਝੋ ਕਿ ਮੈਨੂੰ ਨਹੀਂ ਪਤਾ ਕਿ ਹੁਣ ਮੇਰੀ ਉਮਰ ਰੂਹਾਨੀ ਸਾਂਝਾਂ ਵਾਲੀ ਏ, ਜਿਸਮਾਨੀ ਸਾਂਝਾਂ ਵਾਲੀ ਨਹੀਂ। ਮੈਂ ਉਹਦੇ ਨਾਲ ਕੋਈ ਵੀ ਸਾਂਝ ਨਹੀਂ ਪਾਣਾ ਚਾਹੁੰਦਾ। ਐਵੇਂ ਗੱਲ ਹੀ ਕਰ ਰਿਹਾ ਹਾਂ।

ਚਲੋ ਛੱਡੀਏ ਹੁਣ ਇਸ ਐਵੇਂ ਜਿਹੀ ਗੱਲ ਨੂੰ। ਮੈਂ ਰਾਜੌਰੀ ਗਾਰਡਨ ਪਹੁੰਚਣ ਵਾਲਾਂ। ਆਪਣੀ ਕਈ ਦਹਾਕੇ ਪੁਰਾਣੀ, ਅਜੇ ਵੀ ਸੁਹਣੀ, ਵਹੁਟੀ ਕੋਲ। ਪਹਿਲਾਂ ਨਾਲੋਂ ਜ਼ਿਆਦਾ ਮਰਦ ਮਹਿਸੂਸ ਕਰਦਾ। ❑❑

[C-13, ਗ੍ਰੇਟਰ ਕੈਲਾਸ਼, ਐਨਕਲੇਵ-1, ਨਵੀਂ ਦਿੱਲੀ-110 048]

ਚੱਕਰਵਿਊ : ਕਹਾਣੀ : ਸੰਦੀਪ ਚੀਮਾ

ਮੈਂ ਅੱਜ ਬੜੇ ਦਿਨਾਂ ਬਾਅਦ ਪਿੰਡ ਜਾ ਰਿਹਾਂ। ਉਂਝ ਤਾਂ ਦੋ ਕੁ ਮਹੀਨੇ ਪਹਿਲਾਂ ਘੰਟੇ ਕੁ ਲਈ ਪਿੰਡ ਗਿਆ ਸੀ ਪਰ ਸਾਰੀ ਨਾਟਕ ਟੀਮ ਨਾਲ਼ ਹੋਣ ਕਰਕੇ ਘਰ ਦੇ ਕਿਸੇ ਜੀਅ ਨਾਲ਼ ਕੋਈ ਚੰਗੀ ਤਰ੍ਹਾਂ ਗੱਲਬਾਤ ਨਹੀਂ ਸੀ ਹੋ ਸਕੀ। ਉਸੇ ਸ਼ਾਮ ਯੂਥ ਕਲੱਬ ਅਮਲੋਹ ਦੇ ਸੱਦੇ 'ਤੇ ਨਾਟਕ ਖੇਡਣੇ ਸਨ ਅਤੇ ਰਾਤ ਨੂੰ ਪਟਿਆਲ਼ੇ ਵਾਪਸੀ ਕਰਨੀ ਸੀ। ਅਗਲੇ ਦਿਨ ਏਕਨੂਰ ਨੇ ਸਕੂਲ ਜਾਣਾ ਸੀ। ਮੇਰੇ ਨਾਲ਼ ਹੁਣ ਤਾਂ ਪਤਨੀ ਤੇ ਏਕਨੂਰ ਨੂੰ ਵੀ ਆਦਤ ਪੈ ਗਈ ਐ, ਇਸ ਤਰ੍ਹਾਂ ਦੇਰ-ਸਵੇਰ ਘਰ ਮੁੜਨ ਦੀ। ਹੁਣ ਤਾਂ ਸਗੋਂ ਅਸੀਂ ਇਸ ਦੌੜ-ਭੱਜ ਨੂੰ ਇੰਜੁਆਏ ਕਰਨ ਲੱਗੇ ਆਂ, ਟੀਮ ਦੇ ਦੂਜੇ ਮੁੰਡਿਆਂ ਨਾਲ਼ ਰਾਤ-ਰਾਤ ਹਾਸਾ-ਮਜ਼ਾਕ ਚੱਲਦਾ ਰਹਿੰਦਾ ਏ। ਇੱਕ ਖ਼ੁਸ਼ੀ ਜਿਹੀ ਵੀ ਰਹਿੰਦੀ ਏ ਕਿ ਸਮਾਜ ਲਈ ਕੁੱਝ ਕਰ ਰਹੇ ਆਂ। ਮੈਨੂੰ ਤਾਂ ਸੋਲਾਂ ਸਾਲ ਹੋ ਗਏ ਨੇ ਨਾਟਕ ਖੇਡਦਿਆਂ। ਏਕਨੂਰ ਨੂੰ ਵੀ ਤਿੰਨ ਚਾਰ ਸਾਲ ਹੋ ਈ ਗਏ ਨੇ, ਕਿੰਨੀ ਨੈਚੂਰਲ ਐਕਟਿੰਗ ਕਰਦੈ ਹੁਣ ਤਾਂ। ਹਾਲ਼ੇ ਮੈਂ ਤਾਂ ਕਈ ਵਾਰ ਕਿਰਦਾਰ 'ਚੋਂ ਬਾਹਰ ਹੋ ਵੀ ਜਾਨਾਂ। ਹਾਂ, ਪਿਛਲੀ ਵਾਰ ਜਦੋਂ ਪਿੰਡ ਗਏ ਸੀ ਤਾਂ ਮੁੜਨ ਲੱਗਿਆਂ 'ਬਾਬਾ ਜੀ' ਨੇ ਇਹ ਕਿਉਂ ਕਿਹਾ ਸੀ ਕਿ 'ਮਨਵੀਰ ਸਿੰਆਂ, ਛੇਤੀ ਗੇੜਾ ਮਾਰੀਂ ਤੇਰੇ ਨਾਲ਼ ਕੋਈ ਜਰੂਰੀ ਗੱਲ ਕਰਨੀ ਏ।' ਬਾਬਾ ਜੀ ਅੱਗੇ ਤਾਂ ਕਦੇ ਮੈਨੂੰ 'ਮਨਵੀਰ ਸਿੰਆਂ' ਕਿਹਾ ਨੀ, ਹਮੇਸ਼ਾਂ ਮਨੀ ਹੀ ਕਹਿੰਦੇ ਨੇ। ਮੈਨੂੰ ਉਨ੍ਹਾਂ ਦੇ ਇਸ ਤਰ੍ਹਾਂ ਕਹਿਣ 'ਚ ਵਿਅੰਗ ਜਿਹਾ ਲੱਗਿਆ ਸੀ ਜਾਂ ਸ਼ਾਇਦ ਮੇਰਾ ਵਹਿਮ ਹੀ ਹੋਵੇ।

" ਪਾਪਾ ਮੈਂ ਗਾਣੇ ਸੁਣਨੇ ਆ, ਲਾਉ ਨਾ ਕੋਈ ਕੈਸਿਟ।" ਏਕਨੂਰ ਕਾਰ ਦੇ ਡੈਸ਼-ਬੋਰਡ ਨਾਲ਼ ਛੇੜ-ਛਾੜ ਕਰਨ ਲੱਗਿਆ ਏ, ਮੈਂ ਉਹਦੀ ਪਸੰਦ ਦੀ ਕੋਈ ਬੀਟ-ਸੌਂਗਜ਼ ਵਾਲ਼ੀ ਡਿਸਕ ਲਗਾ ਦਿੱਤੀ ਏ। ਮੈਂ ਉਦੋਂ ਏਕਨੂਰ ਜਿੱਡਾ ਕੁ ਹੀ ਹੁੰਦਾ ਸੀ ਜਦੋਂ ਬਾਬਾ ਜੀ ਪਿੰਡ ਦੇ ਸਰਪੰਚ ਹੁੰਦੇ ਸੀ। ਕਦੇ ਇੱਟਾਂ ਸੁੱਟਵਾ ਰਹੇ ਹੁੰਦੇ, ਕਦੇ ਟੋਭੇ ਵਿੱਚ ਮਿੱਟੀ ਪਵਾ ਰਹੇ ਹੁੰਦੇ। ਤੇ ਮੈਂ ਵੀ ਸਾਰਾ ਦਿਨ ਉਨ੍ਹਾਂ ਦੇ ਨਾਲ਼-ਨਾਲ਼ ਘੁੰਮਦਾ ਰਹਿੰਦਾ। ਬਾਬਾ ਜੀ ਨਾਲ਼ ਮੇਰਾ ਬਚਪਨ ਤੋਂ ਹੀ ਬਹੁਤ ਪਿਆਰ ਏ। ਛੋਟਾ ਹੁੰਦਾ ਪਹਿਲਾਂ ਤਾਂ ਮੈਂ ਭਾਪੇ ਦੇ ਮਗਰ ਲੱਗ ਕੇ ਬਾਬਾ ਜੀ ਨੂੰ 'ਚਾਚਾ-ਚਾਚਾ' ਹੀ ਕਹਿੰਦਾ ਰਿਹਾ। ਫਿਰ ਬੀਬੀ ਨੇ ਸਮਝਾਇਆ ਕਿ ਇੰਨ੍ਹਾਂ ਨੂੰ ਦਾਦਾ ਜੀ ਜਾਂ ਬਾਬਾ ਜੀ ਕਿਹਾ ਕਰ, ਚਾਚਾ ਤਾਂ ਇਹ ਤੇਰੇ ਪਿਉ ਦੇ ਲੱਗਦੇ ਨੇ। ਬੀਬੀ ਨੇ ਹੀ ਦੱਸਿਆ ਸੀ ਕਿ ਬਾਬਾ ਜੀ ਨੇ ਵਿਆਹ ਨਹੀਂ ਸੀ ਕਰਵਾਇਆ। ਸਾਰੀ ਉਮਰ ਫੌਜ ਵਿੱਚ ਹੀ ਕੱਢ ਦਿੱਤੀ, ਪਹਿਲਾਂ ਅਜ਼ਾਦ ਹਿੰਦ ਫੌਜ ਵਿੱਚ ਤੇ ਪਿੱਛੋਂ ਭਾਰਤੀ ਫ਼ੌਜ ਵਿੱਚ। ਮੈਂ ਜਦੋਂ ਥੋੜ੍ਹਾ ਵੱਡਾ ਹੋਇਆ ਤਾਂ ਬਾਬਾ ਜੀ ਨੂੰ ਅਜ਼ਾਦ ਹਿੰਦ ਫੌਜ ਬਾਰੇ ਪੁੱਛਦਾ ਰਹਿੰਦਾ ਤੇ ਉਨ੍ਹਾਂ ਦੀਆਂ ਫੌਜ ਦੀਆਂ ਕਹਾਣੀਆਂ ਮੈਨੂੰ ਬਾਤਾਂ ਵਰਗੀਆਂ ਲੱਗਦੀਆਂ। ਬਾਬਾ ਜੀ ਦੱਸਦੇ, "ਕਾਕੇ ਦੇਸ਼ ਲਈ ਕੁੱਝ ਕਰਨ ਦਾ ਜਨੂੰਨ ਭਮੱਕੜਾਂ ਦੇ ਸੜਨ ਵਰਗਾ ਹੁੰਦੇ। ਤਾਂ ਹੀ ਤਾਂ ਅਸੀਂ ੋਤਾ ਜੀ ਦੇ ਨਾਲ਼ ਰਲ਼ ਗਏ ਸੀ, ਅਸੀਂ ਤਾਂ ਅੰਗਰੇਜ਼ਾਂ ਨੂੰ ਹਰਾ ਦੇਣਾ ਸੀ ਪਰ ਇੰਫਾਲ ਦੀ ਲੜਾਈ 'ਚ ਮੌਸਮ ਖਰਾਬ ਹੋ ਗਿਆ ਤੇ ਅਸੀਂ ਗ੍ਰਿਫਤਾਰ ਹੋ ਗਏ।"

"ਬਾਬਾ ਜੀ ਤੁਸੀਂ ਸੁਭਾਸ਼ ਚੰਦਰ ਬੋਸ ਤੇ ਭਗਤ ਸਿੰਘ ਹੋਰੀਂ ਦੇਖੇ ਨੇ?"

"ਭਗਤ ਸਿੰਘ ਹੋਰੀਂ ਤਾਂ ਪਹਿਲਾਂ ਦੀਆਂ ਗੱਲਾਂ ਨੇ, ਹਾਂ, ਨੇਤਾ ਜੀ ਤਾਂ ਇੰਨੀ ਨੇੜਿਉਂ ਦੇਖੇ ਨੇ ਜਿਵੇਂ ਤੂੰ ਬੈਠੈਂ। ਜੰਗਲ਼ ਵਿੱਚ ਕੈਂਪ ਸੀ ਸਾਡਾ ਜਦੋਂ ਨੇਤਾ ਜੀ ਮਿਲ਼ਣ ਆਏ ਸੀ। ਮੈਂ ਭੱਜ ਕੇ ਅੱਗੇ ਵਧ ਕੇ ਸਲੂਟ ਮਾਰਿਆ ਤਾਂ ਉਨ੍ਹਾਂ ਖ਼ੁਸ਼ ਹੋ ਕੇ ਮੇਰਾ ਮੋਢਾ ਥਾਪੜਿਆ ਤੇ ਨਾਂ ਵੀ ਪੁੱਛਿਆ ਸੀ, ਤੇ ਮੈਂ ਕਿਹਾ ਜੁਝਾਰ ਸਿੰਘ।"

"ਫੇਰ ਥੋਨੂੰ ਅੰਗਰੇਜਾਂ ਨੇ ਛੱਡ ਕਿਵੇਂ ਦਿੱਤਾ, ਉਹ ਤਾਂ ਇੰਨੇ ਜ਼ਾਲਮ ਸੀ?"

"ਛੇਤੀ ਹੀ ਦੇਸ਼ ਅਜ਼ਾਦ ਹੋ ਗਿਆ ਤੇ ਸਾਨੂੰ ਭਾਰਤੀ ਫੌਜ ਵਿੱਚ ਰੱਖ ਲਿਆ। ਆਪਾਂ ਤਾਂ ਦੇਸ਼ ਦੀ ਸੇਵਾ ਹੀ ਕਰਨੀ ਸੀ, ਹੁਣ ਵੀ ਉਹੀ ਕਰ ਰਿਹਾਂ, ਜਿਉਂਦੇ ਜੀਅ ਜਿੰਨਾ ਪਿੰਡ ਲਈ ਕਰ ਸਕਾਂ।"

ਪਰ ਬਾਬਾ ਜੀ ਜਿਆਦਾ ਸਮਾਂ ਪਿੰਡ ਦੀ ਸਰਪੰਚੀ ਨਾ ਕਰ ਸਕੇ, ਪੰਜਾਬ ਦੇ ਕਾਲ਼ੇ ਦਿਨਾਂ ਦੇ ਸਮੇਂ ਉਨ੍ਹਾਂ ਦਾ ਰਾਜਨੀਤੀ ਤੋਂ ਵਿਸ਼ਵਾਸ ਹੀ ਉਡ ਗਿਆ। ਅਸਲ ਵਿਚ ਇਹ ਗੰਦਾ ਰਾਜਨੀਤਿਕ ਸਿਸਟਮ ਦੇਸ਼ ਦਾ ਕੁੱਝ ਸਵਾਰ ਵੀ ਨਹੀਂ ਸਕਦਾ। ਕਾਸ਼ ਅਸੀਂ ਵੀ ਅਜ਼ਾਦੀ ਸਮੇਂ ਰੂਸ ਤੇ ਚੀਨ ਵਾਲ਼ਾ ਸਿਸਟਮ ਅਪਣਾਇਆ ਹੁੰਦਾ।

"ਆਪਾਂ ਤਾਂ ਐਵੇਂ ਮਹਿੰਗੀ ਗੱਡੀ ਲੈ ਲੀ, ਆਪਣਾ ਤਾਂ ਅਲਟੋ ਨਾਲ਼ ਹੀ ਸਰੀ ਜਾਣਾ ਸੀ।" ਪਤਨੀ ਦੀ ਅਵਾਜ਼ ਨਾਲ਼ ਮੇਰੀ ਬਿਰਤੀ ਵਾਪਿਸ ਆ ਗਈ।

"ਲੈ ਡੀਜ਼ਲ ਗੱਡੀ ਦਾ ਫਰਕ ਤਾਂ ਹੁੰਦਾ ਈ ਐ। ਆਉਣਾ- ਜਾਣਾ ਸਸਤਾ ਪੈਂਦਾ ਏ। ਆਪਾਂ ਕੋਈ ਸਟੇਟਸ ਲਈ ਥੋੜ੍ਹਾ ਲਈ ਆ। ਕਈ ਵਾਰ ਦੂਰ-ਨੇੜੇ ਸ਼ੋਅ ਹੁੰਦੇ ਨੇ, ਪਿਛਲੇ ਮਹੀਨੇ ਨਲੀਨੀ ਨੀ ਲਾ ਕੇ ਆਏ ਸ਼ੋਅ, ਪੈਟਰੋਲ ਗੱਡੀ ਹੁੰਦੀ ਤਾਂ ਹਜ਼ਾਰ 'ਚ ਪੈਂਦੀ। ਗੱਡੀ ਕਰਕੇ ਨਾਟਕ ਖੇਡਣੇ ਸੌਖੇ ਹੋ ਗਏ।"

ਨਾਟਕ ਖੇਡਣਾ ਮੇਰਾ ਸ਼ੌਕ ਵੀ ਏ ਤੇ ਸਮਾਜ ਸੇਵਾ ਵੀ। ਅਸਲ ਵਿਚ ਅਸੀਂ ਇਸ ਪੂੰਜੀਵਾਦੀ ਸਿਸਟਮ ਨੂੰ ਬਦਲਣਾ ਚਾਹੁੰਦੇ ਆਂ। ਮੇਰਾ ਖਿਆਲ਼ ਆ, ਉਦੋਂ ਅਜੇ ਮੈਂ ਨੌਵੀਂ 'ਚ ਈ ਪੜ੍ਹਦਾ ਸੀ ਜਦੋਂ 'ਸਾਖਰਤਾ ਮੁਹਿੰਮ' ਦੇ ਨਾਟਕ ਖੇਡਣ ਲੱਗੇ ਸੀ ਸਕੂਲ ਵਾਲ਼ੇ। ਫਿਰ ਤਾਂ ਕਾਲਜ ਜਾ ਕੇ ਹਰ ਸਾਲ ਫੈਸਟੀਵਲ ਲਈ ਨਾਟਕ ਖੇਡੇ। ਕਈ ਵਾਰ ਸ਼ਹਿਰ ਦੀਆਂ ਕਈ ਲੋਕਲ ਸੰਸਥਾਵਾਂ ਵੀ ਨਾਟਕ ਮੁਕਾਬਲੇ ਕਰਵਾਉਂਦੀਆਂ ਤਾਂ ਅਸੀਂ ਜਰੂਰ ਭਾਗ ਲੈਂਦੇ। ਕਾਲਜ ਵਿਚ ਹੀ ਗੁਰਸ਼ਰਨ ਭਾਅ ਜੀ ਤੇ ਅਜਮੇਰ ਔਲਖ ਹੋਰਾਂ ਦੇ ਸਮਾਜਵਾਦੀ ਜਿਹੇ ਨਾਟਕ ਪੜ੍ਹੇ ਤੇ ਖੇਡੇ। ਪੂਰੇ ਸਟੇਜ ਸੈਟ-ਅੱਪ ਵਾਲ਼ੇ ਨਾਟਕ ਹੁੰਦੇ ਸੀ, ਸਾਰਾ ਖਰਚਾ ਤਾਂ ਕਾਲਜ ਦਾ ਹੀ ਹੁੰਦਾ ਸੀ। ਮੈਨੂੰ ਯਾਦ ਐ ਇੱਥੇ ਈ ਪਹਿਲੀ ਵਾਰ ਬਾਬਾ ਜੀ ਨੇ ਸਾਡਾ ਨਾਟਕ ਦੇਖਿਆ ਸੀ। ਨਾਟਕ ਭੂਸ਼ਣ ਪ੍ਰਭਾਕਰ ਜੀ ਦਾ 'ਭਵਿੱਖ' ਸੀ ਤੇ ਨਾਟਕ ਦੇਖ ਕੇ ਬਾਬਾ ਜੀ ਦੀਆਂ ਅੱਖਾਂ ਚਿ ਲਿਸ਼ਕ ਆ ਗਈ ਸੀ। ਮੈਨੂੰ ਵੀ ਬੜਾ ਚੰਗਾ ਲੱਗਿਆ ਸੀ, ਮੈਂ ਤਾਂ ਹਮੇਸ਼ਾ ਬਾਬਾ ਜੀ ਦੀਆਂ ਨਜ਼ਰਾਂ ਵਿੱਚ ਉੱਚਾ ਉਠਣ ਦੀ ਕੋਸ਼ਿਸ਼ ਕਰਦਾ ਸੀ।

ਕਾਲਜ ਤੋਂ ਬਾਅਦ ਬੀ. ਐੱਡ. ਕਰਨ ਸਾਰ ਮੈਨੂੰ ਨੌਕਰੀ ਮਿਲ ਗਈ ਤੇ ਮੈਂ ਆਪਣੀ ਨਾਟਕ ਟੀਮ ਬਣਾ ਲਈ। ਸ਼ੁਰੂ ਤਾਂ ਸਾਨੂੰ ਨੁੱਕੜ ਨਾਟਕਾਂ ਤੋਂ ਹੀ ਕਰਨਾ ਪਿਆ। ਇੰਨਾ ਸਟੇਜ ਸੈਟ-ਅੱਪ ਕਿੱਥੋਂ ਲਿਆਉਂਦੇ। ਨਾਲ਼ੇ ਪਿੰਡਾਂ ਵਿਚ ਸਟੇਜਾਂ ਕਿੱਥੇ ਸਨ। ਇੱਥੇ ਗੁਰਸ਼ਰਨ ਭਾਅ ਜੀ ਆਲ਼ੀ ਤਕਨੀਕ ਬੜੀ ਕੰਮ ਆਈ। ਕਈ ਵਾਰ ਤਾਂ ਦੋ ਰੇੜ੍ਹੇ ਜੋੜ ਕੇ ਵੀ ਸਟੇਜ ਬਣਾਉਣੀ ਪੈਂਦੀ। ਗੁਰਸ਼ਰਨ ਭਾਅ ਜੀ ਤਾਂ ਸ਼ੁਰੂ ਤੋਂ ਹੀ ਮੇਰੇ ਰੋਲ ਮਾਡਲ ਰਹੇ ਨੇ, ਮਿਲੇ ਵੀ ਸੀ ਦੋ- ਤਿੰਨ ਵਾਰ, ਬਣੀ ਕਿਆ ਦਮ ਸੀ ਅਵਾਜ਼ ਵਿਚ। ਫਿਰ ਵਿਆਹ ਤੋਂ ਬਾਅਦ ਮੈਂ ਪਤਨੀ ਨੂੰ ਵੀ ਨਾਲ਼ ਹੀ ਨਾਟਕਾਂ ਵਿਚ ਲਾ ਲਿਆ।

"ਆਹ ਦੇਖੋ, ਔਹ ਥੜ੍ਹਾ, ਇਕ ਵਾਰੀ ਇੱਥੇ ਵੀ ਆਪਾਂ ਸ਼ੋਅ ਕਰਨ ਆਏ ਸੀ ਨਾ?" ਪਤਨੀ ਪਿੰਡ ਆਲੋਵਾਲ਼ ਦੀ ਫਿਰਨੀ 'ਤੇ ਬਣੀ ਸੱਥ ਦੀ ਗੱਲ ਕਰ ਰਹੀ ਆ।

"ਹਾਂ, 'ਟੋਆ' ਤੇ ਸ਼ਾਇਦ 'ਭਵਿੱਖ' ਨਾਟਕ ਖੇਡੇ ਸੀ ਆਪਾਂ।"

"ਨਾਲ਼ੇ ਉਹ ਨਸ਼ੇੜੀ ਜਿਆ ਮੁੰਡਾ ਵੀ ਤਾਂ ਬਹਿਸ ਪਿਆ ਸੀ ਥੋਡੇ ਨਾਲ਼ ਇੱਥੇ। ਮੈਨੂੰ

ਬਹੁਤ ਬੁਰਾ ਲੱਗਿਆ ਸੀ।"

"ਇਹੀ ਤਾਂ ਨਾਟਕ ਦਾ ਅਸਰ ਸੀ, ਕਹਿੰਦਾ ਮੈਂ ਨੀ ਮੰਨਦਾ ਬਈ ਸਾਨੂੰ ਨਸ਼ਿਆਂ 'ਤੇ ਕਿਸੇ ਨੇ ਸੋਚੀ-ਸਮਝੀ ਸ਼ਾਜਿਸ਼ ਕਰਕੇ ਲਾਇਐ। ਕਹਿੰਦਾ ਮੈਂ ਤਾਂ ਆਪੇ ਲੱਗਿਆਂ, ਆਪਣੀ ਮਰਜੀ ਨਾਲ਼। ਫੇਰ ਜਦ ਮੈਂ ਚੰਗੀ ਤਰ੍ਹਾਂ ਨਸ਼ਿਆਂ ਦੇ ਵਪਾਰੀਆਂ ਬਾਰੇ ਦੱਸਿਆ, ਫੇਰ ਮੰਨਿਆ ਭਾਣੇ ਨੂੰ। ਇਹ ਨਸ਼ਿਆਂ ਦਾ ਅੱਧਾ ਵਪਾਰ ਤਾਂ ਲੀਡਰਾਂ ਦੀ ਸਰਪ੍ਰਸਤੀ ਹੇਠ ਹੁੰਦੈ। ਕਦੇ ਨਸ਼ੇ, ਕਦੇ ਧਰਮ, ਕਦੇ ਜਾਤਾਂ। ਲੀਡਰਾਂ ਕੋਲ਼ ਕਿਤੇ ਥੋੜ੍ਹੇ ਚੱਕਰਵਿਊ ਨੇ ਲੋਕਾਂ ਨੂੰ ਉਲਝਾਉਣ ਵਾਸਤੇ।"

"ਪਰ ਲੋਕ ਸਮਝਦੇ ਕਿੱਥੇ ਨੇ?"

"ਨਹੀਂ ਇਹ ਗੱਲ ਨੀ, ਆਪਾਂ ਜਿੱਥੇ-ਜਿੱਥੇ ਵੀ ਨਾਟਕ ਕੀਤੇ ਨੇ, ਅਸਰ ਤਾਂ ਪਿਆ ਈ ਐ। ਅਮਰਗੜ੍ਹ ਨੀ ਸੀ ਜਦ ਸ਼ਾਮ ਨੂੰ ਖੇਡੇ ਆਪਾਂ 'ਸਮਾਜ' ਤੇ 'ਧੀ ਦੀ ਪੁਕਾਰ'। ਬਾਅਦ 'ਚ ਇਕ ਬੁੜ੍ਹੀ ਮੇਰੇ ਕੋਲ਼ ਆਈ, ਕਹਿੰਦੀ 'ਪੁੱਤ ਮੇਰੇ ਦੋ ਪੋਤੀਆਂ ਨੇ, ਐਤਕੀਂ ਮੈਂ ਮਨ 'ਚ ਸਲਾਹ ਕੀਤੀ ਤੀ ਬਈ ਜੇ ਕੁੜੀ ਦਾ ਪਤਾ ਲੱਗਿਆ ਤਾਂ ਹੋਣ ਨੀ ਦੇਣੀ ਪਰ ਥੋਡਾ ਨਾਟਕ ਦੇਖ ਕੇ ਤਾਂ ਲੱਗਦੈ ਬਈ ਮੈਂ ਸੱਚੀਂ ਕੁੱਖ 'ਚ ਕਬਰ ਬਣਾਉਣ ਲੱਗੀ ਤੀ।"

ਗੱਡੀ ਦੇ ਡੈਸ਼-ਬੋਰਡ ਦੇ ਉੱਤੋਂ ਸਾਹਮਣੇ ਦੋ ਹਿੱਸਿਆਂ ਵਿਚ ਵੰਡਿਆ ਕੋਈ ਪਿੰਡ ਦਿਖਾਈ ਦੇ ਰਿਹਾ ਏ। ਇਹ ਗੱਡੀ ਵੀ ਅਸੀਂ ਪਿਛਲੇ ਮਹੀਨੇ ਹੀ ਨਵੀਂ ਲਈ ਏ। ਪਿੰਡ ਜਾ ਕੇ ਸਭ ਤੋਂ ਪਹਿਲਾਂ ਬਾਬਾ ਜੀ ਨੂੰ ਬੈਠਾ ਕੇ ਗੇੜਾ ਦਿਆਂਗਾ। ਪਰ ਬਾਬਾ ਜੀ ਨੇ ਜਰੂਰੀ ਗੱਲ ਮੇਰੇ ਨਾਲ਼ ਕਿਹੜੀ ਕਰਨੀ ਹੋਈ? ਗੱਡੀ ਹੁਣ ਪਿੰਡ ਦੀ ਹਰੀਜਨ ਬਸਤੀ ਕੋਲ਼ੋਂ ਲੰਘ ਰਹੀ ਏ। ਪਿੰਡੋਂ ਬਾਹਰ ਕੱਢੀ ਇਸ ਬਸਤੀ ਦੇ ਕੱਚੇ-ਪੱਕੇ ਢਾਰਿਆਂ ਦੇ ਉੱਤੋਂ ਪਿੰਡ ਦੀਆਂ ਕੁੱਝ ਤਿੰਨ-ਤਿੰਨ ਮੰਜ਼ਲਾ ਕੋਠੀਆਂ ਦਿਖਾਈ ਦੇ ਰਹੀਆਂ ਨੇ। ਸਵੇਰ ਦੇ ਰੋਟੀ- ਟੁੱਕ ਦੇ ਆਹਰ ਲੱਗੇ ਇਨ੍ਹਾਂ ਢਾਰਿਆਂ ਵਿਚੋਂ ਕਿਤੇ-ਕਿਤੇ ਧੂੰਆਂ ਉਠ ਰਿਹਾ ਏ, ਕੋਠੀਆਂ ਵਿਚੋਂ ਤਾਂ ਹੁਣ ਕੋਈ ਧੂੰਆਂ ਵੀ ਨਹੀਂ ਉਠਦਾ। ਅਜ਼ਾਦੀ ਦੇ ਸੱਠ ਸਾਲ ਬਾਅਦ ਵੀ ਇਨ੍ਹਾਂ ਬਸਤੀਆਂ ਦਾ ਕੁੱਝ ਨਹੀਂ ਬਦਲਿਆ। ਬੱਸ ਕਿਸੇ-ਕਿਸੇ ਘਰ ਦੇ ਉੱਤੇ ਪਲਾਸਟਿਕ ਦੀਆਂ ਹਰੀਆਂ-ਨੀਲੀਆਂ ਟੈਂਕੀਆਂ ਧਰੀਆਂ ਗਈਆਂ ਨੇ। ਇਹ ਵੀ ਸ਼ਾਇਦ ਵੋਟਾਂ ਖਰੀਦਣ ਵਾਲ਼ਿਆਂ ਨੇ ਹੀ ਦਿੱਤੀਆਂ ਹੋਣ। ਗਰੀਬਾਂ ਦੇ ਮੂੰਹ ਤਾਂ ਉਸੇ ਤਰ੍ਹਾਂ ਨੇ ਜਿਹੋ- ਜਿਹੇ ਮੈਂ ਬਚਪਨ ਤੋਂ ਦੇਖਦਾ ਆ ਰਿਹਾਂ। ਕਾਲ਼ੇ-ਪੀਲ਼ੇ, ਸੁੱਕੇ ਤੇ ਹੱਡਲ਼ ਜਿਹੇ ਤੇ ਅੱਖਾਂ ਵੀ ਉਸੇ ਤਰ੍ਹਾਂ ਨੇ ਬੇਚੈਨੀ ਭਰੀਆਂ ਤੇ ਸਹਿਮੀਆਂ ਜਿਹੀਆਂ। ਅਜ਼ਾਦ ਦੇਸ਼ ਵਿਚ ਵੀ ਸਹਿਮੀਆਂ ਅੱਖਾਂ, ਹੈ ਨਾ ਕਮਾਲ। ਮੈਂ ਤਾਂ ਬਚਪਨ ਤੋਂ ਹੀ ਗਰੀਬਾਂ ਲਈ ਕੁੱਝ ਕਰਨਾ ਚਾਹੁੰਦਾ ਸੀ, ਬਾਬਾ ਜੀ ਵਾਂਗੂੰ। ਬਾਬਾ ਜੀ ਨੇ ਹੀ ਪਿੰਡ ਵਿੱਚ ਸਭ ਤੋਂ ਪਹਿਲਾਂ ਵਿਹੜੇ ਵਾਲ਼ਿਆਂ ਦੀਆਂ ਗਲ਼ੀਆਂ ਪੱਕੀਆਂ ਕਰਵਾਈਆਂ ਸਨ, ਨਹੀਂ ਤਾਂ ਪਿੰਡਾਂ ਵਿਚ ਇਨ੍ਹਾਂ ਵਿਚਾਰਿਆਂ ਦੀ ਵਾਰੀ ਸਭ ਤੋਂ ਪਿੱਛੋਂ ਆਉਂਦੀ ਏ। ਬਾਬਾ ਜੀ ਨੇ ਹੀ ਸ਼ਾਮਲਾਟ ਜ਼ਮੀਨ ਵਿਚੋਂ ਕੁੱਝ ਹਿੱਸਾ ਵਿਹੜੇ ਵਾਲ਼ਿਆਂ ਨੂੰ ਠੇਕੇ 'ਤੇ ਦੇਣ ਦੀ ਗੱਲ ਕੀਤੀ ਸੀ, ਜਿਸਦਾ ਕਾਫੀ ਵਿਰੋਧ ਵੀ ਹੋਇਆ ਸੀ।

ਸਾਹਮਣੇ ਮੇਰਾ ਆਪਣਾ ਲੋਕਲ ਸ਼ਹਿਰ ਆ ਗਿਆ ਏ। ਆਪਣੇ ਪਿੰਡ ਵਾਂਗੂੰ ਆਪਣੇ ਲੋਕਲ ਸ਼ਹਿਰ ਨਾਲ਼ ਵੀ ਬੰਦੇ ਦਾ ਅਜੀਬ ਮੋਹ ਜਿਹਾ ਹੁੰਦਾ ਏ। ਇਹਦਾ ਇਕੋ-ਇਕ ਬਾਜ਼ਾਰ, ਇਹਦੀਆਂ ਦੁਕਾਨਾਂ, ਦੁਕਾਨਾਂ ਦੇ ਬੋਰਡ ਤੇ ਦੁਕਾਨਦਾਰ ਸਭ ਆਪਣੇ-ਆਪਣੇ ਲੱਗਦੇ ਨੇ। ਦਸ ਵੱਜ ਗਏ ਨੇ ਪਰ ਲੱਗਦੈ ਸ਼ਹਿਰ ਅਜੇ ਪੂਰੀ ਤਰ੍ਹਾਂ ਜਾਗਿਆ ਨਹੀਂ। ਨਜ਼ਰ ਦੁਕਾਨਾਂ ਦੇ ਅੱਗੇ ਟੰਗੇ ਰੈਡੀਮੇਡ ਕੱਪੜਿਆਂ 'ਤੇ ਪਈ ਏ। ਸੋਚਦਾਂ ਇਕ ਸੋਹਣਾ ਜਿਹਾ ਗਰਮ ਟਰੈਕ ਸੂਟ ਹੋਰ ਲੈ ਲਵਾਂ, ਠੰਢ ਆਉਣ ਵਾਲ਼ੀ ਐ। ਸ਼ਹਿਰ ਦੀ ਪਰਿਕਰਮਾ ਕਰਕੇ

ਅਸੀਂ ਪਿੰਡ ਵਾਲ਼ੀ ਸੜਕ 'ਤੇ ਪੈ ਗਏ ਆਂ। ਇਸ ਸੜਕ ਦੇ ਤਾਂ ਕੱਲੇ- ਕੱਲੇ ਰੁੱਖ ਨਾਲ਼ ਸਾਂਝ ਐ। ਖੇਤਾਂ ਵਿਚ ਆਲੂਆਂ ਦੀਆਂ ਸਿੱਧੀਆਂ ਵੱਟਾਂ ਦਿਖਾਈ ਦੇ ਰਹੀਆਂ ਨੇ। ਝੋਨੇ ਤੋਂ ਬਾਅਦ ਸਾਡੇ ਇਲਾਕੇ ਵਿਚ ਜ਼ਿਆਦਾਤਰ ਆਲੂ ਹੀ ਲੱਗਦੇ ਨੇ, ਭਾਵੇਂ ਦੋ ਰੁਪਏ ਕਿਲੋ ਹੀ ਕਿਉਂ ਨਾ ਸੁੱਟਣੇ ਪੈਣ। ਕੋਈ ਖੇਤੀ ਦੀ ਨੀਤੀ ਨੀ, ਵਿਚਾਰੇ ਅਨਪੜ੍ਹ ਲੋਕਾਂ ਨੂੰ ਤਾਂ ਇਸ ਬਜ਼ਾਰੀ ਸਿਸਟਮ ਦੀ ਸਮਝ ਈ ਨੀ, ਜਿਵੇਂ ਮਰਜ਼ੀ ਲੁੱਟੀ ਜਾਉ।

"ਤੁਸੀਂ ਕੱਲ ਮੰਮੀ ਪਾਪਾ ਨੂੰ ਫੋਨ ਤਾਂ ਕਰਤਾ ਸੀ ਨਾ ਕਿ ਅਸੀਂ ਆ ਰਹੇ ਆਂ?" ਪਤਨੀ ਨੂੰ ਜਿਵੇਂ ਕੋਈ ਭੁੱਲੀ ਗੱਲ ਯਾਦ ਆਈ ਹੋਵੇ।

"ਹਾਂ ਕਰਤਾ ਸੀ ਪਰ ਤੂੰ ਵੀ ਇਕ ਵਾਰੀ ਕਰਦੇ, ਰੋਟੀ ਵਗੈਰਾ ਬਣਾ ਲੈਣਗੇ, ਆਪਾਂ ਕਿਹੜਾ ਖਾ ਕੇ ਤੁਰੇ ਆਂ।"

ਪਤਨੀ ਨੇ ਆਪਣਾ ਫੋਨ ਏਕਨੂਰ ਤੋਂ ਫੜ ਲਿਆ ਏ, ਜਿਹੜਾ ਉਸ ਉੱਤੇ ਕੋਈ ਗੇਮ ਖੇਡ ਰਿਹਾ ਸੀ ਤੇ ਘਰੇ ਫੋਨ ਲਗਾ ਲਿਆ ਏ।

ਸੜਕ ਦੇ ਇਕ ਪਾਸੇ ਲੋਕਾਂ ਨੇ ਚਿੱਟੀਆਂ ਇੱਟਾਂ ਦੀਆਂ ਮਾਤਾ ਰਾਣੀਆਂ ਬਣਾ ਕੇ ਧਰੀਆਂ ਹੋਈਆਂ ਨੇ। ਹੁਣੇ- ਹੁਣੇ ਦਿਵਾਲ਼ੀ ਲੰਘੀ ਏ ਤੇ ਸ਼ਾਇਦ ਏਸੇ ਲਈ ਅਜੇ ਵੀ ਇਨ੍ਹਾਂ ਉੱਤੇ ਕਿਤੇ-ਕਿਤੇ ਦੀਵੇ ਪਏ ਨੇ। ਲੋਕ ਅਜੇ ਵੀ ਕਿੰਨੇ ਅੰਧ-ਵਿਸ਼ਵਾਸ਼ਾਂ ਵਿਚ ਪਏ ਹੋਏ ਨੇ। ਇਸੇ ਕਰਕੇ ਪਖੰਡੀ ਬਾਬੇ ਲੋਕਾਂ ਨੂੰ ਮਗਰ ਲਾਈ ਫਿਰਦੇ ਨੇ। ਅਸੀਂ ਤਾਂ ਜਿੱਥੇ ਵੀ ਸ਼ੋਅ ਕਰਨ ਜਾਨੇ ਆਂ, ਇਕ-ਅੱਧਾ ਨਾਟਕ ਤਰਕਸ਼ੀਲ ਵਾਲ਼ਿਆਂ ਦਾ ਕਰਾ ਦਿੰਨੇ ਆਂ ਤਾਂ ਕਿ ਲੋਕਾਂ ਨੂੰ ਅੰਧ-ਵਿਸ਼ਵਾਸ਼ ਚੋਂ ਕੱਢ ਸਕੀਏ। ਇਸ ਸਮੇਂ ਤਾਂ ਮੇਰੇ ਦਿਮਾਗ 'ਚ ਨੰਦਾ ਦਾ ਨਾਟਕ ' ਬੇਬੇ ਰਾਮ ਭਜਨੀ' ਚੱਲ ਰਿਹਾ ਏ, ਕਿਆ ਸੋਹਣੇ ਡਾਇਲੋਗ ਸੀ ਉਸ ਨਾਟਕ ਦੇ।

ਪਿੰਡ ਪਹੁੰਚ ਗਏ ਆਂ, ਬੀਬੀ-ਭਾਪਾ, ਭਰਾ-ਭਰਜਾਈ ਸਭ ਘਰੇ ਈ ਮਿਲ ਗਏ ਨੇ ਪਰ ਬਾਬਾ ਜੀ ਕਿਤੇ ਨਜ਼ਰ ਨਹੀਂ ਆ ਰਹੇ। ਪੁੱਛਣ 'ਤੇ ਬੀਬੀ ਨੇ ਦੱਸਿਆ ਏ ਕਿ ਮੌਸਮ ਬਦਲਣ ਕਰਕੇ ਠੰਡ ਜਿਹੀ ਲੱਗਦੀ ਸੀ, ਪਿੱਛੇ ਵਿਹੜੇ ਵਿਚ ਧੁੱਪ ਸੇਕ ਰਹੇ ਨੇ। ਮੈਂ ਵੀ ਛੇਤੀ ਕਰਕੇ ਪਿਛਲੇ ਵਿਹੜੇ ਵਿਚ ਲੰਘ ਆਇਆਂ। ਘਸਮੈਲੇ ਜਿਹੇ ਕੱਪੜੇ ਪਾਈਂ ਚਿੱਟੀ ਦਾਹੜੀ ਵਾਲ਼ੇ ਬਜ਼ੁਰਗ ਬਾਬਾ ਜੀ, ਮੰਜੇ 'ਤੇ ਚੌਕੜੀ ਮਾਰੀਂ ਬੈਠੇ ਕਿਸੇ ਬੋਹੜ ਵਰਗੇ ਲੱਗ ਰਹੇ ਨੇ। ਮੈਂ ਗੋਡੀਂ ਹੱਥ ਲਾ ਕੇ ਨਾਲ਼ ਹੀ ਬੈਠ ਗਿਆਂ।

"ਹੋਰ ਬਈ ਮਨਵੀਰ ਸਿਆਂ, ਪਰਿਵਾਰ ਸਾਰਾ ਰਾਜੀ-ਬਾਜੀ ਆ?" ਮੈਨੂੰ ਪਛਾਣ ਕੇ ਬਾਬਾ ਜੀ ਦਾ ਚਿਹਰਾ ਖਿੜ ਉਠਿਆ।

"ਹਾਂ ਬਾਬਾ ਜੀ, ਨਾਲ਼ ਈ ਆਈ ਆ ਥੋਡੀ ਪੋਤ- ਨੂੰਹ ਤੇ ਨੂਰ ਵੀ, ਤੁਸੀਂ ਸੁਣਾਉ ਸਿਹਤ ਠੀਕ ਰਹਿੰਦੀ ਆ?"

"ਹਾਂ ਠੀਕ ਈ ਆ, ਹੁਣ ਤਾਂ ਪੱਕੀ ਰਿਟਾਇਰਮੈਂਟ ਨੇੜੇ ਈ ਲੱਗਦੀ ਆ।"

"ਐਂ ਨਾ ਕਹੋ, ਤੁਸੀਂ ਤਾਂ ਅਜੇ ਘੋੜੇ ਵਰਗੇ ਪਏ ਉਂ, ਸੱਚ ਤੁਸੀਂ ਮੇਰੇ ਨਾਲ਼ ਕਿਹੜੀ ਜ਼ਰੂਰੀ ਗੱਲ ਕਰਨੀ ਤੀ, ਪਿਛਲੀ ਵਾਰ ਕਹਿੰਦੇ ਤੀ?"

"ਉਹ. . . . . .ਉਹ ਤਾਂ ਮੈਂ ਤੈਨੂੰ ਇਹ ਕਹਿਣਾ ਤੀ ਬਈ ਤੁਸੀਂ ਹੁਣ ਪਿੰਡ ਈ ਕਿਉਂ ਨੀ ਮੁੜ ਆਉਂਦੇ? ਆਪਣੇ ਪਿੰਡ ਆਲ਼ੇ ਸਕੂਲ 'ਚ ਵੀ ਕਾਫੀ ਦੇਰ ਤੋਂ ਪੋਸਟ ਖਾਲੀ ਪਈ ਆ।"

"ਪਰ ਬਾਬਾ ਜੀ ਹੁਣ ਤਾਂ ਸਾਰਾ ਸਿਸਟਮ ਹਿਲ ਜੂ, ਮੈਂ ਤਾਂ ਸਗੋਂ ਪਟਿਆਲੇ ਵੀ ਨੀ ਰਹਿਣਾ ਜ਼ਿਆਦਾ ਟੈਮ, ਕਿਰਾਏ ਦਾ ਮਕਾਨ ਆ, ਮੋਹਾਲ਼ੀ ਪਲਾਟ ਲਿਆ ਏ ਇਕ ਕਿਸ਼ਤਾਂ

ਵਿਚ। ਉੱਥੇ ਈ ਮਕਾਨ ਬਣਾ ਲੈਣਾ ਏ। ਚੰਡੀਗੜ੍ਹ ਨੇੜੇ ਆ। ਨਾਲ਼ੇ ਤਾਂ ਏਕਨੂਰ ਦੀ ਪੜ੍ਹਾਈ ਵਧੀਆ ਹੋ ਜੂ, ਨਾਲ਼ੇ ਇਹਨੂੰ ਖੁੱਲ ਕੇ ਐਕਟਿੰਗ ਦਾ ਮੌਕਾ ਮਿਲਜੂ।"

ਬਾਬਾ ਜੀ ਨੇ ਮੇਰੀ ਗੱਲ ਦਾ ਕੋਈ ਜੁਆਬ ਨਹੀਂ ਦਿੱਤਾ, ਜਿਵੇਂ ਸੋਚਾਂ ਜਿਹੀਆਂ ਵਿਚ ਪੈ ਗਏ ਨੇ।

"ਇੱਥੋਂ ਪਟਿਆਲ਼ੇ ਤੋਂ ਸਪੈਸ਼ਲ ਜਾਣਾ ਪੈਂਦਾ ਏ ਆਡੀਸ਼ਨ ਦੇਣ ਵਾਸਤੇ। ਪਿਛਲੇ ਹਫਤੇ ਚੰਡੀਗੜ੍ਹ ਜਿੰਮੀ ਸ਼ੇਰਗਿੱਲ ਦੀ ਨਵੀਂ ਫਿਲਮ ਦਾ ਆਡੀਸ਼ਨ ਸੀ, ਆਪਣਾ ਏਕਨੂਰ ਤੀਹ ਬੱਚਿਆਂ 'ਚੋਂ ਸਿਲੈਕਟ ਹੋਇਆ ਏ ਬਾਲ ਭੂਮਿਕਾ ਵਾਸਤੇ।"

"ਪਰ ਤੇਰੀ ਨਾਟਕ ਟੀਮ ?" ਬਾਬਾ ਜੀ ਨੇ ਬੜੀ ਹੌਲ਼ੀ ਜਿਹੀ ਪੁੱਛਿਆ ਏ।

"ਉਹ ਵੀ ਨਾਲ਼ੋ-ਨਾਲ਼ ਚੱਲਿਆ ਕਰੂ। ਉਧਰ ਮੋਹਾਲ਼ੀ ਦੇ ਨੇੜੇ-ਤੇੜੇ ਪਿੰਡਾਂ ਵਿਚ ਖੇਡਿਆ ਕਰਾਂਗੇ, ਨਾਲ਼ੇ ਚੰਡੀਗੜ੍ਹ ਟੈਗੋਰ ਥਿਏਟਰ 'ਚ ਖੇਡਾਂਗੇ। ਰੱਬ ਸੁੱਖ ਰੱਖੇ, ਆਪਣੇ ਨਾਟਕਾਂ 'ਚ ਕਿਤੇ ਕਲਾ ਦੀ ਘਾਟ ਆ?"

ਬਾਬਾ ਜੀ ਕੁੱਝ ਬੋਲੇ ਨਹੀਂ, ਮੈਂ ਵੀ ਚੁੱਪ ਕਰ ਗਿਆਂ। ਕੁੱਝ ਦੇਰ ਮੈਂ ਵਿਹੜੇ ਵਿਚ ਲੱਗੇ ਬੂਟਿਆਂ ਵੱਲ ਦੇਖਣ ਲੱਗਿਆ। ਬਾਬਾ ਜੀ ਖੰਘੂਰਾ ਮਾਰ ਕੇ ਕੁੱਝ ਕਹਿਣ ਲੱਗੇ,

"ਮਨੀ ਪੁੱਤ... ਤੈਨੂੰ ਯਾਦ ਆ, ਮੈਂ ਤੈਨੂੰ ਛੋਟੇ ਹੁੰਦੇ ਨੂੰ ਕਹਾਣੀਆਂ ਸੁਣਾਉਂਦਾ ਹੁੰਦਾ ਸੀ?"

"ਹਾਂ ਬਾਬਾ ਜੀ, ਯਾਦ ਆ ਰੂਪ- ਬਸੰਤ, ਰਾਜਾ ਰਸਾਲੂ, ਕ੍ਰਿਸ਼ਨ- ਸੁਦਾਮਾ, ਕਿੰਨੀਆਂ ਕਹਾਣੀਆਂ ਤਾਂ ਮੈਨੂੰ ਅਜੇ ਵੀ ਯਾਦ ਨੇ।"

"ਉਹ ਯਾਦ ਆ ਅਭਿਮੰਨਿਯੂ ਆਲੀ.....?"

ਮੈਨੂੰ ਬਾਬਾ ਜੀ ਦੀ ਸਮਝ ਨੀ ਲੱਗੀ ਕਿ ਵਿਚ ਵਿਚਾਲਿਉਂ ਕਹਾਣੀ ਲੈ ਕੇ ਕਿਉਂ ਬੈਠ ਗਏ ।

"ਕਹਿੰਦੇ ਜਦੋਂ ਪਾਂਡਵਾਂ ਨੂੰ ਬਣਵਾਸ ਹੋਇਆ ਤਾਂ ਮਹਾਂਬਲੀ ਅਰਜੁਨ ਇਕ ਦਿਨ ਆਪਣੀ ਦੂਜੀ ਪਤਨੀ ਸੁਭੱਦਰਾ ਨੂੰ ਚੱਕਰਵਿਊ ਬਾਰੇ ਦੱਸਣ ਲੱਗਿਆ.... ਉਸ ਸਮੇਂ ਸੁਭੱਦਰਾ ਦੇ ਪੇਟ 'ਚ ਅਭਿਮੰਨਿਯੂ ਪਲ ਰਿਹਾ ਸੀ। ਅਰਜੁਨ ਸੁਭੱਦਰਾ ਨੂੰ ਦੱਸਦੈ ਕਿ ਚੱਕਰਵਿਊ ਯੁੱਧ ਜਿੱਤਣ ਦੀ ਇਕ ਵਿਧੀ ਏ, ਜਿਸ ਵਿਚ ਪੈਦਲ, ਘੋੜ- ਸਵਾਰ ਤੇ ਹਾਥੀਆਂ ਵਾਲ਼ੇ ਲੜਾਕੇ ਅਜਿਹੇ ਖਾਸ ਚੱਕਰ ਵਿਚ ਹੁੰਦੇ ਨੇ ਕਿ ਜੇ ਦੂਜੀ ਫੌਜ ਦਾ ਕੋਈ ਲੜਾਕਾ ਇਸ ਵਿਚ ਦਾਖਿਲ ਹੋ ਜਾਵੇ ਤਾਂ ਇਸਨੂੰ ਤੋੜਨ ਦੀ ਵੀ ਇਕ ਖਾਸ ਵਿਧੀ ਐ। ਕਹਿੰਦੇ ਇਸ ਤੋਂ ਅੱਗੇ ਚੱਕਰਵਿਊ ਨੂੰ ਤੋੜਨ ਵਾਲ਼ੀ ਜੋ ਗੱਲ ਅਰਜੁਨ ਨੇ ਸੁਣਾਈ, ਉਸਨੂੰ ਸੁਣਨ ਤੋਂ ਪਹਿਲਾਂ ਹੀ ਸੁਭੱਦਰਾ ਨੂੰ ਨੀਂਦ ਆ ਗਈ। ਪਿੱਛੋਂ ਜਾ ਕੇ ਜਦੋਂ ਮਹਾਂਭਾਰਤ ਦਾ ਯੁੱਧ ਹੋਇਆ ਤਾਂ ਇਸ ਧਰਮ ਯੁੱਧ ਵਿਚ ਅਭਿਮੰਨਿਯੂ ਨੇ ਵੀ ਹਿੱਸਾ ਲਿਆ। ਦੁਸ਼ਮਣ ਕੌਰਵਾਂ ਨੇ ਚਾਲ ਚੱਲ ਕੇ ਅਰਜੁਨ ਨੂੰ ਉਸਤੋਂ ਦੂਰ ਕਰ ਦਿੱਤਾ ਤੇ ਅਭਿਮੰਨਿਯੂ ਉਨ੍ਹਾਂ ਦੇ ਬਣਾਏ ਚੱਕਰਵਿਊ ਵਿਚ ਵੜ ਤਾਂ ਗਿਆ ਪਰ ਮਾਂ ਦੀ ਨੀਂਦ ਕਾਰਨ ਉਹ ਚੱਕਰਵਿਊ ਨੂੰ ਤੋੜ ਨਹੀਂ ਸਕਿਆ, ਭਾਵੇਂ ਉਹ ਲੜਿਆ ਬਹੁਤ ਬਹਾਦਰੀ ਨਾਲ ...ਮੈਨੂੰ ਲੱਗਦੈ ਟੁੱਟਣਾ ਆਪਣੇ ਤੋਂ ਵੀ ਨੀ।"

"ਪਰ ਬਾਬਾ ਜੀ, ਕਿਹੜਾ ਚੱਕਰਵਿਊ ?...ਕਿਹੜਾ ਅਭਿਮੰਨਿਯੂ ?...?"

ਇਹ ਗੱਲ ਕਹਿੰਦੀ ਸਾਰ ਮੇਰੇ ਦਿਮਾਗ ਵਿਚ ਬਰਾਂਡਡ ਕਾਰਾਂ, ਸ਼ਾਪਿੰਗ ਮਾਲ, ਓਵਰ-ਬਰਿੱਜ, ਵੱਡੇ-ਵੱਡੇ ਥਿਏਟਰ ਪਤਾ ਨੀ ਕੀ- ਕੀ ਘੁੰਮਣ ਲੱਗਿਆ ਏ। ਲੱਗਦੈ ਸੱਚੀਂ ਘਿਰ ਗਿਆ ਆਂ, ਦੁਸ਼ਮਣ ਤਾਂ ਮੇਰੇ ਮਨ ਤੱਕ ਪਹੁੰਚ ਗਿਆ ਏ ਤੇ ਮੈਨੂੰ ਪਤਾ ਵੀ ਨਾ ਲੱਗਾ ? ਮੈਂ ਕਿਸ ਪਾਸੇ ਜਾ ਰਿਹਾਂ ਤੇ ਕਿਸ ਪਾਸੇ ਜਾਵਾਂ. ਕੁੱਝ ਸਮਝ ਨਹੀਂ ਪੈ ਰਹੀ...?❑❑

[ਪਿੰਡ ਲਾਡਪੁਰ, ਡਾ. ਸ਼ਮਸਪੁਰ, ਤਸੀਲ ਅਮਲੋਹ, ਜ਼ਿਲ੍ਹਾ ਫਤਹਿਗੜ੍ਹ ਸਹਿਬ 147 203 ਫੋਨ: 9463476932]

ਮਿੱਠੀ ਚੋਰੀ : ਕਹਾਣੀ : ਸੁਖਦੇਵ ਸਿੱਧੂ

ਸਮਾਂ:1973-74

ਜੇਠ ਹਾੜ੍ਹ ਦੇ ਦਿਨ ਸੀ। ਕਣਕਾਂ ਚੱਕੀਆਂ ਗਈਆਂ ਸੀ। ਅਗੇਤੀਆਂ ਵੀ ਤੇ ਪਛੇਤੀਆਂ ਵੀ। ਫਲ੍ਹੇ ਕੋਈ ਨਾ ਸਰਦੇ ਨੂੰ ਹੀ ਪਾਉਂਦਾ ਸੀ, ਬਰੈਸ਼ਰ ਵਾਹਵਾ ਆਮ ਹੋਣ ਲੱਗ ਗਏ ਸੀ। ਗੁਹਾਈ ਹੋ ਗਈ ਸੀ; ਫਸਲਾਂ ਦਾ ਕੰਮ ਸੁਖ ਸਬੀਲੀ ਨਾਲ਼ ਨਿਬੜ ਗਿਆ ਸੀ; ਮੀਂਹ ਨ੍ਹੇਰੀ ਤੋਂ ਬਚਾ ਹੋ ਗਿਆ ਸੀ। ਹੁਣ ਝੋਨੇ ਦੀ ਪਨੀਰੀ ਗਿੱਠ-ਗਿੱਠ ਡੇਢ-ਡੇਢ ਗਿੱਠ ਦੀ ਹੋ ਆਈ ਸੀ; ਹਰੀ ਕਚੂਰ ਕਾਲ਼ੀ ਭਾਅ ਮਾਰਦੀ। ਵਾਢੀਆਂ ਦੇ ਬਕੇਵੇਂ ਤੋਂ ਅਜੇ ਕਿਰਤੀਆਂ ਦੇ ਜਿਸਮਾਂ ਨੂੰ ਸਾਹ ਵੀ ਨਹੀਂ ਸੀ ਆਇਆ ਕਿ ਝੋਨੇ ਲਾਉਣ ਦੀ ਰੁੱਤ ਆ ਗਈ ਸੀ। ਲਾਲਚ-ਵੱਸ ਸਭ ਵਾਹੋਦਾਹੀ ਏਧਰ ਨੂੰ ਹੋ ਤੁਰੇ ਸੀ। ਵਾਢੀਆਂ ਦੇ ਅੱਧ-ਪਚੱਧ 'ਚ ਮੈਂ ਵੀ ਕੰਮ ਨੂੰ ਹੱਥ ਵਟਾਉਂਦਾ ਸੀ ਤੇ ਨਵੀਂ ਜਮਾਤੇ ਚੜ੍ਹਨ ਤੀਕ ਕੰਮ 'ਚ ਮਾਰੋ-ਮਾਰ ਜੁੱਟਿਆ ਰਹਿੰਦਾ ਸੀ।

ਕੰਮ ਤਾਂ ਇਹ ਸਾਰੇ ਹੀ ਜਾਨ ਜੋਖੋਂ ਮਾਰਨ ਵਾਲ਼ੇ ਸੀ। ਪਰ ਝੋਨੇ ਵਾਲਾ ਕੰਮ ਲੰਮੇ ਬੰਦੇ ਲਈ ਵਧੇਰੇ ਔਖਾ ਸੀ; ਘੜੀ-ਮੁੜੀ ਨੀਵੇਂ ਹੋਣ ਨਾਲ਼ ਤਿੱਕ ਦੁਖਣ ਲੱਗ ਪੈਂਦਾ ਸੀ। ਖੱਬੇ ਪੱਟ ਦੇ ਗੋਡੇ 'ਤੇ ਕੂਹਣੀ ਰੱਖਣ ਨਾਲ਼ ਗੋਡਿਆਂ ਤੋਂ ਰਤਾ ਕੁ 'ਤਾਂਹ ਕਰਕੇ ਰੱਟਣ ਪੈ ਜਾਂਦੇ; ਪੱਠੇ ਦੁਖਣ ਲੱਗਦੇ। ਉੱਪਰੋਂ ਜੇਠ ਹਾੜ੍ਹ ਦੀ ਅੱਗ ਵਰ੍ਹਦੀ, ਪਿੰਡਾ ਸਾੜਦੀ ਤੇ ਦੁਪਿਹਰ ਨੂੰ ਹੇਠੋਂ ਕੱਦੂ ਦਾ ਪਾਣੀ ਗਰਮ ਹੋ ਜਾਂਦਾ ਸੀ। ਐਸੇ ਮਹੌਲ 'ਚ ਸਾਰਾ ਦਿਨ ਕੋਡੇ ਹੋ ਕੇ ਝੋਨਾ ਲਾਉਣਾ। ਪਿੰਡਿਆਂ 'ਤੇ ਪਿੱਤ ਨਿਕਲ਼ ਆਉਂਦੀ। ਰੰਗ ਲਾਖੇ ਹੋ ਜਾਂਦੇ। ਇਸ ਤੋਂ ਬਚਾਅ ਦਾ ਕੋਈ ਰਾਹ ਨਹੀਂ ਸੀ। ਸਾਰਾ ਸਵਾਲ ਪਾਪੀ ਪੇਟ ਦਾ ਸੀ। ਇਹ ਵਿਹਾਰ ਸਾਲੋ-ਸਾਲ ਤੁਰਿਆ ਆ ਰਿਹਾ ਸੀ। ਸਾਨੂੰ ਇਨ੍ਹਾਂ ਮਹੀਨਿਆਂ ਦਾ ਵੱਡਾ ਫ਼ਾਇਦਾ ਇਹ ਵੀ ਸੀ ਕਿ ਅਸੀਂ, ਚਾਚਿਆਂ ਤਾਇਆਂ ਦੇ, ਹਾਣੀ-ਪਰਵਾਣੀ ਪੁੱਤ ਰਲ਼ ਕੇ ਸਮਾਂ ਬਿਤਾ ਲੈਂਦੇ ਸੀ ਤੇ ਵਿਚੇ ਹੱਸ ਖੇਡ ਵੀ ਲੈਂਦੇ ਸੀ; ਉੱਠਦੀਆਂ ਖੁੱਚਾਂ ਵਾਲ਼ੇ ਮੁੰਡੇ ਕਲੋਲਾਂ ਕਰਦੇ। 'ਕੱਠਿਆਂ ਦੇ ਇਹ ਦਿਨ ਸਾਨੂੰ ਤੀਆਂ ਵਰਗੇ ਲੱਗਦੇ। ਇਸ ਸਾਰੀ ਢਾਣੀ ਦਾ ਲਾਣੇਦਾਰ ਮੇਰਾ ਬਾਪ ਹੁੰਦਾ ਸੀ; ਇਹ ਇੱਕੀ ਕਰੇ 'ਕੱਤੀ ਕਰੇ, ਬਾਕੀ ਦੇ ਸਤਿਬਚਨ ਕਹਿ ਕੇ ਕਬੂਲ ਲੈਂਦੇ ਸੀ। ਸਾਡੇ ਲਾਣੇ 'ਚ ਨਾਂ ਵਾਲ਼ੇ ਤਕੜੇ ਤੇ ਹਿੰਮਤੀ ਕਾਮੇ ਵੀ ਸੀ ਤੇ ਬੋਲ ਪੁਗਾਉਣ ਵਾਲੀਆਂ ਸਿਦਕੀ ਰੂਹਾਂ ਵੀ। ਫੁਰਤੀਲੇ ਕੱਸੇ ਹੋਏ ਪਿੰਡਿਆਂ ਵਾਲ਼ੇ ਵੀ ਤੇ ਰਤਾ ਕੁ ਢਿੱਲੇ ਵੀ। ਮਖੌਲੀਏ ਸੁਭਾਅ ਵਾਲੇ ਵੀ ਸਨ। ਗੱਲ ਭੁੰਜੇ ਨਾ ਪੈਣ ਦੇਣ ਵਾਲ਼ੇ ਵੀ ਤੇ ਇਕ ਦੋ ਬੜਬੋਲੇ ਤੇ ਅੱਗ ਦੀਆਂ ਨਾਲ਼ਾਂ ਵੀ। ਇਨ੍ਹਾਂ ਸਭ ਦਾ ਜੁੱਟ ਬਣਾਈ ਰੱਖਣਾ, ਸੌਖਾ ਕੰਮ ਨਹੀ ਸੀ। ਜੁੱਟ ਕਾਹਦਾ, ਡੱਡੂਆਂ ਦੀ ਪੰਸੇਰੀ ਹੀ ਸੀ।

ਸਾਡੇ, ਚਾਚੇ ਤਾਏ ਦੇ ਪੁੱਤਾਂ, ਲਈ ਇਹੀ ਮੌਕਾ ਆਪਸ 'ਚ ਹਾਸਾ ਠੱਠਾ ਕਰਨ ਦਾ ਵੀ ਹੁੰਦਾ ਸੀ; ਉਹ ਮੈਨੂੰ ਟਕੋਰਾਂ ਲਾਉਂਦੇ: 'ਸਾਰਾ ਸਾਲ ਹਰਾਮ ਦੀਆਂ ਖਾਨੈਂ; ਚੱਲ ਹੁਣ, ਸਾਵਾਂ ਹੋ ਕੇ ਵਗ।' ਸ਼ਿੰਦਾ ਮੇਰੇ ਤਾਏ ਠਾਕਰ ਦਾ ਪੁੱਤ ਸੀ - ਪੇਟ ਘਰੋੜੀ ਦਾ। ਚੌਂਹ ਭਾਈਆਂ ਤੇ ਇਕੋ ਭੈਣ ਤੋਂ ਨਿੱਕਾ ਸਭ ਦਾ ਲਾਡਲਾ ਭਾਈ। ਇਹਨੂੰ ਨਿੱਕੇ ਹੁੰਦੇ ਨੂੰ ਸਾਰੇ ਲਾਡ ਨਾਲ਼ ਸ਼ਿੰਦੀ ਕਹਿੰਦੇ ਹੁੰਦੇ ਸੀ, ਜਦੋਂ ਰਤਾ ਕੁ ਸੁਰਤ ਆਈ ਤਾਂ ਇਹਨੂੰ ਇਹ ਨਾਂ ਬੁਰਾ ਲੱਗਣ ਲੱਗ ਪਿਆ ਸੀ। ਇਸ ਸਦਕੇ ਕਈ

ਵਾਰ ਬੋਲ ਬੁਲਾਰ ਵੀ ਹੋ ਜਾਂਦਾ। ਸ਼ਿੰਦੀ ਕੁੜੀਆਂ ਵਾਲ਼ਾ ਨਾਂ ਸੀ। ਫਿਰ ਇਹ ਸ਼ਿੰਦਾ ਹੋ ਗਿਆ ਸੀ। ਮੇਰੇ ਤੋਂ ਦੋ ਕੁ ਸਾਲ ਵੱਡਾ ਸੀ। ਬਹੁਤ ਵਧੀਆ ਕੌਡੀ ਦਾ ਖਿਡਾਰੀ ਸੀ। ਲਾਗੇ ਬੰਨੇ ਦੇ ਪਿੰਡਾਂ 'ਚ ਇਹਦੀ ਖੇਡ ਦੀ ਵਾਹਵਾ ਧੁੰਮ ਸੀ। ਅਪਣੇ ਤੋਂ ਵੱਡੇ ਭਾਈਆਂ ਨੂੰ ਵੀ ਹੱਥ ਪਾ ਲੈਂਦਾ ਸੀ। ਇਹ ਮੈਥੋਂ ਅੱਗੇ ਪੜ੍ਹਦਾ ਸੀ। ਮਿਡਲ ਸਕੂਲ ਤਾਈਂ ਮੈਂ ਇਹਦੇ ਨਾਲ਼ ਰਲ ਗਿਆ ਤੇ ਫਿਰ ਇਹ ਪਿੱਛੇ ਰਹਿ ਗਿਆ। ਮਗਰੋਂ ਸਕੂਲ ਹੀ ਛੱਡ ਗਿਆ। ਇਹਦੇ ਕਰਕੇ ਸਕੂਲ 'ਸਾਡਾ ਰੋਅੁਬ ਰਿਹਾ ਸੀ। ਵਾਢੀ ਨੂੰ ਇਹਦਾ ਹੱਥ ਬਾਹਲ਼ਾ ਤੇਜ਼ ਸੀ; ਇਹ ਕਣਕ ਦੇ ਕਿਆਰਿਆਂ ਵਿਚ ਦੀ ਪਾਣੀ ਵਾਂਗ ਨਿਕਲ਼ ਜਾਂਦਾ ਸੀ ਤੇ ਪਿੱਛੇ ਸੱਥਰ ਹੀ ਸੱਥਰ ਪਏ ਦਿਸਣੇ। ਕਿਸੇ ਨਵੇਂ ਬੰਦੇ ਨੇ ਦੇਖਣਾ, ਤਾਂ ਪਹਿਲਾਂ ਇਹਦੀ ਦਾਤੀ ਦੇਖਣੀ; ਜਿਵੇਂ ਕਰਾਮਾਤ ਦਾਤੀ ਦੀ ਹੋਵੇ। ਇਨ੍ਹਾਂ ਦਾ ਸਭ ਤੋਂ ਵੱਡਾ ਭਾਈ ਸੰਤ ਸੀ। ਇਹਦਾ ਸੁਭਾਅ ਵੀ ਸੰਤਾਂ ਵਾਲ਼ਾ ਸੀ ਤੇ ਨੀਤ ਵੀ ਸਿਰੇ ਦੀ ਸਾਫ਼। ਸਭ ਛੋਟੇ ਇਹਨੂੰ 'ਸੰਤ ਭਾਊ' ਕਹਿੰਦੇ ਸੀ। ਮੇਰੇ ਬਾਪ ਨੂੰ ਸੰਤ ਭਾਊ 'ਤੇ ਬਹੁਤ ਮਾਣ ਵੀ ਸੀ; ਇਤਬਾਰ ਵੀ।

ਕਿਰਤ ਪਿੰਡ ਜਾਂ ਲਾਗਲੇ ਪਿੰਡੀਂ ਵੀ ਕਰ ਆਈਦੀ ਸੀ। ਵਾਢੀਆਂ ਕਰਦੇ, ਝੋਨਾ ਲਾਉਂਦੇ, ਸਿਆਣੇ ਦੁਪਿਹਰ ਨੂੰ 'ਰਾਮ ਕਰਦੇ ਤੇ ਅਸੀਂ ਹਾਣੀ-ਪਰਵਾਣੀ ਲਾਗੇ ਬੰਨੇ ਜਾਮਣਾਂ ਦੇ ਰੁੱਖੀਂ ਜਾ ਚੜ੍ਹਦੇ ਜਾਂ ਸ਼ਹਿਤੂਤੀਆਂ ਖਾਂਦੇ। ਇਹ ਵੀ ਸਾਲੋ-ਸਾਲੀ ਦਾ ਕਰਮ ਹੀ ਸੀ। ਸਭ ਹਮ ਉਮਰਾਂ ਵਾਂਗ ਸਾਡਾ ਦਿਲ ਵੀ ਕਦੇ-ਕਦੇ ਵਰਜਤ ਫਲ ਖਾਣ ਨੂੰ ਕਰ ਆਉਣਾ ਤੇ ਇਹਦਾ ਕੋਈ ਨਾ ਕੋਈ ਹੀਲਾ ਵੀ ਬਣਾ ਲੈਣਾ।

ਇਕ ਵਾਰ ਸੋਹਣ ਸਿਓਂ ਨੇ ਨਿਆਰੀ ਫ਼ਸਲ ਬੀਜ ਦਿੱਤੀ। ਐਸੀ ਫ਼ਸਲ ਸਾਡੇ ਵੱਲ ਪਹਿਲਾਂ ਪਹਿਲਾਂ ਕਿਸੇ ਨਹੀਂ ਸੀ ਬੀਜੀ; ਏਡੇ ਵੱਡੇ ਪੈਮਾਨੇ 'ਤੇ ਤਾਂ ਬਿਲਕੁਲ ਹੀ ਨਹੀਂ। ਬਹੁਤ ਸਾਰੇ ਜ਼ਿਮੀਂਦਾਰ ਅਪਣੇ ਖਾਣ ਜੋਗੇ ਇਕ ਦੋ ਕਿਆਰੇ ਖ਼ਰਬੂਜ਼ੇ ਫੁੱਟਾਂ ਬੀਜ ਲੈਂਦੇ ਸੀ ਤੇ ਸਭ ਦਾ ਬੁੱਤਾ ਸਰ ਜਾਂਦਾ ਸੀ ਮਾਲਕਾਂ ਦਾ ਵੀ ਤੇ ਰਿਆਇਆ ਦਾ ਵੀ। ਪਰ ਸੋਹਣ ਸਿੰਘ ਨੇ ਢਾਈ ਤਿੰਨ ਏਕੜ ਬੀਜ ਲਏ ਸੀ। ਤੇ ਕਈ ਵਾਰ ਇਹ ਗੱਲ ਦੱਸ ਚੁੱਕਿਆ ਸੀ ਕਿ ਉਹਨੇ ਖਾਸ ਨਸਲ ਦਾ ਬੀਅ ਅੰਬਰਸਰੋਂ ਲਿਆਂਦਾ ਸੀ ਤੇ ਬਹੁਤ ਮਿੱਠੇ ਖ਼ਰਬੂਜ਼ੇ ਨਿਕਲ਼ਣੇ ਸੀ। ਕਿਸੇ ਨੇ ਵੀ ਬਹੁਤਾ ਧਿਆਨ ਨਾ ਦਿੱਤਾ ਖ਼ਰਬੂਜ਼ੇ ਤਾਂ ਖ਼ਰਬੂਜ਼ੇ ਹੀ ਹੁੰਦੇ ਨੇ, ਕਿੰਨੇ ਕੁ ਮਿੱਠੇ ਹੋਣਗੇ! ਗੱਲ ਆਈ ਗਈ ਹੋ ਗਈ ਸੀ।

ਇਕ ਦਿਨ ਅਚਾਨਕ ਸੋਹਣ ਸਿਓਂ ਨੇ ਦੋ ਤਿੰਨ ਖ਼ਰਬੂਜ਼ੇ ਤੋੜ ਕੇ ਲਿਆਂਦੇ; ਧੋ ਕੇ ਤੇ ਬੀਅ ਸਾਫ਼ ਕਰਕੇ ਸਭ ਨੂੰ ਇਕ-ਇਕ ਫਾੜੀ ਖਾਣ ਨੂੰ ਦੇ ਦਿੱਤੀ। ਸਭ ਦੇ ਚਿਹਰੇ ਖਿੜ ਗਏ, ਅੱਖਾਂ ਪੱਸਰ ਗਈਆਂ ਤੇ ਇਕ ਦੂਜੇ ਵੱਲ ਦੇਖਣ ਲੱਗੇ। ਕਿਸੇ ਨੇ ਵੀ ਇਹ ਤਾਂ ਕਿਆਸ ਹੀ ਨਹੀਂ ਕੀਤਾ ਕਿ ਖ਼ਰਬੂਜ਼ੇ ਏਨੇ ਮਿੱਠੇ ਵੀ ਹੋ ਸਕਦੇ ਨੇ! ਸਾਰੇ ਹੈਰਾਨ। ਜਾਣੋ ਏਦਾਂ ਬਈ ਫਾੜੀ 'ਚ ਗੁੜ ਦੀ ਇਕ-ਇਕ ਭੇਲੀ ਘੋਲ਼ੀ ਹੋਈ ਹੋਵੇ। ਮਨ ਤਾਂ ਹੋਰ ਖਾਣ ਨੂੰ ਚਾਹੁੰਦਾ ਸੀ ਪਰ ਇਹ ਸਾਡੇ ਵੱਸ ਦੀ ਗੱਲ ਨਹੀਂ ਸੀ। ਏਦੂੰ ਪਹਿਲਾਂ ਅਸੀਂ ਏਨੇ ਮਿੱਠੇ ਕਦੇ ਨਹੀਂ ਸੀ ਚੱਖੇ। ਨਾਲ਼ੇ ਇਹ ਅਜੇ ਪੂਰੇ ਪੱਕੇ ਵੀ ਨਹੀਂ ਸੀ। ਫਿਰ ਕੁਝ ਦਿਨਾਂ ਬਾਅਦ ਸੋਹਣ ਸਿਓਂ ਨੇ ਕਿਹਾ ਉਹਨੇ ਖ਼ਰਬੂਜ਼ਿਆਂ ਦੇ ਤਿੰਨੇ ਵਾੜੇ ਵੇਚ ਦਿੱਤੇ ਸੀ ਤੇ ਅਪਣੇ ਖਾਣ ਲਈ ਵੀ ਕੁਝ ਨਹੀਂ ਸੀ ਰੱਖਿਆ।

ਤੇ ਅਗਲੇ ਦਿਨ ਹੀ ਠੇਕੇਦਾਰਾਂ ਨੇ ਵਾੜਿਆਂ ਦੇ ਐਨ ਵਿਚਾਲ਼ੇ ਕਰਕੇ ਤਿੰਨ ਛੰਨਾਂ ਪਾ ਲਈਆਂ

ਸੀ। ਪੂਰੀ ਰਾਖੀ ਕਰਦੇ ਸੀ। ਕਰਨੀ ਹੀ ਸੀ, ਅਗਲਿਆਂ ਪੈਸੇ ਜੁ ਤਾਰੇ ਸੀ। ਵਾਰੀ-ਵਾਰੀ ਉਹ ਤਿੰਨਾਂ ਵਾੜਿਆਂ ਦੁਆਲੇ ਗੇੜਾ ਕੱਢਦੇ। ਸਿਖਰ ਦੁਪਿਹਰ ਨੂੰ ਵੀ। ਜਦੋਂ ਅਸੀਂ ਦੁਹਿਪਰ ਨੂੰ 'ਰਾਮ ਕਰਦੇ ਹੁੰਦੇ, ਤਦ ਵੀ ਉਹ ਗੇੜਾ ਮਾਰਦੇ। ਹਫ਼ਤੇ ਦੇ ਵਿਚ-ਵਿਚ ਉਨ੍ਹਾਂ ਦੋ ਟਰੱਕ ਭਰਕੇ ਭੇਜ ਦਿੱਤੇ ਸੀ। ਟਰੱਕਾਂ ਵਾਲ਼ੇ ਡਰੈਵਰ ਦੁਪਹਿਰੇ ਸਾਡੇ ਕੋਲ ਗੱਲਾਂ ਮਾਰਨ ਆ ਬਹਿੰਦੇ ਤੇ ਖ਼ਰਬੂਜ਼ਿਆਂ ਦੀ ਸਿਫ਼ਤ ਕਰਦੇ ਨਾ ਥੱਕਦੇ। ਜਿੰਨਾ ਚਿਰ ਕੰਮ 'ਚ ਰੁੱਝੇ ਰਹਿੰਦੇ ਅਸੀਂ ਵੀ ਕੋਈ ਖਿਆਲ ਨਾ ਕਰਦੇ। ਪਰ ਟਰੱਕਾਂ ਵਾਲਿਆਂ ਦੀਆਂ ਗੱਲਾਂ ਸੁਣ ਕੇ ਸਾਡਾ ਵੀ ਮਨ ਬਾਹਲ਼ੇ ਈ ਮਿੱਠੇ ਖ਼ਰਬੂਜ਼ਿਆਂ ਨੂੰ ਤਰਸਦਾ। ਸ਼ਿੰਦਾ ਤੇ ਮੈਂ ਅਕਸਰ ਕੋਈ ਜੁਗਤ ਰਲ਼ਾਉਂਦੇ; ਪਰ ਗੱਲ ਨਾ ਬਣਦੀ ਪਰ ਜੀਅ ਲਲਚਾਉਂਦਾ। ਓਧਰੋਂ ਸਾਡਾ ਕੰਮ ਮੁੱਕਣ ਵਾਲ਼ਾ ਹੋ ਗਿਆ ਤੇ ਖ਼ਰਬੂਜ਼ਿਆਂ ਦੀ ਫ਼ਸਲ ਵੀ ਜ਼ੋਰੋ-ਜ਼ੋਰ ਉਤਰਨੀ ਸ਼ੁਰੂ ਹੋ ਗਈ। ਸਾਡੇ ਜਤ-ਸਤ ਦੇ ਸੰਘਾਸਣ ਡੋਲਣ ਲੱਗ ਪਏ। ਇਕ ਦਿਨ ਸਾਡੇ ਚਾਚੇ ਦੇ ਪੁੱਤ ਚਰਨੇ ਨਾਲ਼ ਵੀ ਇਹ ਗੱਲ ਹੋ ਗਈ। ਉਹ ਮੇਰੇ ਤੋਂ ਦੋ-ਚਾਰ ਸਾਲ ਛੋਟਾ ਹੈ। ਉਹਦੇ ਅਸਲੀ ਨਾਂ ਨਾਲ਼ ਪਿੰਡ 'ਚ ਕੋਈ ਨਹੀਂ ਜਾਣਦਾ; ਸਭ ਚਰਨਾ ਹੀ ਕਹਿੰਦੇ ਨੇ। ਇਹ ਗੱਲਾਂ ਨੂੰ ਬਹੁਤ ਤੇਜ਼ ਨਿਕਲ਼ਿਆ; ਨਿੱਕੀ ਉਮਰੇ ਹੀ ਵੱਡਿਆਂ ਵੱਡਿਆਂ ਦੀ ਬੋਲਤੀ ਬੰਦ ਕਰਵਾ ਦਿੰਦਾ ਸੀ। ਇਹ ਕਹਿੰਦਾ ਜਾਂ ਤਾਂ ਖ਼ਰਬੂਜ਼ਿਆਂ ਦੀ ਗੱਲ ਕਰਨੀ ਬੰਦ ਕਰ ਦਿਓ ਜਾਂ ਦਿਖਾਲੋ, ਐਸਾ ਮਾਲ ਹੈ ਕਿੱਥੇ?

ਇਕ ਦਿਨ ਘੁਸ-ਮੁਸੇ ਜਿਹੇ ਅਸੀਂ ਤਿੰਨੇ ਓਧਰ ਨੂੰ ਹੋ ਤੁਰੇ। ਨ੍ਹੇਰੇ 'ਚ ਕਣਕ ਦੇ ਮੁੱਢ ਪੈਰਾਂ 'ਚ ਰੜਕਦੇ ਸੀ। ਪੋਹਲੀ ਵੀ ਲੱਤਾਂ ਚ ਆ ਵੱਜਦੀ ਤੇ ਕਦੇ-ਕਦੇ ਭੱਖੜੇ 'ਤੇ ਪੈਰ ਵੀ ਆ ਜਾਂਦਾ। ਬੀਂਡੇ ਅਪਣਾ ਰਾਗ ਅਲਾਪਦੇ। ਟਟ੍ਹੈਣੇ ਜਗੂੰ-ਬੁਝੂੰ ਕਰਦੇ। ਕਦੀ ਕਦੀ ਵਿਰਲਾ-ਵਿਰਲਾ ਕੁੱਤਾ ਵੀ ਭੌਂਕਦਾ। ਟਾਵੀਂ ਟਾਵੀਂ ਬੰਦੇ ਦੀ ਆਵਾਜ਼ ਵੀ ਸੁਣ ਪੈਂਦੀ। ਚਰਨੇ ਕੋਲ਼ ਚਾਦਰ ਸੀ। ਅਸੀਂ ਪੰਦਰਾਂ-ਵੀਹ ਕਿੱਲੋ ਖ਼ਰਬੂਜ਼ਿਆਂ ਦੀ ਪੰਡ ਬੰਨ੍ਹ ਕੇ ਚਰਨੇ ਦੇ ਸਿਰ 'ਤੇ ਰੱਖ ਦਿੱਤੀ। ਮਧਰੇ ਸਰੀਰ ਦਾ ਗਾਲੜੀ ਚਰਨਾ ਅੱਖ ਦੇ ਫੋਰ 'ਚ ਔਹ ਗਿਆ ਔਹ ਗਿਆ ਹੋ ਗਿਆ।

ਤਿੰਨੇ ਭਾਈ ਚੋਰੀ ਦਾ ਫ਼ਲ ਸਰਪੰਚਾਂ ਦੇ ਖੂਹ ਲਾਗੇ ਰੱਖ ਕੇ ਛਕਣ ਲੱਗੇ; ਜਿਹੜਾ ਭੰਨੀਏ ਪਹਿਲੇ ਦਾ ਵੀ ਸਿਰਾ ਨਿੱਕਲ਼ੇ। ਮਿੱਠੇ ਦੀ ਮਹਿਕ ਹੀ ਸਰਸ਼ਾਰ ਕਰ ਦਿਆ ਕਰੇ। ਚਾਂਭਲਿਆ ਚਰਨਾ ਗਿੱਦੜਾਂ ਵਾਂਗੂੰ ਦੋ-ਚਾਰ ਚੱਕ ਵੱਢ ਕੇ ਨਵਾਂ ਭੰਨ ਲਿਆ ਕਰੇ। ਖਾਣ ਵਾਲ਼ੇ ਤਿੰਨ ਸੀ ਤੇ ਮਾਲ ਬਹੁਤਾ ਸੀ। ਢਿੱਡਾਂ ਦੀ ਬੇਵਾਹ ਹੋ ਗਈ ਸੀ। ਹੱਥ ਖੜ੍ਹੇ ਕਰਕੇ ਅਸੀਂ ਬਚਦਾ ਸਾਮਾਨ ਚਰਨੇ ਹਵਾਲੇ ਕਰਕੇ ਘਰੋ-ਘਰੀ ਜਾ ਪਏ। ਆਮ ਵਾਂਗ ਸਵੇਰੇ ਫਿਰ ਕੰਮ 'ਤੇ ਜਾ ਲੱਗੇ। ਮਨ ਚ ਸੰਸਾ ਸੀ ਕਿ ਇਨ੍ਹਾਂ ਨੂੰ ਸੂਹ ਲੱਗ ਸਕਦੀ ਸੀ ਤੇ ਨਿਗੂਣੀ ਗੱਲ ਕਰਕੇ ਬਦਨਾਮੀ ਵੀ ਹੋ ਸਕਦੀ ਸੀ। ਪਤਾ ਲੱਗਣ ਤੇ ਝਿੜਕ ਝੰਬ ਤਾਂ ਹੋਣੀ ਹੀ ਸੀ; ਗੱਲ ਵਧ ਵੀ ਸਕਦੀ ਸੀ। ਸਾਡਾ ਧੁੜਕੂ ਮਨ ਦੇ ਚੋਰ ਦਾ ਸੀ। ਠੇਕੇਦਾਰਾਂ ਨੂੰ ਭਿਣਕ ਵੀ ਨਹੀਂ ਸੀ ਪਈ। ਪਰ ਸੀ ਤਾਂ ਚੋਰੀ ਹੀ, ਭਾਵੇਂ ਸ਼ਰਤੀਆ ਮਿੱਠੀ ਨਿਕਲ਼ੀ। ❑❑

sidhu@ntlworld.com

ਕੰਡਿਆਂ ਦੀ ਵਾੜ : ਸੱਚੀ ਕਹਾਣੀ : ਰਣਜੀਤ ਸਿੰਘ (ਪ੍ਰੋ.)

ਸ਼੍ਰੀਮਤੀ ਚੌਹਾਨ ਨੇ ਕਿਹਾ, "ਰਣਜੀਤ, ਇਹ ਮੇਰਾ ਪਹਿਨਿਆ ਹੋਇਆ ਖੱਦਰ ਦਾ ਸੂਟ ਸਿਰਫ਼ ਇਕ ਪਹਿਨਾਵਾ ਹੀ ਨਹੀਂ, ਕੰਡਿਆਂ ਦੀ ਵਾੜ ਵੀ ਹੈ"

"ਕੰਡਿਆਂ ਦੀ ਵਾੜ?" ਮੈਂ ਅਚੰਭੇ ਵਿਚ ਵੀ ਸਾਂ ਅਤੇ ਉਤਸੁਕ ਵੀ।

"ਜੀ ਹਾਂ, ਕੰਡਿਆਂ ਦੀ ਵਾੜ, ਇਹ ਖੱਦਰ ਦਾ ਸੂਟ ਅਤੇ ਖੱਦਰ ਦਾ ਦੁਪੱਟਾ... ਇਹ..."।

ਇਸ ਤੋਂ ਪਹਿਲਾਂ ਕਿ ਉਹ ਇਸ ਵਾਕ ਦਾ ਖ਼ੁਲਾਸਾ ਕਰਨ ਲਈ ਕੁਝ ਹੋਰ ਕਹਿੰਦੇ, ਬੈੱਲ ਹੋ ਗਈ। ਅਗਲਾ ਪੀਰੀਅਡ ਸ਼ੁਰੂ ਹੋ ਗਿਆ ਸੀ। ਸ਼੍ਰੀਮਤੀ ਚੌਹਾਨ ਨੇ ਮੇਜ਼ ਤੋਂ ਚੁੱਕ ਕੇ ਐਨਕ ਲਗਾ ਲਈ, ਰਜਿਸਟਰ ਅਤੇ ਉਪਰ ਪਈ ਕਿਤਾਬ ਚੁੱਕ ਕਲਾਸ ਲੈਣ ਚਲੇ ਗਏ। ਕਲਾਸ ਮੇਰੀ ਵੀ ਲੱਗੀ ਹੋਈ ਸੀ, ਮੈਂ ਵੀ ਰਜਿਸਟਰ ਕਿਤਾਬਾਂ ਚੁੱਕ ਕਲਾਸ ਰੂਮ ਵੱਲ ਤੁਰ ਪਿਆ।

ਸ਼੍ਰੀਮਤੀ ਚੌਹਾਨ ਦੀ ਗੱਲ ਅਧੂਰੀ ਰਹਿ ਗਈ।

ਸ਼੍ਰੀਮਤੀ ਵਿਜੇ ਚੌਹਾਨ ਉਮਰ ਵਿਚ ਮੇਰੇ ਨਾਲੋਂ ਕਾਫ਼ੀ ਵੱਡੇ ਸਨ ਅਤੇ ਕਾਲਿਜ ਵਿਚ ਸੀਨੀਅਰ ਵੀ। ਅਸੀਂ ਆਪਣੇ ਕਾਲਿਜ ਵਿਚ ਅੰਗਰੇਜ਼ੀ ਵਿਭਾਗ ਵਿਚ ਲੈਕਚਰਾਰ ਸੀ, ਉਹ ਸੀਨੀਅਰ ਲੈਕਚਰਾਰ ਅਤੇ ਮੈਂ ਲੈਕਚਰਾਰ। ਅਦਬ ਅਦਾਬ ਦਾ ਰਿਸ਼ਤਾ ਸੀ। ਮੈਂ ਆਪਣੇ ਤੌਰ 'ਤੇ ਹੋਰ ਪੁੱਛਣ ਗਿੱਛਣ ਦੀ ਜੁਰਅਤ ਨਹੀਂ ਕਰ ਸਕਦਾ ਸਾਂ; ਜੋ ਉਹ ਦੱਸਣਾ ਚਾਹੁਣ ਉਹਨਾਂ ਦੀ ਮਰਜ਼ੀ। ਇਹ ਵੀ ਤੇ ਮੈਂ ਇਸ ਲਈ ਪੁੱਛ ਸਕਿਆ ਕਿ ਉਹਨਾਂ ਦਿਨਾਂ ਵਿਚ ਮੈਂ ਦਵਿੰਦਰ ਸਤਿਆਰਥੀ ਦੀ ਕਹਾਣੀ 'ਦੇਵਤਾ ਡਿਗ ਪਿਆ' ਅੰਗਰੇਜ਼ੀ ਵਿਚ ਤਰਜਮਾ ਕਰ ਰਿਹਾ ਸਾਂ। ਉਸ ਵਿਚ ਛੋਟੀ ਭੈਣ ਨੇ ਰਸਮਣ ਪਹਿਲੀ ਵਾਰ ਚਰਖ਼ਾ ਡਾਹੁਣਾ ਸੀ ਅਤੇ ਪਹਿਲੀ ਲੰਮੀ ਤੰਦ ਚਰਖ਼ੇ ਦੀ ਲੰਮੀ ਘੂਕਰ ਨਾਲ ਖਿੱਚਣੀ ਸੀ। ਇਹ ਰਸਮ ਦੂਜੇ ਦਿਨ ਸਵੇਰੇ ਕੀਤੀ ਜਾਣੀ ਸੀ। ਦੋਵੇਂ ਭੈਣਾਂ ਰਾਤ ਭਰ ਗੱਲਾਂ ਕਰਦੀਆਂ ਰਹੀਆਂ ਸਨ ਅਤੇ ਗੱਲਾਂ ਗੱਲਾਂ 'ਚ ਛੋਟੀ ਨੇ ਵੱਡੀ ਨੂੰ ਪੁੱਛ ਲਿਆ ਕਿ 'ਕੀ ਸਾਨੂੰ ਕਦੀ ਵੀ ਮਿੱਲ ਦਾ ਕਪੜਾ ਜਾਂ ਰੇਸ਼ਮ ਨਹੀਂ ਪਹਿਨਣਾ ਚਾਹੀਦਾ, ਰੇਸ਼ਮ ਦਾ ਨਾਲ਼ਾ ਵੀ ਨਹੀਂ'? ਉਹ ਆਪਣੇ ਕੂਲ਼ੇ ਪਿੰਡੇ 'ਤੇ ਰੇਸ਼ਮ ਦਾ ਸਪੱਰਸ਼ ਮਹਿਸੂਸ ਕਰਨਾ ਚਾਹੁੰਦੀ ਸੀ। ਰਾਜ ਅਜੇ ਅੰਗਰੇਜ਼ਾਂ ਦਾ ਸੀ। ਮਹਾਤਮਾ ਗਾਂਧੀ ਨੇ ਵਲਾਇਤ ਤੋਂ ਲਿਆਂਦਾ ਵਲਾਇਤੀ ਕਪੜਾ ਪਹਿਨਣ ਤੋਂ ਮਨਾਂਹ ਕਰ ਦਿੱਤਾ ਸੀ ਅਤੇ ਲੋਕਾਂ ਤੇ ਕੀ ਅੰਗਰੇਜ਼ ਪ੍ਰਸਤਾਂ ਨੇ ਵੀ ਆਪਣੇ ਸੈਵੋਏ ਸੂਟ ਸੜਕ 'ਤੇ ਸੁੱਟ ਅੱਗ ਲਗਾ ਦਿੱਤੀ ਸੀ।।

ਸ਼੍ਰੀਮਤੀ ਚੌਹਾਨ ਹਮੇਸ਼ਾ ਖਾਦੀ ਹੀ ਪਹਿਨਦੇ ਸਨ। ਗਰਮੀਆਂ ਵਿਚ ਕੁਝ ਕੁ ਪਤਲਾ ਖੱਦਰ, ਸਫ਼ੈਦ ਸਲਵਾਰ ਰੰਗਦਾਰ ਕਮੀਜ਼ ਤੇ ਮੈਚਿੰਗ ਦੁਪੱਟਾ। ਸਰਦੀਆਂ ਵਿਚ ਖਾਦੀ ਦਾ ਰੰਗਦਾਰ ਜਾਂ ਪ੍ਰਿੰਟਿਡ ਸੂਟ, ਸਵੈਟਰ ਜਾਂ ਕੋਟ ਅਤੇ ਖਾਦੀ ਦੀ ਹੀ ਸ਼ਾਲ। ਮਿੱਲ ਦਾ ਕਪੜਾ, ਰੇਸ਼ਮ ਜਾਂ ਪਸ਼ਮੀਨਾ ਕਦੀ ਵੀ ਨਹੀਂ।

ਸ਼੍ਰੀਮਤੀ ਚੌਹਾਨ ਦੇ ਪਿਤਾ ਜੀ, ਪ੍ਰਿੰਸੀਪਲ ਛਬੀਲ ਦਾਸ, ਡੀ. ਏ. ਵੀ. ਕਾਲਿਜ ਲਾਹੌਰ ਦੇ ਪ੍ਰਿੰਸੀਪਲ ਰਹੇ ਸਨ। ਆਰੀਆ ਸਮਾਜ ਦੇ ਪਰਚਾਰ ਅਤੇ ਆਜ਼ਾਦੀ ਦੀ ਜੱਦੋਜਹਿਦ ਵਿਚ ਬਹੁਤ ਮਸਰੂਫ਼ ਰਹੇ ਸਨ। ਸਰਦਾਰ ਭਗਤ ਸਿੰਘ ਅਤੇ ਹੋਰ ਅਨੇਕ ਨੌਜਵਾਨਾਂ ਨੂੰ ਆਰੀਆ ਸਮਾਜ ਅਤੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲੈਣ ਲਈ ਪ੍ਰੇਰ ਚੁੱਕੇ ਸਨ। ਆਪ ਅਨੇਕ ਵਾਰ ਜੇਲ੍ਹ ਗਏ ਸਨ। ਸ਼੍ਰੀਮਤੀ ਚੌਹਾਨ ਦੇ ਮਾਤਾ ਜੀ ਆਜ਼ਾਦੀ ਅੰਦੋਲਨ ਵਿਚ ਆਪਣੇ ਪਤੀ ਤੋਂ ਵੀ ਅੱਗੇ ਰਹੇ ਸਨ - ਕਦੀ ਜੇਲ੍ਹ ਕਦੀ ਰੂਪੋਸ਼। ਸ਼੍ਰੀਮਤੀ ਚੌਹਾਨ, ਉਸ ਸਮੇਂ ਜਵਾਨੀ ਦੀ ਦਲਹੀਜ਼ 'ਤੇ ਖੜ੍ਹੇ ਸਨ, ਸਕੂਲ ਗਰਲ। ਕਦੀ ਮਾਂ ਜੇਲ੍ਹ ਕਦੀ ਪਿਤਾ। ਕਿਆ ਜ਼ਿੰਦਗੀ ਹੋਣੀ ਹੈ ਅਤੇ ਕਿਆ ਇਸਦਾ ਪ੍ਰਵਾਨ ਚੜ੍ਹਨਾ! ਆਜ਼ਾਦੀ ਮਿਲਣ ਬਾਅਦ ਸ਼੍ਰੀਮਤੀ ਚੌਹਾਨ ਦੇ ਮਾਤਾ ਜੀ ਪੰਜਾਬ ਅਸੰਬਲੀ ਦੇ ਮੈਂਮਬਰ ਵੀ ਰਹੇ ਸਨ ਅਤੇ ਪੰਜਾਬ ਦੇ ਵਜ਼ੀਰ ਵੀ।

ਸ਼੍ਰੀਮਤੀ ਚੌਹਾਨ ਨੇ ਇੰਗਲਿਸ਼ ਦੀ ਐੱਮ.ਏ. ਕੀਤੀ, ਕੁਝ ਦੇਰ ਸ਼ਾਇਦ ਗੁੜਗਾਉਂ ਨੌਕਰੀ ਕੀਤੀ ਅਤੇ ਫ਼ਿਰ ਦਿੱਲੀ ਦੇਸ਼ਬੰਧੂ ਈਵਨਿੰਗ ਕਾਲਿਜ ਵਿਚ ਲੈਕਚਰਾਰ ਨਿਯੁਕਤ ਹੋ ਗਏ। ਸਾਹਿਤਕ ਰੁਚੀਆਂ ਸਨ; ਹਿੰਦੀ, ਪੰਜਾਬੀ ਵਿਚ ਕਹਾਣੀਆਂ ਲਿਖਦੇ ਸਨ। ਇਹ ਸਾਹਿਤ-ਪ੍ਰੇਮ ਹੀ ਸੀ, ਜੋ ਹਿੰਦੀ ਦੇ ਨਾਮਵਰ ਲੇਖਕ ਅਤੇ ਆਲੋਚਕ ਸ਼ਿਵਦਾਨ ਸਿੰਘ ਚੌਹਾਨ ਨਾਲ ਮੁਲਕਾਤ ਦਾ ਸਬੱਬ ਬਣਿਆ। ਪਿਆਰ ਪਿਆ, ਸ਼ਾਦੀ ਹੋਈ ਅਤੇ ਇਕ ਪੁਤੱਰ ਵੀ ਹੋਇਆ। ਜਦੋਂ ਮੈਂ ਲੈਕਚਰਾਰ ਲੱਗਾ, ਉਹ ਹਾਈ ਸਕੂਲ ਵਿਚ ਪੜ੍ਹਦਾ ਸੀ। ਬਾਅਦ ਵਿਚ ਉਹ ਵੀ ਲੈਕਚਰਾਰ ਬਣਿਆ।

ਭਾਵੇਂ ਸ਼੍ਰੀਮਤੀ ਚੌਹਾਨ ਦੇ ਪਿਤਾ ਕਾਲਿਜ ਪ੍ਰਿੰਸੀਪਲ ਅਤੇ ਮਾਤਾ ਵਜ਼ੀਰ ਸਨ, ਇਹ ਲੋਕ ਰਹੇ ਜਨ ਸਾਧਾਰਨ ਹੀ। ਮਾਰਕਸੀ ਵਿਚਾਰ ਵਿਚ ਵਿਸ਼ਵਾਸ ਸੀ। ਸ਼੍ਰੀਮਤੀ ਚੌਹਾਨ ਰਹਿੰਦੇ ਕਰਾਏ ਦੇ ਮਕਾਨ ਵਿਚ ਹੀ ਸਨ। ਗੁਜ਼ਾਰਾ ਸ਼੍ਰੀਮਤੀ ਚੌਹਾਨ ਦੀ ਤਨਖ਼ਾਹ ਅਤੇ ਚੌਹਾਨ ਸਾਹਿਬ ਦੀ ਥੋੜ੍ਹੀ ਬਹੁਤ ਖ਼ਾਨਦਾਨੀ ਜ਼ਮੀਨ ਜਾਇਦਾਦ ਤੋਂ ਆਈ ਆਮਦਨ 'ਤੇ ਹੀ ਸੀ। ਕਈ ਸਾਲ ਪਹਿਲਾਂ ਡੀ ਡੀ ਏ ਦੀ ਕਿਸੇ ਸਕੀਮ ਦੇ ਤਹਿਤ ਆਜ਼ਾਦੀ ਦੀ ਲੜਾਈ ਵਿਚ ਸ਼ਾਮਲ ਹੋ ਸਜ਼ਾਵਾ ਭੁਗਤਣ ਅਤੇ ਜੇਲ੍ਹਾਂ ਕੱਟਣ ਵਾਲਿਆਂ ਲਈ ਤਜਵੀਜ਼ ਕੀਤੇ ਫ਼ਲੈਟਾਂ ਵਾਸਤੇ ਇਕ ਲਈ ਅਰਜ਼ੀ ਪਾਈ ਹੋਈ ਸੀ। ਸਬੱਬ ਨਾਲ ਇਨ੍ਹਾਂ ਦੀ ਵੀ ਵਾਰੀ ਆ ਗਈ। ਦਿੱਲੀ ਸਾਕੇਤ ਦੇ ਇਲਾਕੇ ਵਿਚ ਫ਼ਲੈਟ ਅਲਾਟ ਹੋ ਗਿਆ। ਕੁਝ ਪੇਸ਼ਗੀ ਅਤੇ ਬਾਕੀ ਕਿਸ਼ਤਾਂ। ਡੀ ਡੀ ਏ ਦੇ ਫ਼ਲੈਟ ਕਬਜ਼ਾ ਮਿਲਣ ਦੇ ਵਕਤ ਅਜਿਹੀ ਹਾਲਤ ਵਿਚ ਨਹੀਂ ਹੁੰਦੇ ਕਿ ਜਾ ਕੇ ਰਿਹਾ ਜਾ ਸਕੇ। ਫ਼ਲੈਟ ਨੂੰ ਰਹਿਣ ਯੋਗ ਬਨਾਉਣ ਵਾਸਤੇ ਕਾਫ਼ੀ ਖ਼ਰਚ ਕਰਨਾ ਪਿਆ ਅਤੇ ਕਰਜ਼ਾ ਹੋਰ ਚੜ੍ਹ ਗਿਆ। ਖ਼ੈਰ ਨਾਲ ਲਾਹੌਰ ਤੋਂ ਆ ਕੇ ਕੋਈ ਚੌਵੀਆਂ ਪੰਝੀਆਂ ਸਾਲਾਂ ਬਾਅਦ ਰਹਿਣ ਲਈ ਆਪਣਾ ਘਰ ਬਣ ਗਿਆ।

ਸ਼੍ਰੀਮਤੀ ਚੌਹਾਨ ਖ਼ੁਸ਼ ਤਬੀਅਤ ਸਨ। ਸਟਾਫ਼ਰੂਮ ਵਿਚ ਆਉਂਦੇ ਮੁਸਕਰਾਉਂਦੇ ਆਂਦੇ। ਸਟਾਫ਼ ਮੈਂਬਰ ਵੀ ਹੱਥ ਜੋੜ ਨਮਸਕਾਰ ਕਰਦੇ। ਜੂਨੀਅਰ ਸਟਾਫ਼ ਤੇ ਅਦਬ ਨਾਲ ਖੜ੍ਹਾ ਵੀ ਹੋ ਜਾਂਦਾ। ਪਰ ਫ਼ਲੈਟ ਮਿਲਣ 'ਤੇ ਕਈ ਲੋਕ ਹਸਦ ਨਾਲ ਸੜ ਬਲ਼ ਵੀ ਗਏ ਅਤੇ ਪਿੱਠ ਪਿੱਛੇ 'ਫ਼ਰੀਡਮ ਫ਼ਾਈਟਰ, ਫ਼ਰੀਡਮ ਫ਼ਾਈਟਰ' ਕਹਿਣ ਲੱਗੇ।

ਲ਼ਫ਼ਜ਼ਾਂ ਦੇ ਮਾਅਨੇ ਬਦਲ ਜਾਂਦੇ ਹਨ। ਆਜ਼ਾਦੀ ਅੰਦੋਲਨ ਵਿਚ ਹਿੱਸਾ ਲੈਣ, ਜੇਲ੍ਹਾਂ ਭੁਗਤਣ ਅਤੇ ਰੂਪੋਸ਼ ਰਹਿ ਘਰ ਬਾਰ ਦਾ ਤਿਆਗ ਕਰਨ ਵਾਲਿਆ ਨੂੰ ਲੋਕ ਸਤਿਕਾਰ

ਨਾਲ ਫ਼ਰੀਡਮ ਫ਼ਾਈਟਰ ਕਹਿੰਦੇ ਸਨ। ਇਨ੍ਹਾਂ ਲੋਕਾਂ ਨੇ ਸਾਲ ਹਾ ਸਾਲ ਤੇ ਕੋਈ ਕੰਮ ਕੀਤਾ ਨਹੀਂ ਸੀ। ਹੁਣ ਨਾ ਕੋਈ ਕੰਮ ਆਉਂਦਾ ਸੀ ਤੇ ਨਾ ਹੀ ਕਰਨ ਜੋਗੇ ਸਨ। ਨਾ ਹੀ ਕੋਈ ਵਸੀਲੇ ਸਨ। ਨਹਿਰੂ ਸਰਕਾਰ ਨੇਂ ਇਨ੍ਹਾਂ ਦੀਆਂ ਪੈਨਸ਼ਨਾਂ ਲਗਾ ਦਿੱਤੀਆਂ ਅਤੇ ਇਜ਼ਤ ਮਾਨ ਵਧਾਉਣ ਲਈ ਤਾਮਰ ਪੱਤਰ ਦਿੱਤੇ। ਜਦੋਂ ਇਲੈਕਸ਼ਨ ਆਏ ਕਾਂਗਰਸ ਪਾਰਟੀ ਵੱਲੋਂ ਟਿਕਟਾਂ ਫ਼ਰੀਡਮ ਫ਼ਾਈਟਰਾਂ ਨੂੰ ਹੀ ਮਿਲੀਆਂ। ਜਦੋਂ ਸਰਕਾਰ ਵੱਲੋਂ ਟਰੱਕਾਂ ਬੱਸਾਂ ਦੇ ਪਰਮਿਟ ਦਿੱਤੇ ਗਏ, ਲੈਣ ਵਾਲੇ ਇਹੀ ਸਨ। ਜਦੋਂ ਲੋਹੇ, ਕੋਇਲੇ, ਅਲੂਮੀਨੀਅਮ ਜਾਂ ਕੌਪਰ ਦੇ ਕੋਟੇ ਦਿੱਤੇ ਗਏ, ਫ਼ਾਇਦੇ ਵਿਚ ਫ਼ਰੀਡਮ ਫ਼ਾਈਟਰ ਹੀ ਰਹੇ। ਇਨ੍ਹਾਂ ਕਿਹੜੀਆਂ ਬੱਸਾਂ ਚਲਾਣੀਆ ਸਨ ਜਾਂ ਟਰੱਕ ਚਲਾਣੇ ਸਨ। ਨਾ ਹੀ ਇਨ੍ਹਾਂ ਕੋਈ ਫ਼ੈਕਟਰੀਆਂ ਲਾਈਆਂ ਹੋਈਆ ਸਨ। ਇਨ੍ਹਾਂ ਟਰੱਕ ਬੱਸਾਂ ਦੇ ਪਰਮਿਟ ਕਰਾਏ 'ਤੇ ਦੇ ਦਿੱਤੇ ਅਤੇ ਕੋਟੇ ਵੇਚ ਦਿੱਤੇ। ਬਲੈਕ ਮਨੀ ਦਾ ਆਗ਼ਾਜ਼ ਹੋ ਗਿਆ। ਰਿਸ਼ਵਤ ਦਾ ਦੌਰ ਦੌਰਾ ਸ਼ੁਰੂ ਹੋ ਗਿਆ। ਜਿੱਡਾ ਵੱਡਾ ਬਲੈਕੀਆ, ਰਿਸ਼ਵਤਖ਼ੋਰ ਅਫ਼ਸਰ, ਓਨਾ ਹੀ ਵੱਡਾ ਫ਼ਰੀਡਮ ਫ਼ਾਈਟਰ ਕਿਹਾ ਜਾਣ ਲੱਗਾ। ਸਤਿਕਾਰਿਆ ਸ਼ਬਦ ਅਰਥ ਬਦਲ ਗਿਆ, ਬਦਨਾਮ ਹੋ ਗਿਆ, ਮਜ਼ਾਕ ਅਤੇ ਸ਼ੁਗ਼ਲ ਦਾ ਸਾਧਨ ਹੋ ਗਿਆ।

ਸ਼੍ਰੀਮਤੀ ਚੌਹਾਨ ਹੈਸਨ ਭੋਲ਼ੇ। ਪਹਿਲੇ ਤਾਂ ਇਨ੍ਹਾਂ ਲਫ਼ਜ਼ਾਂ ਦੇ ਬਦਲ ਗਏ ਸੰਦਰਭ ਤੋਂ ਅਨਜਾਣ ਸੁਣ ਕੇ ਖ਼ੁਸ਼ ਹੁੰਦੇ, ਪਰ ਜਦੋਂ ਇਨ੍ਹਾਂ ਪਿੱਛੇ ਮਸ਼ਕਰੀ ਦੀ ਸਮਝ ਆਈ, ਸੁਣ ਕੇ ਉਦਾਸ ਹੋ ਜਾਂਦੇ। ਗ਼ੁੱਸੇ ਵਿਚ ਆ ਜਾਂਦੇ, ਬੁੱਲ੍ਹ ਘੁੱਟੇ ਜਾਂਦੇ, ਮੁੱਠੀਆਂ ਬੰਦ ਹੋ ਜਾਂਦੀਆਂ। ਚਾਲੀ ਪੰਤਾਲ਼ੀ ਸਾਲ ਦੀ ਉਮਰ ਵਿਚ ਪਹਿਲੀ ਵਾਰ ਆਪਣਾ ਘਰ ਬਣਿਆ ਸੀ ਅਤੇ ਉਸਦੀ ਵੀ ਨਾ ਛੱਤ ਆਪਣੀ ਨਾ ਜ਼ਮੀਨ। ਇਸ 'ਤੇ ਇਹ ਕੁਝ ਸੁਣਨਾ ਪੈ ਰਿਹਾ ਸੀ।

ਇਕ ਦਿਨ ਹੱਦ ਹੀ ਟੱਪੀ ਗਈ। ਸਾਡਾ ਇਕ ਕੁਲੀਗ ਸੀ। ਉਹ ਅਜੇ ਕਾਲਿਜ ਵਿਚ ਲੱਗਾ ਹੀ ਸੀ ਕਿ ਘਰ ਵਿਚ ਇਕ ਟ੍ਰੈਜਿਡੀ ਹੋ ਗਈ। ਪਿਤਾ ਬਿਮਾਰ ਹੋ ਗਿਆ ਅਤੇ ਕੁਝ ਸਮੇਂ ਦੀ ਬਿਮਾਰੀ ਬਾਅਦ ਪਰਲੋਕ ਸਿਧਾਰ ਗਿਆ। ਪਿੱਛੇ ਛੱਡ ਗਿਆ ਬੀਵੀ, ਇਕ ਹੋਰ ਪੁੱਤਰ ਅਤੇ ਤਿੰਨ ਬੇਟੀਆਂ। ਉਸ ਨੇ ਆਪ ਵਿਆਹ ਨਾ ਕਰਾਣ ਦਾ ਅਤੇ ਪਿਤਾ ਦੇ ਪਿੱਛੇ ਛੱਡੇ ਟੱਬਰ ਨੂੰ ਪਾਲਣ ਅਤੇ ਪ੍ਰਵਾਨ ਚੜ੍ਹਾਣ ਦਾ ਫ਼ੈਸਲਾ ਕਰ ਲਿਆ। ਲੱਗਾ ਮਿਹਨਤ ਕਰਨ। ਪੇਪਰ ਬਨਾਣੇ, ਕਾਪੀਆਂ ਜਾਂਚਣੀਆਂ, ਇਮਤਿਹਾਨਾਂ ਸਮੇਂ ਡਿਊਟੀਆਂ ਦੇਣੀਆਂ ਜੀਵਨ ਢੰਗ ਬਣ ਗਿਆ। ਕੀ ਕਰਦਾ? ਇਕ ਹੋਰ ਕੁਲੀਗ ਨੇ ਉਸਨੂੰ ਮਜ਼ਾਕ ਮਜ਼ਾਕ ਵਿਚ ਕਿਹਾ, 'ਯਾਰਾ, ਤੂੰ ਤੇ ਬੜਾ ਵੱਡਾ ਫ਼ਰੀਡਮ ਫ਼ਾਈਟਰ ਬਣ ਗਿਐਂ, ਹਰ ਵੇਲੇ ਪੈਸਾ ਪੈਸਾ। ਆਪਣੀ ਕੋਈ ਜ਼ਿੰਦਗੀ ਹੀ ਨਹੀਂ'।

ਸੰਦਰਭ ਕੋਈ ਵੀ ਸੀ। ਫ਼ਰੀਡਮ ਫ਼ਾਈਟਰ ਸ਼ਬਦ ਨੂੰ ਇਸ ਤਰ੍ਹਾਂ ਵਰਤਣਾ ਸ਼੍ਰੀਮਤੀ ਚੌਹਾਨ ਨੂੰ ਕੱਡੀ ਗਾਲ੍ਹ ਜਿਹਾ ਲੱਗਾ। ਮੈਨੂੰ ਮਹਿਸੂਸ ਹੋਇਆ ਕਿ ਉਹ ਭੜਕ ਪੈਣਗੇ। ਫ਼ਿਕਰਾਬਾਜ਼ੀ ਕਰਨ ਵਾਲੇ ਨਾਲ ਉਲਝ ਜਾਣਗੇ। ਮੈਂ ਇਸ਼ਾਰੇ ਨਾਲ ਉਹਨਾਂ ਨੂੰ ਸ਼ਾਂਤ ਰਹਿਣ ਲਈ ਕਿਹਾ। ਉਹ ਗ਼ੁੱਸਾ ਪੀ ਗਏ। ਏਨਾ ਕਹਿ ਕੇ ਚੁੱਪ ਕਰ ਗਏ, "ਅੰਗਰੇਜ਼ਾਂ ਦਾ ਰਾਜ ਸੀ, ਕੁਝ ਅਨੁਸ਼ਾਸਨ ਸੀ। ਆਰੀਆ ਸਮਾਜੀ ਘਰ ਸੀ, ਕੁਝ ਮਾਨ ਮਰਯਾਦਾ ਸੀ। ਹੁਣ ਮੁਲਕ ਆਜ਼ਾਦ ਹੈ। ਆਜ਼ਾਦ ਮੁਲਕ ਵਿਚ ਜਨਮੇ ਕਾਨੂੰਨ ਨੂੰ ਤੋੜਨਾ ਆਪਣਾ ਹੱਕ ਸਮਝਦੇ ਹਨ ਅਤੇ ਹਰ ਮਰਯਾਦਾ ਨੂੰ ਭੰਗ ਕਰਨਾ ਫ਼ਰਜ਼"।

ਕੁਝ ਦੇਰ ਚੁੱਪ ਰਹਿਣ ਬਾਅਦ ਉਹਨਾਂ ਕਿਹਾ, "ਮੇਰਾ ਇਹ ਪੀਰੀਅਡ

ਖ਼ਾਲੀ ਹੈ। ਅਗਲਾ ਲੱਗਾ ਹੈ, ਕੀ ਤੂੰ ਫ਼ਰੀ ਹੈਂ"।

ਮੈਂ ਕਿਹਾ, "ਜੀ, ਮੇਰਾ ਵੀ ਨੈਕਸਟ ਪੀਰੀਅਡ ਹੀ ਲੱਗਾ ਹੈ"।

ਸ਼੍ਰੀਮਤੀ ਚੌਹਾਨ ਨੇ ਕਿਹਾ, "ਸੁਣ, ਮੈਂ ਤੇਰੇ ਸਾਹਮਣੇ ਕੰਡਿਆਂ ਵਾਲੀ ਵਾੜ ਦਾ ਰਾਜ਼ ਖੋਲ੍ਹਣੀ ਹਾਂ। ਖੱਦਰ ਮੈਂ ਬਚਪਨ ਤੋਂ ਹੀ ਪਾਣ ਲੱਗ ਗਈ ਸਾਂ। ਮਾਤਾ ਪਿਤਾ ਦੋਵੇਂ ਆਜ਼ਾਦੀ ਅੰਦੋਲਨ ਵਿਚ ਸ਼ਾਮਲ ਸਨ। ਅੱਜ ਇਹ ਨਜ਼ਦੀਕ-ਦੂਰ ਦੀ ਘਟਨਾ ਹੋਣ ਕਰਕੇ ਨਾ ਖ਼ਬਰ ਲਗਦੀ ਹੈ ਨਾ ਇਤਿਹਾਸ। ਪਰ ਜਦੋਂ ਇਹ ਅੰਦੋਲਨ ਚੱਲ ਰਿਹਾ ਸੀ, ਹਰ ਦਿਨ ਇਕ ਹਾਦਸਾ ਸੀ, ਇਕ ਵੱਡੀ ਖ਼ਬਰ। ਕਿਧਰੇ ਜਲਸਾ, ਕਿਧਰੇ ਜਲੂਸ; ਕਿਧਰੇ ਲਾਠੀ ਚਾਰਜ, ਕਿਧਰੇ ਗੋਲੀਬਾਰੀ। ਕਦੀ ਉਤਸ਼ਾਹ ਕਦੀ ਮਾਯੂਸੀ। ਮੇਰੇ ਮਾਤਾ ਪਿਤਾ ਕਦੀ ਜੇਲ੍ਹ ਕਦੀ ਰੂਪੋਸ਼, ਘਰ ਬੱਸ ਕਦੀ ਕਦਾਈਂ ਹੀ। ਮੈਂ ਘਰ ਇਕੱਲੀ ਰਹਿ ਜਾਂਦੀ ਜਾਂ ਉਹਨਾਂ ਦੇ ਕਿਸੇ ਦੋਸਤ ਸਹੇਲੀ ਦੇ ਘਰ। ਗਾਂਧੀ ਜੀ ਦੇ ਵਿਦੇਸ਼ੀ ਕਪੜੇ ਤਿਅਗਣ ਲਈ ਕਹਿਣ 'ਤੇ ਲੋਕਾਂ ਨੇ ਸਿਰਫ਼ ਵਲਾਇਤੀ ਕਪੜਾ ਪਹਿਨਣਾ ਬੰਦ ਹੀ ਨਹੀ ਸਗੋਂ ਸੜਕਾਂ 'ਤੇ ਢੇਰ ਲਗਾ ਕੇ ਜਲਾ ਦਿੱਤਾ ਸੀ। ਮੈਂ ਉਸ ਸਮੇਂ ਕੋਈ ਪੰਦਰਾਂ ਸੋਲ੍ਹਾਂ ਦੀ ਹੋਵਾਂਗੀ ਜਦੋਂ ਮੈਂ ਲਾਹੌਰ ਵਿਚ ਕਾਇਮ ਕੀਤੇ ਮੌਂਕੀ ਬ੍ਰਿਗੇਡ ਵਿਚ ਸ਼ਾਮਲ ਹੋ ਗਈ"।

"ਮੌਂਕੀ ਬ੍ਰਿਗੇਡ?"

"ਜੀ ਹਾਂ, ਮੌਂਕੀ ਬ੍ਰਿਗੇਡ। ਇਹ ਟੀਨ ਏਜਰਜ਼ ਦੀ ਔਰਗਨਾਈਜ਼ੇਸ਼ਨ ਸੀ। ਸਾਡਾ ਕੰਮ ਹੁੰਦਾ ਸੀ ਦਿਨ ਭਰ ਪੋਸਟਰ ਲਿਖਣੇ ਅਤੇ ਰਾਤ ਨੂੰ ਸ਼ਹਿਰ ਦੀਆਂ ਕੰਧਾਂ 'ਤੇ ਚਿਪਕਾ ਦੇਣੇ। ਕਿਸੇ ਹੋਣ ਵਾਲੇ ਜਲਸੇ ਜਾਂ ਨਿਕਲਣ ਵਾਲੇ ਜਲੂਸ ਬਾਰੇ। ਅਸੀਂ ਰੂਪੋਸ਼ ਹੋਏ ਅੰਦੋਲਨਕਾਰੀਆਂ ਨੂੰ ਜਿੱਥੇ ਜਿੱਥੇ ਉਹ ਛੁਪੇ ਹੁੰਦੇ ਸਨ, ਰੋਟੀ ਪਹੁੰਚਾਂਦੇ। ਉਹਨਾਂ ਦੇ ਖ਼ਤ ਸੁਨੇਹੇ ਥਾਂ ਥਾਂ ਪਹੁੰਚਾਂਦੇ। ਫਿਰ ਤੇ ਪਤਾ ਹੀ ਨਹੀਂ ਸੀ ਲਗਦਾ, ਦਿਨ ਕਦੋਂ ਚੜ੍ਹਦਾ ਅਤੇ ਰਾਤ ਕਦੋਂ ਪੈਂਦੀ ਸੀ। ਕਦੀ ਏਸ ਘਰ ਸੌਂ ਜਾਂਦੇ ਕਦੀ ਕਿਸੇ ਹੋਰ ਘਰ। ਰੋਟੀ ਜਿਹੋ ਜਿਹੀ ਮਿਲਦੀ ਖਾ ਲੈਂਦੇ। ਭੇਡਾਂ ਬੱਕਰੀਆਂ ਦੀ ਤਰ੍ਹਾਂ ਇਕੋ ਕਮਰੇ ਵਿਚ ਵੜ ਕੇ ਸੌਂ ਜਾਂਦੇ। ਕਿਆ ਵਕਤ ਸੀ, ਕਿਆ ਲਗਨ ਸੀ। ਕੋਈ ਅੱਖ ਚੁੱਕ ਕੇ ਨਹੀਂ ਸੀ ਦੇਖਦਾ। ਉਸ ਉਮਰ ਵਿਚ ਤੇ ਸਾਰੇ ਹੀ ਸੋਹਣੇ ਲਗਦੇ ਹਨ, ਮੁੰਡਿਆਂ ਨੂੰ ਕੁੜੀਆਂ, ਕੁੜੀਆਂ ਨੂੰ ਮੁੰਡੇ। ਪਰ ਅਸੀਂ ਤਾਂ ਫ਼ਰੀਡਮ ਫ਼ਾਈਟਰ ਸਾਂ, ਮੌਂਕੀ ਬ੍ਰਿਗੇਡ ਦੇ ਮੈਂਬਰ।

ਪਿੰਡਾਂ ਵਿਚ ਹਰ ਘਰ ਚਰਖ਼ੇ ਘੂਕਰ ਘਤਦੇ ਸਨ, ਸੂਤ ਕੱਤਿਆ ਜਾ ਰਿਹਾ ਸੀ। ਜੁਲਾਹੇ ਕਪੜਾ ਬੁਣਦੇ ਸਨ। ਕਪੜਾ ਸੀਤਾ ਜਾ ਰਿਹਾ ਸੀ ਤੇ ਲੋਕੀ ਪਾ ਰਹੇ ਸਨ।। ਉਨ੍ਹਾਂ ਦਿਨਾਂ ਵਿਚ ਅਸੀਂ ਕਿਤੇ ਵੀ ਰਾਤ ਕੱਟ ਲੈਂਦੇ ਸਾਂ। ਪਰ ਇਕ ਅਨੁਸ਼ਾਸਨ ਸੀ, ਕੋਈ ਮਰਯਾਦਾ ਸੀ। ਇਹ ਖੱਦਰ ਕੰਡਿਆਂ ਦੀ ਵਾੜ ਸੀ। ਦੁਪਾਸੀ ਚੁਭਣ ਦੇ ਬਾਵਜੂਦ ਨਾ ਕੋਈ ਇਸਦੇ ਬਾਹਰ ਜਾਂਦਾ ਸੀ ਅਤੇ ਨਾ ਕੋਈ ਇਸਦੇ ਅੰਦਰ ਆਣ ਦੀ ਕੋਸ਼ਿਸ਼ ਕਰਦਾ ਸੀ"।

ਆਖ਼ਰੀ ਪੀਰੀਅਡ ਸੀ। ਉਹ ਉੱਠੇ ਆਪਣੀ ਕਲਾਸ ਲੈਣ ਚਲੇ ਗਏ, ਮੈਂ ਆਪਣੀ ਕਲਾਸ। ❑❑

[74 Sahyog Aparments, Mayur Vihar. Deelhi 110 091]

ਕੁਲਵੰਤ ਸਿੰਘ ਵਿਰਕ ਨੂੰ ਚੇਤੇ ਕਰਦਿਆਂ

ਕੁਲਵੰਤ ਸਿੰਘ ਵਿਰਕ ਸਾਡੀ ਜ਼ੁਬਾਨ ਦਾ ਸ੍ਰੇਸ਼ਟ ਕਹਾਣੀਕਾਰ ਸੀ। ਕਹਾਣੀ ਦੇ ਸੰਜਮ ਨੂੰ ਸਮਝਣ ਵਿਚ ਉਸਦੇ ਬਰਾਬਰ ਭਿੜਨ ਵਾਲਾ ਸ਼ਾਇਦ ਹਾਲੇ ਤਕ ਵੀ ਕੋਈ ਨਹੀਂ। ਆਪਣੇ ਜੀਵਨ-ਵਿਹਾਰ ਅਤੇ ਬੋਲ-ਚਾਲ ਵਿਚ ਵੀ ਬਹੁਤ ਸੰਜਮ ਤੋਂ ਕੰਮ ਲੈਣ ਵਾਲਾ ਇਹ ਲੇਖਕ ਕਹਾਣੀ ਦੇ ਸੰਜਮ ਨੂੰ ਵੀ ਓਨੀ ਹੀ ਚੰਗੀ ਤਰ੍ਹਾਂ ਜਾਣਦਾ ਸੀ। ਉਸ ਦੀ ਕਹਾਣੀ-ਰਚਨਾ ਵਿਚ ਕਿਸੇ ਵੀ ਸ਼ਬਦ ਜਾਂ ਵਾਕੰਸ਼ ਨੂੰ ਵਾਧੂ ਕਹਿਣਾ ਤਾਂ ਇਕ ਪਾਸੇ ਰਿਹਾ, ਉਸ ਦੀ ਜੜਤ ਨੂੰ ਬਦਲ ਸਕਣਾ ਵੀ ਮੂਲੋਂ ਅਸੰਭਵ ਹੈ। ਬਿਨਾਂ ਉੱਚੀ ਸੁਰ ਤੋਂ ਉਸਦੀ ਕਹਾਣੀ ਵਿਚੋਂ ਅਗਾਂਹਵਧੂ ਤੇ ਮਾਨਵਵਾਦੀ ਚੇਤਨਾ ਦੀ ਲਹਿਰ ਬਹੁਤ ਸਹਿਜ ਰੂਪ ਵਿਚ ਲੰਘਦੀ ਪ੍ਰਤੀਤ ਕੀਤੀ ਜਾ ਸਕਦੀ ਹੈ। ਸਾਡਾ ਇਹ ਸ਼ਿਰੋਮਣੀ ਲੇਖਕ ਮੁਕਾਬਲਤਨ ਛੋਟੀ ਉਮਰੇ ਹੀ 1987 ਵਿਚ ਇਸ ਸੰਸਾਰ ਤੋਂ ਵਿਦਾਅ ਹੋ ਗਿਆ ਸੀ। ਪਰ ਬਹੁਤ ਸਾਧਾਰਨ ਜਾਪਦੀ ਗੱਲ ਉੱਤੇ ਗੁੰਦੀਆਂ ਗਈਆਂ ਵੱਡੇ ਅਰਥਾਂ ਵਾਲੀਆਂ ਆਪਣੀਆਂ ਅਨੇਕਾਂ ਸ਼ਾਹਕਾਰ ਕਹਾਣੀਆਂ ਕਰਕੇ ਉਹ ਹੁਣ ਵੀ ਪਾਠਕਾਂ ਦੇ ਮਨਾਂ ਵਿਚ ਵਸਿਆ ਹੋਇਆ ਪੰਜਾਬੀ ਸਾਹਿਤ-ਸੰਸਾਰ ਦਾ ਚਮਕਦਾ ਸਿਤਾਰਾ ਹੈ।

ਹੁਣੇ ਹੁਣੇ ਪੰਜਾਬੀ ਯੂਨੀਵਰਸਿਟੀ ਨੇ ਕੁਲਵੰਤ ਸਿੰਘ ਵਿਰਕ ਬਾਰੇ ਅੰਗਰੇਜ਼ੀ ਵਿਚ ਇਕ ਪੁਸਤਕ ਪ੍ਰਕਾਸ਼ਤ ਕੀਤੀ ਹੈ ਜਿਸ ਦਾ ਸੰਪਾਦਨ ਗੁਲਜ਼ਾਰ ਸਿੰਘ ਸੰਧੂ ਨੇ ਕੀਤਾ ਹੈ। ਇਸ ਪੁਸਤਕ ਵਿਚ ਵਿਰਕ ਦੀਆਂ ਅੰਗਰੇਜ਼ੀ ਵਿਚ ਛਪੀਆਂ ਮੌਲਿਕ ਲਿਖਤਾਂ ਦੇ ਨਾਲ ਉਸਦੀਆਂ ਕੁਝ ਚਰਚਤ ਕਹਾਣੀਆਂ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਛਾਪਿਆ ਗਿਆ ਹੈ। ਸਮਝਿਆ ਜਾਂਦਾ ਸੀ ਕਿ ਵਿਰਕ ਨੇ ਕਹਾਣੀ ਤੋਂ ਬਿਨਾਂ ਹੋਰ ਕਿਸੇ ਵਿਧਾ ਵਿਚ ਰਚਨਾ ਨਹੀਂ ਕੀਤੀ। ਉਸਦੇ ਬਾਰੇ ਅਜਿਹਾ ਪ੍ਰਭਾਵ ਇਕ ਹੱਦ ਤਕ ਹੀ ਦਰੁਸਤ ਹੈ। ਜਾਣਕਾਰਾਂ ਨੂੰ ਪਤਾ ਹੈ ਕਿ ਸਮੇਂ ਸਮੇਂ ਉਹ ਕੁਝ ਨਾ ਕੁਝ ਵਾਰਤਕ ਵਿਚ ਲਿਖਦਾ ਰਹਿੰਦਾ ਸੀ ਅਤੇ ਇਹ ਵਾਰਤਕ ਲਿਖਤਾਂ ਅੰਗਰੇਜ਼ੀ ਅਖਬਾਰਾਂ ਵਿਚ ਛਪਦੀਆਂ ਸਨ। ਸ਼ਾਇਦ ਸਰਕਾਰੀ ਨੌਕਰੀ ਵਿਚ ਸੂਚਨਾ ਤੇ ਸੰਚਾਰ ਦੇ ਵਿਭਾਗ ਨਾਲ ਜੁੜੇ ਹੋਣ ਦਾ ਤੱਥ ਇਹਨਾ ਰਚਨਾਵਾਂ ਲਈ ਆਧਾਰ ਸ੍ਰੋਤ ਤੇ ਪ੍ਰੇਰਣਾ ਦਾ ਸਬੱਬ ਬਣਦਾ ਰਿਹਾ ਹੋਵੇ। ਪਰ ਵਿਰਕ ਦੀਆਂ ਅੰਗਰੇਜ਼ੀ ਵਿਚ ਛਪੀਆਂ ਇਹ ਵਾਰਤਕ ਲਿਖਤਾਂ ਉਸ ਦੀ ਰਚਨਾਤਮਕ ਪ੍ਰਤਿਭਾ ਦਾ ਇਕ ਹੋਰ ਪਾਸਾਰ ਸਾਹਵੇਂ ਲਿਆਉਂਦੀਆਂ ਹਨ। ਪੰਜਾਬੀ ਜੀਵਨ ਤੇ ਸਭਿਆਚਾਰ ਦੇ ਇਤਿਹਾਸਕ ਪ੍ਰਸੰਗਾਂ ਨਾਲ ਜੁੜੀਆਂ ਵਿਰਕ ਦੀਆਂ ਇਹਨਾਂ ਲਿਖਤਾਂ ਦਾ ਆਪਣਾ ਮੁੱਲ ਹੈ, ਜੋ ਉਸਦੀ ਕਹਾਣੀ-ਰਚਨਾ ਦੇ ਮੁੱਲ ਤੋਂ ਕਿਸੇ ਤਰ੍ਹਾਂ ਘੱਟ ਨਹੀਂ।

ਅੰਗਰੇਜ਼ੀ ਵਿਚ ਛਪੀ ਵਿਰਕ ਬਾਰੇ ਪੁਸਤਕ ਵੇਖਣ 'ਤੇ ਖਿਆਲ ਆਇਆ ਕਿ ਕਿਉਂ ਨਾ ਇਸ ਪੁਸਤਕ ਉੱਤੇ ਚਰਚਾ ਦੇ ਹਵਾਲੇ ਨਾਲ ਸਾਡੇ ਇਸ ਵੱਡੇ ਲੇਖਕ ਨੂੰ ਰਤਾ ਹੋਰ ਚੰਗੀ ਤਰ੍ਹਾਂ ਚੇਤੇ ਕਰ ਲਿਆ ਜਾਵੇ। ਇਸੇ ਸੋਚ ਨਾਲ ਅਸੀਂ ਪੰਜਾਬ ਦੀ ਲੋਕ ਧਾਰਾ ਦਾ ਮਹੱਤਵਪੂਰਨ ਅੰਗ ਬਣੀਆਂ ਮੱਝੀਆਂ ਬਾਰੇ ਪੁਸਤਕ ਵਿਚਲੇ ਇਕ ਦਿਲਚਸਪ ਲੇਖ ਨੂੰ ਪੰਜਾਬੀ ਰੂਪਾਂਤਰਣ ਵਿਚ ਢਾਲਣ ਦਾ ਨਿਰਣਾ ਲਿਆ, ਜਿਸਨੂੰ ਉਸਦੀਆਂ ਦੋ ਮੁਕਾਬਲਤਨ ਘੱਟ ਚਰਚਤ ਪਰ ਬਹੁਤ ਹੀ ਅਰਥ ਭਰਪੂਰ ਕਹਾਣੀਆਂ 'ਘੁੰਡ' ਅਤੇ 'ਮੁੱਢੋਂ ਸੁੱਢੋਂ' ਨਾਲ

ਛਾਪਿਆ ਜਾ ਰਿਹਾ ਹੈ। ਮਗਰਲੀ ਕਹਾਣੀ ਦਾ ਪਿਛੋਕੜ ਪਿਛਲੀ ਸਦੀ ਦੇ ਛੇਵੇਂ ਦਹਾਕੇ ਵਿਚ ਚੱਲੇ ਪੰਜਾਬੀ ਕਿਸਾਨੀ ਦੇ ਇਕ ਵੱਡ ਮੋਰਚੇ ਨਾਲ ਜਾ ਜੁੜਦਾ ਹੈ। ਸੱਤਾ ਦੀ ਕਰੋਪੀ ਨੂੰ ਦਰਸਾਉਂਦੀ ਇਸ ਕਹਾਣੀ ਵਿਚ ਪੰਜਾਬੀ ਜਨ-ਜੀਵਨ ਤੇ ਸਭਿਆਚਾਰ ਨਾਲ ਮੋਹ ਸਹਿਤ ਵਿਰਕ ਦੇ ਸਦੀਵ ਆਸ਼ਾਵਾਦੀ ਮਾਨਵਵਾਦ ਦੀ ਸੁਰ ਪਛਾਣੀ ਜਾ ਸਕਦੀ ਹੈ। ਅੰਗਰੇਜ਼ੀ ਪੁਸਤਕ ਵੇਖਦਿਆ ਹੀ ਚੇਤਾ ਆਇਆ ਕਿ ਅੰਗਰੇਜ਼ੀ ਵਿਚ ਛਪੀਆਂ ਵਿਰਕ ਦੀਆਂ ਲਿਖਤਾਂ ਵਰਗੀ ਮੌਲਿਕ ਪੰਜਾਬੀ ਵਿਚ ਲਿਖੀ ਉਸਦੀ ਅਜਿਹੀ ਇਕ ਵਾਰਤਕ ਲਿਖਤ ਤਾਂ 'ਸਿਰਜਣਾ' ਵਿਚ ਵੀ ਛਪੀ ਸੀ, ਕੋਈ ਚਾਰ ਦਹਾਕੇ ਪਹਿਲਾਂ। ਇਕ ਗਹਿਰ ਗੰਭੀਰ ਵਿਸ਼ੇ ਉੱਤੇ 'ਓਭੜ ਲੋਕ' ਨਾਂ ਦੀ ਇਹ ਲਿਖਤ ਸਹਿਜ ਸਰਲ ਮੁਹਾਵਰੇ ਵਿਚ ਵਿਰਕ ਦੇ ਬਹੁਤ ਅਰਥ ਭਰਪੂਰ ਗੱਲ ਕਰ ਜਾਣ ਦਾ ਪ੍ਰਤੱਖ ਪ੍ਰਮਾਣ ਹੈ। 'ਸਿਰਜਣਾ' ਨੂੰ ਮਾਣ ਹੈ ਕਿ 1965 ਵਿਚ ਇਸਦਾ ਪ੍ਰਕਾਸ਼ਨ ਹੋਣ ਤੋਂ ਮਗਰੋਂ ਵਿਰਕ ਦੀਆਂ ਸੱਜਰੀਆਂ ਕਥਾ-ਰਚਨਾਵਾਂ, ਜਿਨ੍ਹਾਂ ਵਿਚ 'ਨਵੇਂ ਲੋਕ', 'ਰਸਭਰੀਆਂ' ਤੇ 'ਅਸਤਬਾਜ਼ੀ' ਵਰਗੀਆਂ ਚਰਚਤ ਕਹਾਣੀਆਂ ਵੀ ਸ਼ਾਮਲ ਹਨ, ਇਸ ਪਰਚੇ ਵਿਚ ਛਪਦੀਆਂ ਰਹੀਆਂ ਸਨ। ਗੁਲਜ਼ਾਰ ਸਿੰਘ ਸੰਧੂ ਦੇ ਵਿਰਕ ਬਾਰੇ ਮੋਹ ਭਰੇ ਲੇਖ ਦੇ ਨਾਲ ਕੁਲਵੰਤ ਸਿੰਘ ਵਿਰਕ ਦੀਆਂ ਕੁਝ ਰਚਨਾਵਾਂ ਨੂੰ ਮੁੜ ਪੇਸ਼ ਕਰਦਿਆਂ 'ਸਿਰਜਣਾ' ਨੂੰ ਬੇਹੱਦ ਖੁਸ਼ੀ ਹ ਰਹੀ ਹੈ। □□

– ਰਘਬੀਰ ਸਿੰਘ

ਕੁਲਵੰਤ ਸਿੰਘ ਵਿਰਕ : ਨਿਬੰਧ : ਗੁਲਜ਼ਾਰ ਸਿੰਘ ਸੰਧੂ

ਅੱਜ ਦੇ ਪਾਠਕਾਂ ਨੂੰ ਕੁਲਵੰਤ ਸਿੰਘ ਵਿਰਕ ਦਾ ਸੁਭਾਅ ਦੱਸਣ ਲਈ ਮੈਂ ਆਪਣੀ ਗੱਲ ਉਹਦੇ ਨਾਲ ਹੋਈ ਆਪਣੀ ਪਹਿਲੀ ਮੁਲਾਕਾਤ ਤੋਂ ਸ਼ੁਰੂ ਕਰਦਾ ਹਾਂ।

ਨਵੀਂ ਦਿੱਲੀ ਦੇ ਯਾਰਕ ਰੈਸਟੋਰੈਂਟ ਵਿਚ ਐੱਮ.ਐੱਸ ਰੰਧਾਵਾ ਦੇ ਸਵਾਗਤ ਵਿਚ ਪਾਰਟੀ ਸੀ। ਰੰਧਾਵਾ ਨੇ ਇਕ ਛੀਂਟਕੇ ਜਿਹੇ ਸਰਦਾਰ ਨੂੰ ਇਸ਼ਾਰਾ ਕਰਕੇ ਆਪਣੇ ਨਾਲ ਦੀ ਸੀਟ 'ਤੇ ਬਿਠਾ ਲਿਆ। ਸਾਰਾ ਅਰਸਾ ਹੋਰਨਾਂ ਦੀਆਂ ਸਾਹਬ ਸਲਾਮਾਂ ਦਾ ਉੱਤਰ ਤਾਂ ਦਿੱਤਾ ਪਰ ਗੱਲਾਂ ਛੋਟੀਆਂ ਅੱਖਾਂ ਵਾਲੇ ਉਸ ਬੰਦੇ ਨਾਲ ਹੀ ਕਰਦਾ ਰਿਹਾ। ਪਤਾ ਲੱਗਿਆ ਇਹ ਕੁਲਵੰਤ ਸਿੰਘ ਵਿਰਕ ਸੀ। ਉਹ ਪੰਜਾਬ ਤੋਂ ਦਿੱਲੀ ਗਿਆ ਹੋਇਆ ਸੀ। ਸੰਨ 1957 ਦੀ ਗੱਲ ਹੋਵੇਗੀ।

'ਮੈਂ ਗੁਲਜ਼ਾਰ ਸਿੰਘ ਸੰਧੂ ਹਾਂ,' ਮੈਂ ਪਾਰਟੀ ਤੋਂ ਪਿੱਛੋਂ ਵਿਰਕ ਨਾਲ ਆਪਣੀ ਜਾਣ-ਪਛਾਣ ਕਰਵਾਈ। 'ਮੈਂ ਜਾਣਨਾਂ,' ਉੱਤਰ ਮਿਲਿਆ। 'ਮੈਂ ਰੰਧਾਵਾ ਦੇ ਦਫਤਰ ਭਾਰਤੀ ਖੇਤੀਬਾੜੀ ਖੋਜ ਕਾਉਂਸਲ ਵਿਚ ਸਬ ਐਡੀਟਰ ਹਾਂ,' ਮੇਰੀ ਉਸ ਦੇ ਛੋਟੇ ਉੱਤਰ ਨਾਲ ਤਸੱਲੀ ਨਹੀਂ ਸੀ ਹੋਈ। 'ਮੈਨੂੰ ਪਤੈ'। ਫੇਰ ਦੋ ਹੀ ਸ਼ਬਦ।

ਏਨੇ ਨੂੰ ਗੁਰਮੁਖ ਸਿੰਘ ਜੀਤ ਆ ਗਿਆ ਤੇ ਵਿਰਕ ਦੀ ਸੱਜਰੀ ਕਹਾਣੀ ਬਾਰੇ ਕਹਿਣ ਲੱਗਿਆ, 'ਤੁਹਾਡੀ ਕਹਾਣੀ ਦਾ ਅੰਤ ਠੀਕ ਸੀ, ਆਰੰਭ ਨਹੀਂ ਜਚਿਆ।' ਉਹ ਪੰਜਾਬੀ ਕਹਾਣੀਆਂ 'ਤੇ ਕਿਤਾਬ ਲਿਖ ਰਿਹਾ ਸੀ। 'ਤਾਂ ਮੈਨੂੰ ਚਾਹੀਦਾ ਹੈ ਕਿ ਮੈਂ ਅੰਤ ਕੱਟ ਦਿਆਂ ਤੇ ਆਰੰਭ ਰੱਖ ਛੱਡਾਂ।' ਵਿਰਕ ਦਾ ਉੱਤਰ ਏਨਾ ਤਿੱਖਾ ਸੀ ਕਿ ਸਾਰੇ ਹੱਸ ਪਏ।

ਗੱਲਾਂ ਖੁੱਲ੍ਹਣ ਨਾਲ ਮੇਰਾ ਵੀ ਟੁੱਲਾ ਲੱਗ ਗਿਆ। ਅਸੀਂ ਪਹਿਲੀ ਮਿਲਣੀ ਵਿਚ ਹੀ ਇਕ ਦੂਜੇ ਦੇ ਨੇੜੇ ਹੋ ਗਏ।

ਛੇਤੀ ਹੀ ਸਾਡੀ ਦੋਹਾਂ ਦੀ ਦੋਸਤੀ ਅਖਾਣ ਬਣ ਗਈ। ਬਹੁਤੀ ਏਸ ਲਈ ਕਿ ਮੈਂ ਗ਼ਾਲਿਬ ਦੇ ਮਿਸਰੇ 'ਅਗਲੇ ਜ਼ਮਾਨੇ ਮੇਂ ਕੋਈ ਮੀਰ ਭੀ ਥਾ' ਵਿਚ ਮੀਰ ਦੀ ਥਾਂ ਵਿਰਕ ਭਰ ਲਿਆ ਸੀ। ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ।

ਜਦੋਂ ਦੂਰਦਰਸ਼ਨ ਵਾਲਿਆਂ ਨੇ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬੌਲਦ' ਉੱਤੇ ਫਿਲਮ ਬਣਾਈ ਤਾਂ ਵਧਾਈਆਂ ਦੇਣ ਵਾਲੇ ਮੈਨੂੰ ਲੱਭੀ ਜਾਣ। ਉਹ ਉਦੋਂ ਜਲੰਧਰ ਹੁੰਦਾ ਸੀ। ਬੰਦਾ ਕਿੰਨਾ ਕੁਝ ਕਿਸ ਤਰ੍ਹਾਂ ਬਰਦਾਸ਼ਤ ਕਰਨ ਦੀ ਕਿੰਨੀ ਸ਼ਕਤੀ ਰੱਖਦਾ ਹੈ, ਇਸ ਕਹਾਣੀ ਤੋਂ ਚੰਗਾ ਹੋਰ ਕਿਧਰੇ ਚਿਤਰਤ ਨਹੀਂ ਸੀ ਹੋਇਆ। ਮੈਂ ਜਿੱਧਰ ਜਾਵਾਂ ਲੋਕੀ ਮੇਰਾ ਰਸਤਾ ਰੋਕ ਖੜ੍ਹੇ ਹੋ ਜਾਣ, ਬਣੀ ਵਿਰਕ ਦੀ ਕਹਾਣੀ ਕਮਾਲ ਹੈ। ਕੁਝ ਏਸ ਤਰ੍ਹਾਂ ਜਿਵੇਂ ਮੈਂ ਲਿਖੀ ਹੋਵੇ। ਕਹਾਣੀ ਉਹਦੀ ਤੇ ਵਧਾਈਆਂ ਮੈਨੂੰ। ਜਿਵੇਂ ਅਸੀਂ ਇਕੋ ਹੋਈਏ।

1965 ਵਿਚ ਵਿਰਕ ਦੀ ਬਦਲੀ ਦਿੱਲੀ ਦੀ ਹੋ ਗਈ। ਉਹ ਅਟੈਚੀ ਵਿਚ ਥੋੜ੍ਹੇ ਜਿਹੇ ਕੱਪੜੇ ਪਾ ਕੇ ਮੇਰੇ ਪੂਸਾ ਰੋਡ ਵਾਲੇ ਘਰ ਆ ਗਿਆ। ਬੱਚਿਆਂ ਦੇ ਇਮਤਿਹਾਨ ਹੋਣ ਤਕ ਉਹ ਮੇਰੇ ਕੋਲ ਹੀ ਰਿਹਾ। ਅਸੀਂ ਦੋਵੇਂ ਛੜਿਆਂ ਵਰਗੇ ਸਾਂ। ਮੇਰੇ ਕੋਲ ਮੇਰੀ ਛੋਟੀ ਭੈਣ ਗੁੱਡੀ (ਬਲਵਿੰਦਰ ਕੌਰ) ਸੀ। ਚਾਰ ਕਮਰੇ ਦਾ ਘਰ ਤੇ ਬੰਦੇ ਤਿੰਨ। ਗੁੱਡੀ ਨੇ ਪ੍ਰਾਈਵੇਟ ਵਿਦਿਆਰਥਣ ਵਜੋਂ ਦਸਵੀਂ ਦਾ ਇਮਤਿਹਾਨ ਦੇਣਾ ਸੀ।

ਇਕ ਵਾਰੀ ਵਿਰਕ ਆਪਣੀ ਖੇਤੀ ਦੇ ਕੰਮ ਯੂ.ਪੀ. ਗਿਆ ਹੋਇਆ ਸੀ ਤਾਂ ਮੇਰਾ ਮਿੱਤਰ ਰਾਜ ਗਿੱਲ ਆ ਗਿਆ। ਛੋਟੀ ਭੈਣ ਨੂੰ ਪੜ੍ਹਦੀ ਨੂੰ ਘਰ ਛੱਡ ਕੇ ਅਸੀਂ ਦੋਵੇਂ ਅਵਾਰਾਗਰਦੀ ਕਰਨ ਚਲੇ ਗਏ। ਬਾਹਰੋਂ ਤਾਲਾ ਲਾ ਗਏ ਕਿ ਕੁੜੀ ਦੀ ਪੜ੍ਹਾਈ ਵਿਚ ਵਿਘਨ ਪਾਉਣ ਵਾਲਾ ਨਾ ਆ ਜਾਏ ਕੋਈ। ਗਈ ਰਾਤ ਪਰਤੇ ਤਾਂ ਬਾਹਰਲੇ ਦਰਵਾਜ਼ੇ ਦਾ ਤਾਲਾ ਟੁੱਟਿਆ ਹੋਇਆ ਸੀ। ਮੇਰੇ ਹੋਸ਼ ਉਡ ਗਏ। ਹੌਸਲਾ ਜਿਹਾ ਕਰਕੇ ਅੰਦਰ ਵੜਿਆ ਤਾਂ ਬਾਹਰਲੇ ਵਰਾਂਡੇ ਅਤੇ ਵਿਰਕ ਵਾਲੇ ਕਮਰੇ ਦੇ ਫਰਸ਼ ਉੱਤੇ ਵਿਰਕ ਤੋਂ ਇਲਾਵਾ ਚਾਰ ਬੰਦੇ ਹੋਰ ਲੇਟੇ ਹੋਏ ਸਨ। ਦੋ ਵਿਰਕ ਦੇ ਭਤੀਜੇ ਤੇ ਦੋ ਉਨ੍ਹਾਂ ਦੇ ਮਿੱਤਰ। ਮੈਂ ਗੁੱਡੀ ਦੇ ਕਮਰੇ ਵੱਲ ਵਧਿਆ ਤਾਂ ਉਹ ਅੰਦਰੋਂ ਕੁੰਡੀ ਲਾ ਕੇ ਘੂਕ ਸੁੱਤੀ ਪਈ ਸੀ। ਉਸ ਨੇ ਮੇਰੀ ਹਦਾਇਤ ਦੀ ਉਲੰਘਣਾ ਨਹੀਂ ਸੀ ਕੀਤੀ। ਮੇਰੇ ਕਮਰੇ ਵਿਚ ਮੇਰੀਆਂ ਵਸਤਾਂ ਹੋਣ ਕਾਰਣ ਕਮਰਾ ਖਾਲੀ ਸੀ। ਮੈਂ ਸੌਂ ਗਿਆ ਪਰ ਨਾ ਸੁੱਤਿਆਂ ਵਰਗਾ।

ਸਾਰੀ ਰਾਤ ਮੇਰੇ ਦਿਮਾਗ਼ ਵਿਚ ਵਿਰਕਾਂ ਦੀ ਉਸ ਬਹੂ ਦੀ ਗੱਲ ਘੁੰਮਦੀ ਰਹੀ ਜਿਸ ਦੇ ਘਰ ਸਵੇਰ ਦੀ ਚਾਹ ਤੋਂ ਪਿੱਛੋਂ ਚੀਨੀ ਮੁੱਕ ਚੁੱਕੀ ਸੀ। ਉਹ ਵੜੈਚਾਂ ਦੀ ਧੀ ਸੀ। ਆਪਣੇ ਪਤੀ ਨੂੰ ਚੀਨੀ ਯਾਦ ਕਰਵਾਈ ਜਾਵੇ। ਜਦੋਂ ਹਨੇਰਾ ਹੋਣ ਲੱਗਿਆ ਤਾਂ ਉਸ ਨੇ ਫੇਰ ਘਰ ਵਿਚ ਚੀਨੀ ਨਾ ਹੋਣ ਦੀ ਗੱਲ ਛੇੜ ਲਈ। ਪਤੀ ਪਹਿਲਾਂ ਹੀ ਸਤਿਆ ਬੈਠਾ ਸੀ। ਗੜ੍ਹਕ ਕੇ ਬੋਲਿਆ, 'ਬਾਜ਼ਾਰ ਤਾਂ ਬੰਦ ਹੋਣ ਦੇ, ਖੰਡ ਦੀ ਪੂਰੀ ਬੋਰੀ ਲਿਆ ਦਿਆਂਗਾ'। ਇਹ ਗੱਲ ਵਿਰਕ ਨੇ ਮੈਨੂੰ ਆਪ ਹੀ ਦੱਸੀ ਸੀ। ਵਿਰਕਾਂ ਬਾਰੇ ਵਧੇਰੇ ਜਾਣਕਾਰੀ ਦੀ ਲੋੜ ਹੋਵੇ ਤਾਂ ਉਸ ਦੀ ਕਹਾਣੀ 'ਓਪਰੀ ਧਰਤੀ' ਪੜ੍ਹ ਲੈਣਾ। ਸ਼ੇਖੂਪੁਰੇ ਤੋਂ ਏਧਰ ਆ ਕੇ ਵਸੇ ਇਕ ਵਿਰਕ ਜੱਟ ਦੀ ਹੈ। ਡੰਗਰ ਚੋਰੀ ਕਰਨ ਬਾਰੇ।

ਵਿਰਕ ਦਾ ਸੁਭਾਅ ਜਾਂਗਲੀਆਂ ਵਾਲਾ ਸੀ। ਉਹ ਖਾਂਦਾ ਘੱਟ ਸੀ ਤੇ ਤੁਰਦਾ ਬਹੁਤਾ। ਮੈਂ ਦੋਹਾਂ ਗੱਲਾਂ ਵਿਚ ਮਾਰ ਖਾਧੀ। ਦਿੱਲੀ ਵਿਚ ਉਸ ਦੀ ਡਿਊਟੀ ਆਕਾਸ਼ਵਾਣੀ

ਦੇ ਸਮਾਚਾਰ ਸੈਕਸ਼ਨ ਵਿਚ ਲੱਗੀ ਤਾਂ ਉਸ ਨੇ ਸਵੇਰੇ ਚਾਰ ਵਜੇ ਦਫਤਰ ਪਹੁੰਚਣਾ ਹੁੰਦਾ ਸੀ। ਉਹ ਬਹੁਤ ਵਾਰੀ ਰੇਡੀਓ ਵਾਲਿਆਂ ਦੀ ਗੱਡੀ ਉਡੀਕੇ ਬਿਨਾਂ ਸਵੇਰੇ ਤਿੰਨ ਵਜੇ ਹੀ ਘਰੋਂ ਨਿਕਲ ਤੁਰਦਾ। ਰਾਜਿੰਦਰ ਨਗਰ ਤੋਂ ਰਿੱਜ, ਵਲਿੰਗਡਨ ਤੇ ਆਕਾਸ਼ਵਾਣੀ। ਚੰਡੀਗੜ੍ਹ ਵਿਚ ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ ਦਾ ਪ੍ਰੈੱਸ ਸਕੱਤਰ ਬਣਨ ਦੇ ਦਿਨਾਂ ਵਿਚ ਉਸ ਦੇ 35 ਸੈਕਟਰ ਵਾਲੇ ਆਪਣੇ ਘਰ ਤੋਂ ਸਕੱਤਰੇਤ ਨੂੰ ਤੁਰ ਕੇ ਜਾਣ ਦੇ ਕਿੱਸੇ ਵੀ ਆਮ ਹਨ।

ਉਹ ਤਿੰਨ ਕੱਪੜਿਆਂ ਵਿਚ ਤਿੰਨ ਸੌ ਮੀਲ ਜਾ ਆਉਂਦਾ ਸੀ। ਤਿੰਨ ਪਹਿਨੇ ਹੁੰਦੇ ਤੇ ਤਿੰਨ ਕਿਸੇ ਲਿਫਾਫੇ ਵਿਚ। ਉਹ ਬੈਗ ਨਹੀਂ ਸੀ ਚੁੱਕਦਾ। ਇਕ ਵਾਰੀ ਧੀ ਰੁਬੀਨਾ ਨੂੰ ਕੈਨੇਡਾ ਦੀ ਫਲਾਈਟ ਫੜਾਉਣ ਦਿੱਲੀ ਨੂੰ ਤੁਰਿਆ ਤਾਂ ਪਾਸਪੋਰਟ ਤੇ ਟਿਕਟਾਂ ਵਾਲਾ ਥੈਲਾ ਬੱਸ ਵਿਚ ਹੀ ਛੱਡ ਕੇ ਉਤਰ ਗਿਆ। ਜਦੋਂ ਵਾਪਸ ਆਇਆ ਤਾਂ ਥੈਲਾ ਗ਼ਾਇਬ। ਇਹ ਕਰਨਾਲ ਦੇ ਬੱਸ ਅੱਡੇ ਦੀ ਗੱਲ ਹੈ। ਸ਼ੇਖੂਪੁਰੇ ਦੇ ਵਿਰਕਾਂ ਦਾ ਗੜ੍ਹ। (ਏਥੇ ਵਿਰਕ ਸ਼ਬਦ ਨੂੰ ਮੋਟੇ ਸ਼ੀਸ਼ੇ ਨਾਲ ਪੜ੍ਹਨਾ)। ਵਿਰਕਾਂ ਨੂੰ ਕਰਨਾਲ ਦੇ ਜ਼ਿਲ੍ਹੇ ਵਿਚ ਵਸਾਉਣ ਵਾਲਾ ਉਹ ਆਪ ਸੀ। ਏਥੋਂ ਦੀ ਧਰਤੀ ਬੰਜਰ ਹੋਣ ਕਾਰਨ ਬਹੁਤੀ ਮਿਲਦੀ ਸੀ। ਪਾਕਿਸਤਾਨੋਂ ਉੱਠ ਕੇ ਆਇਆਂ ਨੂੰ ਵਸਾਉਣ ਦੇ ਦਿਨਾਂ ਵਿਚ ਗਿਆਨੀ ਕਰਤਾਰ ਸਿੰਘ ਤੇ ਐੱਮ.ਐੱਸ ਰੰਧਾਵਾ ਦੀ ਬੜੀ ਚਲਦੀ ਸੀ ਤੇ ਦੋਵੇਂ ਵਿਰਕ ਦੇ ਆਪਣੇ ਸਨ।

ਦਾਲ ਹੋਵੇ ਜਾਂ ਮੀਟ, ਉਹ ਨੋਚ ਨੋਚ ਕੇ ਖਾਂਦਾ। ਸਵਾਦ ਦੇਖਣ ਵਾਂਗ। ਉਹ ਹੱਡੀ ਨੂੰ ਚੂੰਡਣਾ ਨਹੀਂ ਸੀ ਜਾਣਦਾ। ਦਾਰੂ ਦੇ ਘੁੱਟ ਵੀ ਮਿਣ ਮਿਣ ਕੇ ਭਰਦਾ। ਮੈਂ ਉਸ ਨੂੰ ਸਕਾਚ ਦਾ ਪੈੱਗ ਮੇਜ਼ਬਾਨ ਦੇ ਗਮਲੇ ਵਿਚ ਡੋਲ੍ਹਦਿਆਂ ਤੱਕਿਆ ਹੈ। ਰੋਟੀਆਂ ਇਕ ਜਾਂ ਦੋ। ਕਦੀ ਉਹ ਵੀ ਨਹੀਂ। ਉਸ ਦਾ ਜੁੱਸਾ ਜੰਗਲ਼ੀ ਸੀ।

ਇਕ ਵਾਰੀ ਸਾਂਝੇ ਦੋਸਤ ਕੁੰਦਨ ਸਿੰਘ ਨੇ ਸ਼ੱਕਰ ਦੇ ਰੋਗ ਦੀ ਸ਼ੱਕ ਪਾ ਦਿੱਤੀ। ਉਹ ਦਯਾ ਨੰਦ ਮੈਡੀਕਲ ਕਾਲਿਜ ਵਿਚ ਪੈਥਾਲੋਜਿਸਟ ਸੀ। ਅਸੀਂ ਪਹਿਲਾਂ ਨਿਰਨੇ ਕਾਲ਼ਜੇ ਤੇ ਫੇਰ ਖ਼ੂਬ ਖਾ ਕੇ ਟੈੱਸਟ ਲਈ ਖ਼ੂਨ ਦੇਣਾ ਸੀ । ਪਹਿਲੇ ਟੈੱਸਟ ਤੋਂ ਪਿੱਛੋਂ ਉਹ ਇਕ ਪਸ਼ੌਰੀ ਢਾਬੇ ਵਿਚ ਲੈ ਵੜਿਆ। ਅਸੀਂ ਦੇਸੀ ਘੀ ਵਾਲੇ ਪਰਾਉਂਠੇ ਤੇ ਠੰਢੀ ਖੀਰ ਦੀਆਂ ਪਲੇਟਾਂ ਖਾ ਕੇ ਢਾਬੇ ਵਾਲਿਆਂ ਨੂੰ ਹੈਰਾਨ ਕਰ ਦਿੱਤਾ। ਕਹਿਣ ਲੱਗਿਆ, 'ਜੇ ਹੁਣ ਵੀ ਕੁਝ ਨਾ ਨਿਕਲਿਆਂ ਤਾਂ ਆਪਾਂ ਕੁੰਦਨ ਸਿੰਘ ਨੂੰ ਕੁੱਟਣੈ'। ਉਸ ਤੋਂ ਪਿੱਛੋਂ ਉਹਨੇ ਦੋ ਦਿਨ ਵਰਤ ਰੱਖਿਆ। ਮੈਂ ਪਹਿਲਾਂ ਵਾਂਗ ਹੀ ਰੱਜ ਕੇ ਖਾਂਦਾ ਰਿਹਾ।

ਉਸਦਾ ਕਹਾਣੀ ਲਿਖਣ ਦਾ ਢੰਗ ਨਿਰਾਲਾ ਸੀ। ਉਹ ਬਹੁਤੀ ਵਾਰੀ ਕਹਾਣੀ ਦਾ ਇਕ ਅੱਧ ਪੈਰਾ ਜਾਂ ਇਕ ਅੱਧ ਅੰਗ ਹੀ ਲਿਖਦਾ ਸੀ। ਕਈ ਵਾਰੀ ਪੂਰੀ ਕਰਨ 'ਤੇ ਨੌਂ ਨੌਂ ਦਿਨ ਲਾ ਦਿੰਦਾ ਸੀ। ਉਸ ਦੇ ਲਿਖੇ ਪੈਰੇ ਉਸ ਦੇ ਸਰ੍ਹਾਣੇ ਥੱਲੇ ਜਾਂ ਬਿਸਤਰੇ ਦੀ ਤਹਿ ਵਿਚ ਮੁਚੜੇ ਹੋਏ ਮੈਨੂੰ ਹਰਬੰਸ ਭਾਬੀ ਨੇ ਦਿਖਾਏ ਸਨ।

ਇਹ ਤਰੀਕਾ ਸੀ ਤਰਤੀਬ ਨਹੀਂ। ਤਰਤੀਬ ਦੱਸਣ ਵਿਚ ਉਹ ਲਾਮਿਸਾਲ ਸੀ। ਮੀਟਿੰਗ ਹੋਵੇ ਜਾਂ ਮੁਕੱਦਮਾ, ਉਹ ਮਿੰਟ ਦਰ ਮਿੰਟ ਪ੍ਰੋਗਰਾਮ ਬਣਾਉਣ ਦਾ ਆਦੀ ਸੀ। ਹਦਾਇਤ ਅੰਨ੍ਹੇ ਨੂੰ ਰਸਤਾ ਦਿਖਾਉਣ ਵਾਲੀ। ਇਕ ਵਾਰੀ ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ ਨੂੰ ਕਿਸੇ ਪੁਸਤਕ ਦੇ ਪਰੂਫ ਭੇਜਣੇ ਸਨ। ਮੈਂ ਇਹ ਕੰਮ ਆਪਣੇ ਜ਼ਿੰਮੇ ਲੈ ਲਿਆ। ਮੈਨੂੰ ਵਾਰ ਵਾਰ ਦੱਸੀ ਜਾਵੇ ਕਿ, 'ਲਾਲ ਕਿਲ੍ਹੇ ਦੇ ਸਾਹਮਣੇ ਇਕ ਜੈਨ ਮੰਦਰ ਹੈ ਤੇ ਉਸ ਦੀ

ਬਗਲ ਵਿਚ ਪਲੱਈਅਰ ਗਾਰਡਨ ਮਾਰਕੀਟ ਤੇ ਇਸ ਵਿਚ ਨਵਯੁਗ ਵਾਲਿਆਂ ਦੀ ਦੁਕਾਨ ਦਾ ਨੰਬਰ 10 ਬੀ ਹੈ। ਸੀਸ ਗੰਜ ਗੁਰਦੁਆਰੇ ਤੋਂ ਬਹੁਤ ਪਹਿਲਾਂ। ਸਾਈਕਲ ਮਾਰਕੀਟ ਤੇ ਮੰਦਰ ਦੇ ਅੱਧ ਵਿਚਕਾਰ'। ਇਹ ਗੱਲ ਓਦੋਂ ਦੀ ਹੈ ਜਦੋਂ ਮੈਨੂੰ ਦਿੱਲੀ ਰਹਿੰਦਿਆਂ ਵੀਹ ਸਾਲ ਹੋ ਚੁੱਕੇ ਸਨ ਤੇ ਮੈਂ ਮਹੀਨੇ ਵਿਚ ਪੰਜ ਸੱਤ ਵਾਰ ਨਵਯੁਗ ਪ੍ਰੈੱਸ ਜ਼ਰੂਰ ਜਾਂਦਾ ਸਾਂ।

ਮੇਰੇ ਨਾਲੋਂ ਵਿਰਕ 14-15 ਸਾਲ ਵੱਡਾ ਸੀ। ਪਰ ਨੌਕਰੀਆਂ ਤੇ ਦੋਸਤੀਆਂ ਦਾ ਸ਼ਿਕਾਰ ਕਰਨ ਵਿਚ ਅਸੀਂ ਸਮਕਾਲੀ ਸਾਂ। ਕਿਹੜੀ ਨੌਕਰੀ ਕਿੱਥੇ ਖਾਲੀ ਹੋਣੀ ਹੈ, ਦੋਸਤੀ ਦਾ ਮੋਢਾ ਦੇਣ ਲਈ ਕੌਣ ਖਾਲੀ ਹੈ, ਕਿਹੜੇ ਬੱਚੇ ਦੀ ਸ਼ਾਦੀ ਕਿਸ ਨਾਲ ਕਰਨੀ ਠੀਕ ਰਹੇਗੀ ਤੇ ਕਿਹੜੀ ਸਾਹਿਤਕ ਰਚਨਾ ਕਿੱਥੇ ਵਰਤਣੀ ਚਾਹੀਦੀ ਹੈ, ਅਸੀਂ ਇਕ-ਦੂਜੇ ਤੋਂ ਲੁਕੋ ਕੇ ਨਹੀਂ ਸਾਂ ਰੱਖਦੇ। ਇਕ ਦੂਜੇ ਲਈ ਨੌਕਰੀ ਤੇ ਦੋਸਤੀ ਦਾ ਰਾਹ ਸਾਫ ਕਰਦਿਆਂ ਈਰਖਾ ਨਹੀਂ ਸੀ ਹੁੰਦੀ। ਕੁਝ ਏਸ ਤਰ੍ਹਾਂ ਕਿ ਸਾਡੇ ਕੋਲ ਇਕੋ ਸਮੇਂ ਜਿਹੜੀਆਂ ਦੋ ਨੌਕਰੀਆਂ ਜਾਂ ਦੋਸਤੀਆਂ ਹੁੰਦੀਆਂ, ਅਸੀਂ ਉਨ੍ਹਾਂ ਨੂੰ ਦੋਵੇਂ ਰਲ਼ ਕੇ ਚਲਾਉਂਦੇ।

ਮੈਂ ਆਪਣੇ ਵਿਆਹ ਤੋਂ ਪਹਿਲਾਂ ਆਪਣੀ ਹੋਣ ਵਾਲੀ ਪਤਨੀ ਉਸ ਨੂੰ ਵਿਖਾਣੀ ਚਾਹੀ ਤਾਂ ਬੋਲਿਆ, 'ਤੈਨੂੰ ਪਸੰਦ ਹੈ ਤਾਂ ਪਾਧਾ ਨਾ ਪੁੱਛ। ਤੂੰ ਗਲੀਚਾ ਥੋੜ੍ਹੀ ਖਰੀਦਣੈ, ਜਿਹਦੇ ਵਿਚ ਮੇਰੀ ਰਾਇ ਦੀ ਲੋੜ ਹੈ।'

ਉਹ ਔਰਤ ਦੀ ਇੱਜ਼ਤ ਕਰਦਾ ਸੀ। ਬਹੁਤੀ ਚੰਗੀ ਦੀ ਬਹੁਤੀ। ਇਕ ਵਾਰੀ ਗੁੱਸੇ ਹੋ ਕੇ ਘਰੋਂ ਗਈ ਭਾਬੀ ਦੇਰ ਸ਼ਾਮ ਤਕ ਘਰ ਨਾ ਆਈ ਤਾਂ ਮੈਨੂੰ ਨਾਲ ਲੈ ਕੇ ਦਿੱਲੀ ਦੇ ਕਈ ਗੁਰਦੁਆਰੇ ਗਾਹ ਮਾਰੇ। ਮੈਂ ਮੋਟਰ ਸਾਈਕਲ ਲੈ ਕੇ ਬਾਹਰ ਖੜ੍ਹਾ ਰਹਿੰਦਾ ਤੇ ਉਹ ਪਰਿਕਰਮਾ ਵਿਚੋਂ ਚਿਹਰੇ ਪਛਾਣ ਕੇ ਪਰਤ ਆਉਂਦਾ। ਮੁਬਾਰਕ ਸਿੰਘ ਦੇ ਪਰਚੇ 'ਆਰਟ ਆਫ ਲਿਵਿੰਗ' ਵਿਚ ਉਸ ਦੀ ਲਿਖੀ ਇਹ ਗੱਲ ਮੈਂ ਹੁਣ ਤਕ ਪੱਲੇ ਬੰਨ੍ਹੀ ਹੋਈ ਹੈ ਕਿ ਜੇ ਕੋਈ ਭੇਤ ਸਾਂਭ ਕੇ ਰੱਖਣਾ ਹੈ ਤਾਂ ਔਰਤ ਨਾਲ ਸਾਂਝਾ ਕਰ ਲਓ। ਆਪਣੀ ਭੜਾਸ ਕੱਢ ਲਓ ਤੇ ਉਹ ਅੱਗੇ ਧੂੰਆਂ ਨਹੀਂ ਨਿਕਲਣ ਦਿੰਦੀ।

ਮੇਰੀ ਪਲੇਠੀ ਪੁਸਤਕ 'ਹੁਸਨ ਦੇ ਹਾਣੀ' ਦਾ ਸਭ ਤੋਂ ਪਹਿਲਾ ਰੀਵਿਊ ਉਸੇ ਨੇ ਲਿਖਿਆ। ਅੰਗਰੇਜ਼ੀ ਟ੍ਰਿਬਿਊਨ ਵਿਚ। ਉਸ ਨੂੰ ਕਹਾਣੀਆਂ ਦੀ ਪਾਠ ਪੁਸਤਕ ਤਿਆਰ ਕਰਨ ਦਾ ਮੌਕਾ ਮਿਲਿਆ ਤਾਂ ਉਸ ਨੇ ਮੇਰੀ ਕਹਾਣੀ 'ਏਕੇ ਦੀ ਮੌਤ' ਸ਼ਾਮਲ ਕਰ ਲਈ। ਜਦੋਂ ਉਸ ਨੂੰ ਸਾਹਿਤ ਅਕਾਦਮੀ ਦੇ ਸਨਮਾਨ ਦੇਣ ਵਾਲੇ ਅੰਤਮ ਪੈਨਲ ਵਿਚ ਰੱਖਿਆ ਗਿਆ ਤਾਂ ਮੈਨੂੰ ਕਹਿਣ ਲੱਗਿਆ, 'ਥੋੜ੍ਹੀ ਦੇਰ ਕਨਵੀਨਰ ਦੇ ਮੋਢੇ ਤੋਂ ਹੱਥ ਨਾ ਚੁੱਕੀਂ, ਐਤਕੀਂ ਤੇਰੀ ਵਾਰੀ ਏ'।

ਉਪਰੋਕਤ ਗੱਲਾਂ ਮੈਂ ਕੁਲਵੰਤ ਸਿੰਘ ਵਿਰਕ ਦੀ ਸ਼ਖਸੀਅਤ ਅਤੇ ਜੀਵਨ-ਜਾਚ ਨੂੰ ਆਪਣੇ ਲੇਖ ਦੇ ਚੌਖਟੇ ਵਿਚ ਫਿਟ ਕਰਨ ਲਈ ਬਹੁਤ ਪਹਿਲਾਂ ਲਿਖੀਆਂ ਸਨ। ਹੁਣ ਮੈਨੂੰ ਇਕ ਹੋਰ ਗੱਲ ਵੀ ਚੇਤੇ ਆ ਗਈ ਹੈ।

ਕੁਲਵੰਤ ਸਿੰਘ ਵਿਰਕ ਨੇ ਦਿੱਲੀ ਦੀ ਵਿਜੇ ਨਗਰ ਕਲੋਨੀ ਵਿਚ ਆਪਣਾ ਪਲਾਟ ਵੇਚਿਆ ਤਾਂ ਮੈਨੂੰ ਨਾਲ ਲੈ ਕੇ ਪੈਸੇ ਚੁੱਕਣ ਗਿਆ। ਰਕਮ ਤਾਂ ਕੇਵਲ ਸਵਾ ਲੱਖ ਸੀ ਪਰ ਉਸ ਸਮੇਂ ਏਨੀ ਰਕਮ ਵੀ ਵੱਡੀ ਮੰਨੀ ਜਾਂਦੀ ਸੀ। ਮੈਂ ਖਰੀਦਣ ਵਾਲੇ ਦੇ ਘਰ ਦੇ ਬਾਹਰ ਆਪਣੀ ਕਾਰ ਵਿਚ ਬੈਠਾ ਰਿਹਾ।

ਵਿਰਕ ਪੈਸੇ ਲੈ ਕੇ ਮੇਰੀ ਕਾਰ ਵਿਚ ਬੈਠਿਆ ਤਾਂ ਮੈਨੂੰ ਸਿੱਧੇ ਰਸਤੇ ਆਪਣੇ ਘਰ ਲਿਜਾਣ ਦੀ ਥਾਂ ਏਧਰ ਓਧਰ ਘੁਮਾਈ ਜਾਵੇ। ਮੈਂ ਸੋਚਿਆ ਏਸ ਰਕਮ ਵਿਚੋਂ ਕੁਝ ਪੈਸੇ ਕਿਸੇ ਹੋਰ ਨੂੰ ਦੇਣੇ ਹੋਣਗੇ ਤੇ ਉਸਦਾ ਘਰ ਲੱਭ ਰਿਹਾ ਹੈ। ਅੰਤ ਮਜਨੂੰ ਟਿੱਲੇ ਦੇ ਗੁਰਦੁਆਰੇ ਕੋਲ ਪਹੁੰਚ ਕੇ ਮੈਨੂੰ ਕਹਿਣ ਲੱਗਿਆ, 'ਜ਼ਰਾ ਦਰਿਆ ਦੇ ਕੰਢੇ ਬੈਠ ਜਾਈਏ ਫੇਰ ਘਰ ਨੂੰ ਜਾਵਾਂਗੇ'।

ਮੈਂ ਆਗਿਆਕਾਰ ਮਿੱਤਰ ਵਾਂਗ ਆਪਣੀ ਗੱਡੀ ਦਰਿਆ ਵੱਲ ਨੂੰ ਮੋੜ ਲਈ ਤੇ ਅਸੀਂ ਦੋਨੋਂ ਦਰਿਆ ਦੇ ਕੰਢੇ ਬੈਠ ਕੇ ਬੇਮਤਲਬ ਜਿਹੀਆਂ ਗੱਲਾਂ ਕਰਦੇ ਰਹੇ। ਪੈਸੇ ਉਸਦੇ ਝੋਲੇ ਵਿਚ ਸਨ ਤੇ ਵਿਰਕ ਨੂੰ ਇਨ੍ਹਾਂ ਦੀ ਉੱਕੀ ਹੀ ਕੋਈ ਚਿੰਤਾ ਨਹੀਂ ਸੀ।

ਐਵੇਂ ਝੱਟ ਕੁ ਓਥੇ ਬੈਠ ਕੇ ਅਸੀਂ ਮੁੜ ਗੱਡੀ ਸਟਾਰਟ ਕਰ ਲਈ ਤਾਂ ਮੈਂ ਵਿਰਕ ਨੂੰ ਪੁੱਛਿਆ, 'ਜੇ ਮਜਨੂੰ ਟਿੱਲੇ ਮੱਥਾ ਨਹੀਂ ਸੀ ਟੇਕਣਾ ਤਾਂ ਆਪਾਂ ਏਧਰ ਕੀ ਕਰਨ ਆਏ ਸਾਂ'?

ਉਸਨੇ ਮੈਨੂੰ ਵਿਰਕਾਂ ਵਾਲੇ ਲਹਿਜੇ ਵਿਚ ਸਮਝਾਇਆ ਕਿ ਜੇ ਕੋਈ ਪੈਸਿਆਂ ਕਾਰਨ ਸਾਡੇ ਪਿੱਛੇ ਲੱਗਿਆ ਸੀ ਤਾਂ ਉਸਨੂੰ ਝਕਾਨੀ ਦੇਣ ਦਾ ਇਹੀਓ ਢੰਗ ਸੀ।

ਹੁਣ ਮੈਨੂੰ ਉਸਦੇ ਏਧਰ ਓਧਰ ਲਿਜਾਣ ਦਾ ਕਾਰਨ ਵੀ ਸਮਝ ਆਇਆ। ਉਹ ਸਮਝਦਾ ਸੀ ਕਿ ਵੇਚਣ ਵਾਲਾ ਕਿਸੇ ਚੋਰ ਉਚੱਕੇ ਨੂੰ ਦੱਸ ਸਕਦਾ ਸੀ ਕਿ ਅਸੀਂ ਉਸਦੇ ਘਰੋਂ ਵੱਡੀ ਰਕਮ ਲੈ ਕੇ ਨਿਕਲੇ ਹਾਂ ਤੇ ਉਹ ਸਾਡੇ ਪਿੱਛੇ ਲੱਗ ਕੇ ਸਾਥੋਂ ਰਕਮ ਖੋਹ ਸਕਦਾ ਸੀ। ਹੁਣ ਅਸੀਂ ਕਿਸੇ ਤੋਂ ਮਾਰ ਨਹੀਂ ਸਾਂ ਖਾਂਦੇ। ਜੇ ਕੋਈ ਪਿੱਛੇ ਲੱਗਾ ਸੀ, ਉਹ ਸਾਨੂੰ ਨਹੀਂ ਸੀ ਲੱਭ ਸਕਦਾ।

ਵਿਰਕ ਟੱਪੇ ਦੇ ਵਸਨੀਕਾਂ ਦੀ ਜੀਵਨ ਬਿਰਤੀ ਬਾਰੇ ਇਹ ਘਟਨਾ ਇਕ ਜੀਊਂਦੀ ਜਾਗਦੀ ਤਸਵੀਰ ਹੈ।

ਜਿੱਥੋਂ ਤਕ ਕੁਲਵੰਤ ਸਿੰਘ ਵਿਰਕ ਦੀ ਕਹਾਣੀਕਾਰੀ ਦਾ ਸੰਬੰਧ ਹੈ ਉਸਦੀ ਕਹਾਣੀ ਖਾਲਸ ਵੀ ਹੈ ਤੇ ਸਬੂਤੀ ਵੀ। ਖਾਲਸ ਏਸ ਲਈ ਕਿ ਇਹ ਜ਼ਿੰਦਗੀ ਦੇ ਸੱਚ ਨੂੰ ਬਿਆਨਦੀ ਹੈ ਤੇ ਸਬੂਤੀ ਏਸ ਲਈ ਕਿ ਇਸਨੂੰ ਜਿਵੇਂ ਹੈ ਤਿਵੇਂ ਪ੍ਰਵਾਨ ਕਰਨਾ ਪੈਂਦਾ ਹੈ। ਵਿਰਕ ਦੀ ਸਿਰਜਣ ਕਲਾ ਦੀ ਇਕ ਵੀ ਇੱਟ ਜਾਂ ਕੜੀ ਏਧਰ ਓਧਰ ਨਹੀਂ ਕੀਤੀ ਜਾ ਸਕਦੀ। ਇਮਾਰਤ ਖਿਸਕ ਸਕਦੀ ਹੈ ਤੇ ਸੰਗਲੀ ਟੁੱਟ ਸਕਦੀ ਹੈ। ਉਸਨੇ ਪੰਜਾਬੀ ਕਹਾਣੀ ਨੂੰ ਸੰਪੂਰਨਤਾ ਪ੍ਰਦਾਨ ਕੀਤੀ ਹੈ।

ਉਸਨੇ ਜ਼ਿੰਦਗੀ ਦੇ ਸੱਚ ਨੂੰ ਜੀਊਂਦੀ ਜਾਗਦੀ ਸਥਿਤੀ ਵਿਚ ਫੜਿਆ। ਉਸ ਦੇ ਬਿਆਨ, ਪੇਸ਼ਕਾਰੀ ਤੇ ਸ਼ਬਦਾਂ ਵਿਚ ਭੋਰਾ ਭਰ ਵੀ ਮਿਲਾਵਟ ਨਹੀਂ ਮਿਲਦੀ। ਜੇ ਹੈ ਤਾਂ ਪਤਾ ਨਹੀਂ ਲਗਦਾ। ਦੇਸ਼-ਵੰਡ ਤੋਂ ਪਹਿਲਾਂ ਦੀਆਂ ਮੁੱਢਲੀਆਂ ਕਹਾਣੀਆਂ ਵਿਚ ਜ਼ਾਤ ਗੋਤ ਦਾ ਮਾਣ, ਪੇਂਡੂ ਮਰਯਾਦਾ, ਬਰਾਦਰੀ ਦੀ ਸਾਂਝ ਤੇ ਜਿਸ ਕਬੀਲੇ ਜਾਂ ਇਲਾਕੇ ਨਾਲ ਕੋਈ ਜੁੜਿਆ ਹੋਇਆ ਹੈ, ਉਸਦੀ ਬਿਹਤਰੀ ਤੇ ਵਿਕਾਸ ਨਾਲ ਪੈਰ ਮਿਲਾ ਕੇ ਤੁਰਨਾ ਉਸਦੀ ਰਚਨਾਕਾਰੀ ਦਾ ਵਿਲੱਖਣ ਗੁਣ ਹੈ। 'ਉਜਾੜ', 'ਤੂੜੀ ਦੀ ਪੰਡ', 'ਪੰਜਾਹ ਰੁਪਏ' ਤੇ 'ਧਰਤੀ ਹੇਠਲਾ ਬੌਲਦ' ਇਸ ਸਮੇਂ ਦੀਆਂ ਸਿਰਕੱਢ ਕਹਾਣੀਆਂ ਹਨ।

ਕੁਲਵੰਤ ਸਿੰਘ ਵਿਰਕ ਲਈ ਸੰਤਾਲੀ ਦੀ ਦੇਸ਼-ਵੰਡ ਬੇਹੱਦ ਓਪਰਾ ਵਰਤਾਰਾ ਸੀ। ਉਸਦੇ ਪਰਿਵਾਰ ਨੂੰ ਸ਼ੇਖਪੂਰੇ ਦੀਆਂ ਵਗਦੀਆਂ ਜ਼ਮੀਨਾਂ ਛੱਡ ਕੇ ਕਰਨਾਲ ਤੇ

ਕੁਰੂਕਸ਼ੇਤਰ ਦੀ ਅੱਕ ਢੱਕ ਵਾਲੀ ਜ਼ਮੀਨ ਵਿਚ ਪੈਰ ਜਮਾਉਣੇ ਪਏ ਅਤੇ ਵਡੇਰੇ ਖੇਤਾਂ ਦੀ ਭਾਲ਼ ਵਿਚ ਬਹੁਤੇ ਵਿਰਕਾਂ ਨੇ ਮੁੜ ਏਥੋਂ ਵਾਲੀਆਂ ਜ਼ਮੀਨਾਂ ਵੇਚ ਕੇ ਏਥੋਂ ਨਾਲੋਂ ਵੀ ਮਾੜੀ ਤੇ ਅਣ ਉਪਜਾਊ ਧਰਤੀ ਵਿਚ ਯੂ.ਪੀ. ਦੀ ਪੰਤ ਨਗਰ ਤੇ ਰੁਦਰਪੁਰ ਦੀ ਜ਼ਮੀਨ ਖਰੀਦ ਲਈ ਤੇ ਉੱਥੇ ਦੇ ਹੀ ਹੋ ਕੇ ਰਹਿ ਗਏ। ਦੇਸ਼-ਵੰਡ ਨਾਲ ਵਿਰਕ ਦੀ ਇਕ ਸਾਂਝ ਇਹ ਵੀ ਸੀ ਕਿ ਉਹ ਕੁਝ ਸਮਾਂ ਪਾਕਿਸਤਾਨ ਰਹਿ ਗਈਆਂ ਹਿੰਦੂ, ਸਿੱਖ ਔਰਤਾਂ ਦੇ ਮੁੜ ਵਸੇਬੇ ਲਈ ਲੀਆਜ਼ਾਂ ਅਫਸਰ ਵੀ ਤਾਇਨਾਤ ਰਿਹਾ। ਦੂਜੇ ਪੜਾਅ ਵਿਚ ਲਿਖੀਆਂ ਉਸਦੀਆਂ ਬਹੁਤੀਆਂ ਕਹਾਣੀਆਂ ਵੰਡ ਤੋਂ ਉਪਜੇ ਕੌੜੇ ਕਸੈਲੇ ਅਨੁਭਵ ਦੀ ਦੇਣ ਹਨ। 'ਓਪਰੀ ਧਰਤੀ', 'ਮੈਨੂੰ ਜਾਣਨੈ', 'ਖੱਬਲ' ਤੇ 'ਮੁਰਦੇ ਦੀ ਤਾਕਤ' ਇਸ ਦੌਰ ਦੀਆਂ ਪ੍ਰਮੁੱਖ ਕਹਾਣੀਆਂ ਹਨ।

ਵਿਰਕ-ਰਚਨਾਕਾਰੀ ਦਾ ਅਗਲਾ ਪੜਾਅ ਸੁਤੰਤਰ ਭਾਰਤ ਵਿੱਚ ਆ ਰਹੀ ਸਮਾਜਕ ਤੇ ਆਰਥਿਕ ਤਬਦੀਲੀ ਨਾਲ ਸੰਬੰਧ ਰੱਖਦਾ ਹੈ। ਸਾਈਕਲਾਂ 'ਤੇ ਚੜ੍ਹ ਕੇ ਪਿੰਡਾਂ ਦੇ ਓਭੜ ਪੈਂਡੇ ਤੈਅ ਕਰਦੀਆਂ ਉਸਤਾਨੀਆਂ ਉਹਦੇ ਲਈ ਸ਼ੇਰਨੀਆਂ ਸਨ ਤੇ ਆਪਣੇ ਇਲਾਕੇ ਦੀ ਸਿਹਤ ਤੇ ਸਮਾਜਕ ਚੰਗਿਆਈ ਉੱਤੇ ਪਹਿਰਾ ਦੇਣ ਵਾਲੀ ਡਾਕਟਰ ਔਰਤ ਉਸਦੇ ਸਤਿਕਾਰ ਦੀ ਪਾਤਰ। 'ਸ਼ੇਰਨੀਆਂ' ਤੇ 'ਨਮਸਕਾਰ' ਵਿਚ ਇਸ ਮਾਣ ਮਰਯਾਦਾ ਦੀ ਪੇਸ਼ਕਾਰੀ ਹੈ।

ਕੁਲਵੰਤ ਸਿੰਘ ਵਿਰਕ ਦੀ ਸਿਰਜਣ ਕਲਾ ਦਾ ਆਖਰੀ ਦੌਰ ਸਿਆਣਪਾਂ ਭਰਿਆ ਹੈ। ਭਾਵੇਂ ਜ਼ਿੰਦਗੀ ਦੇ ਬਹੁਤ ਵਧੀਆ ਪਲਾਂ ਦੀ ਪੇਸ਼ਕਾਰੀ ਸ਼ੁਰੂ ਤੋਂ ਹੀ ਉਸਦੇ ਅੰਗ ਸੰਗ ਰਹੀ ਪਰ ਅੰਤਲੇ ਦੌਰ ਵਿਚ, ਜਿਹੜਾ ਦਿੱਲੀ ਤੇ ਚੰਡੀਗੜ੍ਹ ਦੇ ਮਹਾਂਨਗਰਾਂ ਵਿਚ ਲੰਘਿਆ, ਵਿਰਕ ਦੀ ਬਾਰੀਕਬੀਨੀ ਸ਼ਹਿਰੀ ਜੀਵਨ ਦੇ ਉਤਰਾਵਾਂ-ਚੜ੍ਹਾਵਾਂ ਤੇ ਗ਼ਮੀਆਂ ਖੁਸ਼ੀਆਂ ਨੂੰ ਫੜਦੀ ਹੈ। 'ਮੈਂ ਹੁਣ ਬਹੁਤ ਖੁਸ਼ ਹਾਂ', 'ਨਵੇਂ ਲੋਕ', 'ਰਸ ਭਰੀਆਂ' ਤੇ 'ਘੁੰਡ' ਨਾਂ ਦੀਆਂ ਕਹਾਣੀਆਂ ਇਸ ਪੜਾਅ ਦੀਆਂ ਚਰਚਤ ਤੇ ਅਹਿਮ ਕਹਾਣੀਆਂ ਹਨ।

ਕੁਲਵੰਤ ਸਿੰਘ ਵਿਰਕ ਦੀ ਰਚਨਾਕਾਰੀ ਦਾ ਮੁਖ ਗੁਣ ਘਟਨਾਵਾਂ ਦੀ ਗੋਂਦ ਨਾਲੋਂ ਪਾਤਰ ਦੀ ਹੋਂਦ ਤੇ ਹਉਂ ਨਾਲ ਸੰਬੰਧ ਰਖਦਾ ਹੈ। ਉਸਦੇ ਪਾਤਰ ਦਿਲ ਗੁਰਦੇ ਵਾਲੇ ਲੋਕ ਹਨ ਜਿਨ੍ਹਾਂ ਨੂੰ ਆਪਣੇ ਕਸਬ ਤੇ ਮਾਣ ਮਰਯਾਦਾ ਉੱਤੇ ਗਰਬ ਹੈ। 'ਉਜਾੜ' ਵਿਚਲਾ ਆਲਾ ਸਿੰਘ, 'ਧਰਤੀ ਹੇਠਲਾ ਬੌਲਦ' ਵਿਚਲਾ ਕਰਮ ਸਿੰਘ ਦਾ ਪਿਤਾ ਜਾਂ 'ਤੂੜੀ ਦੀ ਪੰਡ' ਵਾਲਾ ਬਹਾਦਰ ਸਿੰਘ ਚੱਠਾ ਆਪਣੀ ਜਾਤ ਬਰਾਦਰੀ ਦੇ ਰਾਖੇ ਹਨ ਤੇ ਬਹੁਤ ਔਖੀ ਘੜੀ ਨੂੰ ਆਪਣੇ ਮੋਢਿਆਂ ਉੱਤੇ ਚੁੱਕਣ ਦੇ ਮਾਹਰ। ਨਵੇਂ ਯੁਗ ਦੀਆਂ ਡਾਕਟਰਨੀਆਂ ਤੇ ਅਧਿਆਪਕਾਵਾਂ ਵਿਚ ਵੀ ਇਹੀਓ ਗੁਣ ਪ੍ਰਧਾਨ ਹੈ। ਵਿਗੜੀ ਹੋਈ ਸਥਿਤੀ ਤੇ ਮਾੜੇ ਹਾਲਾਤ ਦਾ ਟਾਕਰਾ ਕਿਵੇਂ ਕਰਨਾ ਹੈ, 'ਪੰਜਾਹ ਰੁਪਏ' ਵਿਚਲੇ ਬੱਖਾ ਸਿੰਘ, 'ਦੁੱਧ ਦਾ ਛੱਪੜ' ਵਿਚਲੇ ਲਾਲ ਤੇ 'ਖੱਬਲ' ਦੀ ਹਨੇਰੀ ਕੋਠੜੀ ਵਾਲੀ ਨਾਇਕਾ ਤੋਂ ਸਿੱਖਿਆ ਜਾ ਸਕਦਾ ਹੈ। ਇਹ ਸਾਰੇ ਪਾਤਰ ਕੁਲਵੰਤ ਸਿੰਘ ਵਿਰਕ ਦੇ ਸਮਿਆਂ ਦੇ ਜੀਊਂਦੇ ਜਾਗਦੇ ਪਾਤਰ ਹਨ। ਸਮਾਜ ਸੁਧਾਰਕ ਇਨ੍ਹਾਂ ਦੀ ਪੈੜ ਨੱਪ ਕੇ ਵੀਹਵੀਂ ਸਦੀ ਦੇ ਦੂਜੇ ਅੱਧ ਦਾ ਸਮਾਜਕ ਵਿਕਾਸ ਨਾਪ ਸਕਦੇ ਹਨ ਤੇ ਇਤਿਹਾਸਕਾਰ ਏਸ ਕਾਲ਼ ਦੀ ਇਤਿਹਾਸਕ ਉੱਥਲ ਪੁੱਥਲ।

ਕੁਲਵੰਤ ਸਿੰਘ ਵਿਰਕ ਨੇ ਸਮਾਚਾਰ ਪੱਤਰਾਂ ਵਿਚ ਲੇਖ ਤੇ ਮਿਡਲ ਵੀ ਲਿਖੇ ਪਰ ਸਿਰਜਣ ਕਲਾ ਦੇ ਖੇਤਰ ਵਿਚ ਨਿੱਕੀ ਕਹਾਣੀ ਤੋਂ ਬਿਨਾਂ ਹੋਰ ਕੋਈ ਝਾਕ ਨਹੀਂ ਰੱਖੀ। ਉਸਨੂੰ ਜਿੰਨੀ ਕੁ ਵਿਹਲ ਮਿਲੀ, ਉਹ ਨਿੱਕੀ ਕਹਾਣੀ ਦੀ ਪੇਸ਼ਕਾਰੀ ਨੂੰ ਬਣਾਉਂਦਾ

ਸੰਵਾਰਦਾ ਰਿਹਾ। ਜਦੋਂ ਵੀ ਉਸਦਾ ਜੀਅ ਕਰਦਾ ਤਾਂ ਰੋਜ਼ਾਨਾ ਅਖਬਾਰਾਂ ਦੇ ਸੰਪਾਦਕੀ ਪੰਨਿਆਂ ਲਈ ਮਿਡਲ ਤਾਂ ਲਿਖਦਾ ਪਰ ਹੋਰ ਕੁਝ ਨਹੀਂ। ਉਸਦੇ ਮਿਡਲ ਵੀ ਨਿੱਕੀ ਕਹਾਣੀ ਦਾ ਨਿਕੇਰਾ ਰੂਪ ਹੀ ਹਨ। ਕੁਲਵੰਤ ਸਿੰਘ ਵਿਰਕ ਨੇ ਨਿੱਕੀ ਕਹਾਣੀ ਦੀ ਕਲਾ ਨੂੰ ਪਰਿਪੱਕ ਹੀ ਨਹੀਂ ਕੀਤਾ ਸਗੋਂ ਆਪਣੇ ਪੈਰਾਂ ਉੱਤੇ ਖਲੋਣਾ ਵੀ ਸਿਖਾਇਆ। ਪ੍ਰਗਤੀਵਾਦੀ ਦੌਰ ਦਾ ਉਹ ਇਕੋ ਇਕ ਕਹਾਣੀਕਾਰ ਹੈ ਜਿਸਨੇ ਡਾਂਗ ਸੋਟੇ ਤੇ ਰਫਲਾਂ ਬੰਦੂਕਾਂ ਦੀ ਟੇਕ ਲਏ ਬਿਨਾਂ ਸੁਹਣੇ ਸੁਚੱਜੇ ਤੇ ਵਿਕਸਤ ਸਮਾਜ ਦਾ ਸੁਪਨਾ ਲਿਆ।

ਵਿਰਕ ਪੰਜਾਬੀ ਕਹਾਣੀ ਦਾ ਬਾਦਸ਼ਾਹ ਨਹੀਂ, ਯੱਕਾ ਸੀ। ਜੇ ਵੀਹਵੀਂ ਸਦੀ ਦੀਆਂ ਇਕ ਦਰਜਨ ਪੰਜਾਬੀ ਕਹਾਣੀਆਂ ਦੀ ਚੋਣ ਕਰਨੀ ਹੋਵੇ ਤਾਂ ਉਹਦੀਆਂ ਦੋ ਤੋਂ ਵੱਧ ਵੀ ਹੋ ਸਕਦੀਆਂ ਤੇ ਕਈ ਨਾਢੂ ਖਾਨਾਂ ਦੀ ਇਕ ਵੀ ਨਹੀਂ। ਉਸ ਦੀ ਕਹਾਣੀ ਦਾ ਵਿਸਤਾਰ ਛੋਟਾ ਹੈ ਪਰ ਅਰਥ ਵੱਡੇ।

ਉਹ ਸਾਡੇ ਸਮਿਆਂ ਦਾ ਸਿਰਮੌਰ ਕਹਾਣੀਕਾਰ ਸੀ ਤੇ ਸਦਾ ਬਣਿਆ ਰਹੇਗਾ। ਮੈਂ ਆਪਣਾ ਪ੍ਰਥਮ ਕਹਾਣੀ ਸੰਗ੍ਰਹਿ 'ਹੁਸਨ ਦੇ ਹਾਣੀ' ਉਸਨੂੰ ਸਮਰਪਤ ਕੀਤਾ ਸੀ।

20 ਮਾਰਚ 1986 ਬਹੁਤ ਮਾੜਾ ਦਿਨ ਸੀ। ਹਰਬੰਸ ਭਾਬੀ ਦਾ ਟੈਲੀਫੋਨ ਆਇਆ, 'ਇਨ੍ਹਾਂ ਨੂੰ ਕੁਝ ਹੋ ਗਿਆ ਹੈ। ਤੂੰ ਸਿੱਧਾ ਪੀ.ਜੀ.ਆਈ. ਪਹੁੰਚ'। ਮੈਂ ਗਿਆ, ਵਿਰਕ ਸਟਰੈਚਰ 'ਤੇ ਪਿਆ ਸੀ। ਬੇਬਸ ਤੇ ਚੁੱਪਚਾਪ। ਜਿਵੇਂ ਕੋਈ ਵੀ ਅੰਗ ਨਾ ਚੱਲ ਰਿਹਾ ਹੋਵੇ। ਕੇਵਲ ਅੱਖਾਂ ਖੁੱਲ੍ਹੀਆਂ ਸਨ। ਮਰੀਜ਼ਾਂ ਦੀ ਭੀੜ ਦਾ ਅੰਤ ਨਹੀਂ ਸੀ। ਵੱਡੀ ਦੁਰਘਟਨਾ ਤੋਂ ਪਿੱਛੋਂ ਵਾਲਾ ਹਾਲ ਸੀ। ਡਾਕਟਰ ਤੇ ਨਰਸਾਂ ਇਕ ਇਕ ਦਾ ਮੂੰਹ ਦੇਖ ਕੇ ਅੱਗੇ ਲੰਘੀ ਜਾਂਦੇ ਸਨ। ਜਦੋਂ ਭਾਬੀ ਏਧਰ-ਓਧਰ ਹੋਈ ਤਾਂ ਵਿਰਕ ਨੇ ਆਪਣੇ ਪੈਰਾਂ ਵੱਲ ਇਸ਼ਾਰਾ ਕੀਤਾ। ਮੈਂ ਪੈਰ ਢਕ ਦਿੱਤੇ। ਉਸ ਨੇ ਇਸ਼ਾਰਾ ਦੁਹਰਾਇਆ ਪਰ ਮੈਨੂੰ ਸਮਝ ਨਾ ਆਇਆ। ਕੁਝ ਕਹਿ ਰਿਹਾ ਸੀ ਜੋ ਮੇਰੀ ਸਮਝ ਤੋਂ ਬਾਹਰ ਸੀ। ਬੇਬਸ ਹੋ ਕੇ ਉਸ ਨੇ ਕੰਧ ਵੱਲ ਨੂੰ ਮੂੰਹ ਫੇਰ ਲਿਆ। ਉਦੋਂ ਹੀ ਪਤਾ ਲੱਗਿਆ ਜਦੋਂ ਸਟਰੈਚਰ ਦੇ ਥੱਲੇ ਪਾਣੀ ਦੀ ਘਰਾਲ਼ ਵਗ ਤੁਰੀ। ਪਤਾ ਨਹੀਂ ਕਿੰਨੇ ਚਿਰ ਤੋਂ ਪਿਸ਼ਾਬ ਨਹੀਂ ਸੀ ਕੀਤਾ। ਮੈਨੂੰ ਅਫਸੋਸ ਕਿ ਉਸ ਦਾ ਇਸ਼ਾਰਾ ਨਹੀਂ ਸੀ ਫੜਿਆ। ਕੰਧ ਵਾਲੇ ਪਾਸੇ ਜਾ ਕੇ ਉਸ ਦਾ ਮੂੰਹ ਦੇਖਿਆ ਤਾਂ ਉਸ ਦੀਆਂ ਦੋਹਾਂ ਅੱਖਾਂ ਵਿਚ ਦੋ ਹੰਝੂ ਸਨ। ਧਰਤੀ ਡਿੱਗ ਚੁੱਕੀ ਸੀ ਤੇ ਬੌਲਦ ਢਹਿ ਚੁੱਕਾ ਸੀ। ਉਸ ਦੇ ਸਿੰਗ ਆਠਰੇ ਪਏ ਸਨ ਹੰਝੂਆਂ ਵਰਗੇ। ਸਟਰੈਚਰ ਥੱਲੇ ਵਗਦਾ ਪਾਣੀ ਉਸ ਦੁੱਧ ਵਰਗਾ ਸੀ, ਜਿਹੜਾ ਉਸ ਦੀ ਇਕ ਕਹਾਣੀ ਵਿਚ ਮੀਂਹ ਦੇ ਪਾਣੀ ਨਾਲ ਰਲ਼ ਕੇ ਛੱਪੜ ਜਿੱਡਾ ਹੋਇਆ ਦੱਸਿਆ ਗਿਆ ਸੀ।

ਸੰਨ 1987 ਦੀ ਕ੍ਰਿਸਮਸ ਦਾ ਦਿਨ ਇਸ ਤੋਂ ਵੀ ਮਾੜਾ ਸੀ। ਮੈਂ 'ਪੰਜਾਬੀ ਟ੍ਰਿਬਿਊਨ' ਦੀ ਨੌਕਰੀ ਤੋਂ ਫਰਲੋ 'ਤੇ ਸਾਂ। 31 ਦਸੰਬਰ ਨੂੰ ਮੇਰੀ ਪੱਕੀ ਛੁੱਟੀ ਹੋ ਜਾਣੀ ਸੀ। ਘਰ ਹੀ ਬੈਠਾ ਸਾਂ। ਕੌੜੇ ਪਾਣੀ ਦੀਆਂ ਦੋ ਘੁੱਟਾਂ ਭਰੀਆਂ ਤਾਂ ਟੈਲੀਫੋਨ ਦੀ ਲੰਮੀ ਹੇਕ ਵਾਲੀ ਘੰਟੀ ਵੱਜੀ। ਕੈਨੇਡਾ ਤੋਂ ਹਰਬੰਸ ਭਾਬੀ ਸੀ। ਕੁਲਵੰਤ ਸਿੰਘ ਵਿਰਕ ਦੀ ਪਤਨੀ। 'ਗੁਲਜ਼ਾਰ ਤੇਰਾ ਭਰਾ ਪੂਰਾ ਹੋ ਗਿਐ',ਇਸ ਤੋਂ ਅੱਗੇ ਉਹ ਬੋਲ ਨਹੀਂ ਸੀ ਸਕੀ।

ਮੈਂ ਅਣਮੰਨੇ ਜਿਹੇ ਮਨ ਨਾਲ ਪੰਜਾਬੀ ਵਾਲੇ ਡੈਸਕ 'ਤੇ ਟੈਲੀਫੋਨ ਕੀਤਾ ਤਾਂ ਗੁਰਦਿਆਲ ਬਲ ਸੁਣਦੇ ਸਾਰ ਮੇਰੇ ਘਰ ਆ ਗਿਆ । ਮੈਥੋਂ ਕਾਗਜ਼ ਪੈਨਸਲ ਤੇ ਪੈੱਗ ਲੈ

ਕੇ ਖ਼ਬਰ ਲਿਖਣ ਲੱਗ ਪਿਆ। ਪੰਜਾਬੀ ਕਹਾਣੀ ਦਾ ਚੈਖੋਵ ਨਹੀਂ ਰਿਹਾ। ਮੈਂ ਬੇਫ਼ਿਕਰ ਹੋ ਗਿਆ। ਬਹੁਤਾ ਏਸ ਲਈ ਕਿ ਮੈਥੋਂ ਵਿਰਕ ਦੀ ਅੰਤਮ ਦਿਨਾਂ ਦੀ ਬੇਬਸੀ ਦੇਖੀ ਨਹੀਂ ਸੀ ਜਾਂਦੀ। ਉਹ 20 ਮਾਰਚ 1986 ਤੋਂ 24 ਦਸੰਬਰ 1987 ਤਕ ਅਧਰੰਗ ਦਾ ਸ਼ਿਕਾਰ ਰਿਹਾ। ਨਿੱਕੀ ਕਹਾਣੀ ਦੇ ਉਸ ਬਾਦਸ਼ਾਹ ਦੇ ਚੁੱਪ ਹੋ ਜਾਣ ਪਿੱਛੋਂ ਮੈਨੂੰ ਨਵੀਂ ਕਹਾਣੀ ਲਿਖਣ ਦੀ ਧੁਖਧਖੀ ਨਹੀਂ ਹੁੰਦੀ।ਮੇਰੀ ਟੱਕਰ ਮਿਟ ਚੁੱਕੀ ਹੈ ਤੇ ਟੱਕਰ ਬਿਨਾਂ ਕਹਾਣੀ ਨਹੀਂ ਬਣਦੀ।ਆਲੋਚਕਾਂ ਨੇ ਬਦਲ ਵੀ ਪੇਸ਼ ਕੀਤੇ ਪਰ ਗੱਲ ਨਹੀਂ ਬਣੀ। ਸਾਰੇ ਬਦਲ ਫਹੁੜੀਆਂ ਵਾਲੇ ਸਨ। ਨਕਸਲੀਏ, ਪ੍ਰਗਤੀਵਾਦੀ, ਮਨੋਵਿਗਿਆਨੀ ਅਤੇ ਫਰਾਇਡਵਾਦੀ। ਭਾਬੀ ਦਾ ਫੋਨ 24 ਦਸੰਬਰ 1987 ਨੂੰ ਆਇਆ ਸੀ। ਪੰਝੀ ਸਾਲ ਪਹਿਲਾਂ। ਉਸ ਦਿਨ ਜਦੋਂ ਮੈਨੂੰ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਬਣਿਆ ਤਿੰਨ ਸਾਲ ਹੋਏ ਸਨ । ਇਸ ਨੌਕਰੀ ਦੇ ਖਾਲੀ ਹੋਣ ਤੇ ਮਹਿੰਦਰ ਸਿੰਘ ਰੰਧਾਵਾ ਦੀ ਚਾਹਨਾ ਮੇਰੇ ਤਕ ਪਹੁੰਚਾਉਣ ਵਾਲਾ ਵੀ ਉਹੀਓ ਸੀ ।

ਮੇਰੇ ਜੀਵਨ ਵਿਚ ਐੱਮ. ਐੱਸ. ਰੰਧਾਵਾ ਤੇ ਵਿਰਕ ਦਾ ਦਖਲ ਮੇਰੀ ਘਰ ਵਾਲੀ ਨਾਲੋਂ ਵੀ ਵੱਧ ਸੀ। ਮੈਨੂੰ ਇਹ ਦੱਸਣ ਵਿਚ ਵੀ ਝਿਜਕ ਨਹੀਂ ਕਿ 3 ਮਾਰਚ 1986 ਤੇ 24 ਦਸੰਬਰ 1987 ਉਹਨਾਂ ਦੇ ਸਦੀਵੀ ਵਿਛੋੜੇ ਦੇ ਦਿਨ ਇਕ ਤਰ੍ਹਾ ਮੇਰੀਆਂ ਆਪਣੀਆਂ ਮੌਤਾਂ ਦੇ ਦਿਨ ਸਨ। ਪਹਿਲੀ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵਜੋਂ ਤੇ ਦੂਜੀ ਕਹਾਣੀਕਾਰ ਵਜੋਂ। ਜੇ ਮੈਂ ਸਾਹਿਤਕਾਰੀ ਤੇ ਪੱਤਰਕਾਰੀ ਦੇ ਖੇਤਰਾਂ ਵਿਚ ਹਾਲੀ ਵੀ ਜਿੰਦਾ ਹਾਂ ਤਾਂ ਉਸ ਅਖਾਣ ਦੀ ਬਦੌਲਤ ਜਿਹੜਾ ਜੱਟਾਂ ਬਾਰੇ ਹੈ, ਜੱਟ ਮਰਿਆ ਉਦੋਂ ਜਾਣੀਏ ਜਦ ਤ੍ਰੇਰਵਾਂ ਹੋ ਜਾਏ। ਮੇਰਾ ਤ੍ਰੇਰਵਾਂ ਕਰਨ ਲਈ ਕੋਈ ਨਹੀਂ ਮਿਲ ਰਿਹਾ।

ਹੁਣ ਇਕ ਉਹ ਗੱਲ ਜਿਸ ਦਾ ਕੱਲ੍ਹ ਤਕ ਮੈਨੂੰ ਵੀ ਪਤਾ ਨਹੀਂ ਸੀ । ਇਸ ਦਾ ਸੰਬੰਧ ਵਿਰਕ ਦੇ ਅੰਤਲੇ ਸਮੇਂ ਨਾਲ ਹੈ। ਮੈ ਦੱਸ ਚੁੱਕਾ ਹਾਂ ਕਿ ਉਹ ਅਧਰੰਗ ਦਾ ਸ਼ਿਕਾਰ ਹੋਣ ਕਾਰਨ ਅੰਤਾਂ ਦਾ ਲਾਚਾਰ ਸੀ। ਘਰੋਂ ਬਾਹਰ ਨਹੀਂ ਸੀ ਜਾ ਸਕਦਾ। ਇਕ ਵਾਰੀ ਹਰਬੰਸ ਭਾਬੀ ਦੇ ਕਹਿਣ ਉੱਤੇ ਮੈਂ ਉਸਨੂੰ ਆਪਣੀ ਕਾਰ ਵਿਚ ਬਿਠਾ ਕੇ ਬਾਹਰਲੀ ਦੁਨੀਆਂ ਦਿਖਾਉਣ ਤੁਰਿਆ। ਉਹ ਬਾਰ ਬਾਰ ਕਾਰ ਦਾ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਸੀ।ਮੈਂ ਕਾਰ ਖੜ੍ਹੀ ਕਰ ਲਈ ਤੇ ਪੁੱਛਿਆ,'ਬਾਹਰ ਬੈਠਣ ਨੂੰ ਜੀਅ ਕਰਦਾ ਹੈ'। ਇਸ਼ਾਰੇ ਨਾਲ ਦਿੱਤਾ ਉਸ ਦਾ ਉੱਤਰ ਨਾਂਹ ਵਿਚ ਸੀ। ਪ੍ਰਤੱਖ ਸੀ ਕਿ ਉਹ ਦੁਖੀ ਤਾਂ ਸੀ ਪਰ ਉਸਦੇ ਕੋਲ ਇਸ ਦਾ ਹੱਲ ਕੋਈ ਨਹੀਂ ਸੀ। ਪਰ ਇਹੋ ਜਿਹੇ ਚਾਨਣ ਤੋਂ ਉਸਨੇ ਕੀ ਲੈਣਾ ਸੀ ਜਿਸ ਵਿਚ ਉਹ ਤੁਰ ਨਹੀਂ ਸੀ ਸਕਦਾ।

ਜਦੋਂ ਉਸਨੂੰ ਘਰ ਵਿੱਚ ਬੰਦ ਹੋਇਆਂ ਕਈ ਮਹੀਨੇ ਹੋ ਗਏ ਤਾਂ ਉਸਦੇ ਬੱਚੇ ਉਸਨੂੰ ਕੈਨੇਡਾ ਲੈ ਗਏ ਸਨ। ਹਰਬੰਸ ਭਾਬੀ ਤਾਂ ਥੋੜ੍ਹੀ ਸੌਖੀ ਹੋ ਗਈ ਪਰ ਵਿਰਕ ਪਹਿਲਾਂ ਨਾਲੋਂ ਵੀ ਤੰਗ ਤੇ ਉਦਾਸ ਹੋ ਗਿਆ। ਆਪਣੇ ਦੇਸ਼ ਵਿਚ ਉਸਨੂੰ ਕੋਈ ਨਾ ਕੋਈ ਮਿਲ ਜਾਂਦਾ ਸੀ, ਜਿਸ ਨਾਲ ਉਹ ਸਰੀਰਕ ਭਾਸ਼ਾ ਰਾਹੀਂ ਦੁਖ ਸੁਖ ਕਰ ਲੈਂਦਾ ਸੀ। ਵਿਦੇਸ਼ ਵਿਚ ਸਹੂਲਤਾਂ ਤਾਂ ਬਹੁਤ ਸਨ ਪਰ ਗੱਲ ਕਰਨ ਵਾਲਾ ਕੋਈ ਨਹੀਂ ਸੀ।

ਮੇਰੇ ਵਰਗੇ ਉਹਦੇ ਸਾਰੇ ਸਾਥੀ ਕਿਸੇ ਚੰਗੀ ਖਬਰ ਦੀ ਉਡੀਕ ਲਾਈ ਰਖਦੇ ਪਰ ਉਨ੍ਹਾਂ ਦੀਆਂ ਆਸਾਂ ਨੂੰ ਬੂਰ ਨਾ ਪਿਆ। ਅੰਤ ਜਦ ਉਸਦੇ ਸਦੀਵੀ ਵਿਛੋੜੇ ਦੀ ਖਬਰ ਆਈ ਤਾਂ ਸਭਨਾ ਨੇ ਸੁਖ ਦਾ ਸਾਹ ਲਿਆ। ਉਨ੍ਹਾਂ ਨੂੰ ਵਿਰਕ ਦੀ ਲਾਚਾਰੀ ਉੱਤੇ ਤਰਸ ਆਉਂਦਾ ਸੀ। ਕੀ ਕਰ ਸਕਦੇ ਸਨ? ਅਸੀਂ ਸਾਰਿਆਂ ਨੇ ਸੱਤ ਸਮੁੰਦਰਾਂ ਦੇ ਪਾਰ ਤੋਂ ਆਈ

ਇਸ ਮਾੜੀ ਖਬਰ ਨੂੰ ਚੰਗੀ ਕਰਕੇ ਜਾਣਿਆ।

ਪਿਛਲੇ ਦਿਨਾਂ ਵਿਚ ਮੇਰਾ ਉਸਦੇ ਬੱਚਿਆਂ ਨਾਲ ਬਹੁਤ ਦੇਰ ਪਿੱਛੋਂ ਬਹੁਤ ਨੇੜਲਾ ਸੰਪਰਕ ਹੋਇਆ। ਗੱਲਾਂ ਵਿਚੋਂ ਗੱਲ ਇਹ ਵੀ ਨਿਕਲੀ ਕਿ ਵਿਰਕ ਕੈਨੇਡਾ ਜਾ ਕੇ ਆਪਣੀ ਜਾਨ ਆਪ ਲੈਣ ਵਿਚ ਸਫਲ ਹੋ ਗਿਆ ਸੀ। ਉਸਨੇ ਸਦਾ ਦੀ ਨੀਂਦੇ ਸੌਣ ਲਈ ਏਨੀਆਂ ਗੋਲੀਆਂ ਕਿਵੇਂ ਇਕੱਠੀਆਂ ਕੀਤੀਆਂ, ਇਸਦਾ ਤਾਂ ਅੰਦਾਜਾ ਹੀ ਲਾਇਆ ਜਾ ਸਕਦਾ ਸੀ। ਪਰ ਉਸਦੀ ਮ੍ਰਿਤੂ ਤੋਂ ਪਿੱਛੋਂ ਜਦੋਂ ਉਨ੍ਹਾਂ ਦਾ ਪਰਿਵਾਰਕ ਡਾਕਟਰ ਉਸਨੂੰ ਵੇਖਣ ਆਇਆ ਤਾਂ ਉਸਦੇ ਚਿਹਰੇ ਤੋਂ ਸਪਸ਼ਟ ਸੀ ਕਿ ਇਹ ਭਾਣਾ ਉਸੇ ਤਰ੍ਹਾਂ ਵਰਤਿਆ ਸੀ ਜਿਸਦਾ ਉਸਨੂੰ ਡਰ ਸੀ। ਉਹ ਏਨੀ ਗੱਲ ਕਹਿ ਕੇ ਤੁਰ ਗਿਆ ਸੀ। ਜਾਪਦਾ ਹੈ ਉਸਨੂੰ ਇਸ ਭਾਣੇ ਦੇ ਵਰਤਣ ਦਾ ਪਤਾ ਸੀ।

ਮੈਨੂੰ ਉਹ ਘਟਨਾ ਚੇਤੇ ਆਈ ਜਦੋਂ ਉਹ ਲਾਚਾਰੀ ਦੀ ਅਵਸਥਾ ਵਿਚ ਮੇਰੀ ਕਾਰ ਦਾ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਸਫਲ ਨਹੀਂ ਸੀ ਹੋ ਰਿਹਾ।

ਇਹ ਗੱਲ ਸੁਣ ਕੇ ਮੈਨੂੰ ਵਿਰਕ ਦੀ ਕਹਾਣੀ ਵਿਚਲੀ ਕਿਸੇ ਜੱਟ ਦੀ ਤੂੜੀ ਵਾਲੀ ਉਹ ਪੰਡ ਵੀ ਚੇਤੇ ਆਈ ਜਿਹੜੀ ਵਗਦੀ ਨਦੀ ਵਿਚ ਖੁੱਲ੍ਹ ਗਈ ਸੀ ਤੇ ਉਸਦੇ ਤੀਲ੍ਹੇ ਏਸ ਤਰ੍ਹਾਂ ਪਾਣੀ ਵਿਚ ਬਿਖਰ ਗਏ ਸਨ ਕਿ ਉਨ੍ਹਾਂ ਨੂੰ ਮੁੜ ਇਕੱਠੇ ਕਰਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਹੁਣ ਉਸਦੇ ਅੰਤਮ ਸਾਹਾਂ ਦੀ ਸੱਜਰੀ ਵਾਰਦਾਤ ਜਾਨਣ ਤੋਂ ਪਿੱਛੋਂ ਮੈਨੂੰ ਜਾਪਿਆ ਕਿ ਸਾਡਾ ਮਿੱਤਰ ਅੰਤਕਾਰ ਤੂੜੀ ਦੇ ਉਨ੍ਹਾਂ ਤੀਲਿਆਂ ਨੂੰ ਇਕੱਠੇ ਕਰਨ ਵਿਚ ਸਫਲ ਹੋ ਹੀ ਗਿਆ। ਉਹ ਇਕ ਇਕ ਕਰਕੇ ਨਹੀਂ ਸਨ ਡੁੱਬੇ, ਵਿਰਕ ਨੇ ਇਕੱਠੇ ਕਰਕੇ ਡੋਬਣ ਤੋਂ ਪਹਿਲਾਂ ਉਨ੍ਹਾਂ ਦੀ ਪੰਡ ਬੰਨ੍ਹ ਲਈ ਸੀ।

ਕੁਲਵੰਤ ਸਿੰਘ ਵਿਰਕ ਨੂੰ ਜੀਊਣ ਦਾ ਵੱਲ ਆਉਂਦਾ ਸੀ ਤਾਂ ਇਸਦਾ ਭਾਵ ਇਹ ਨਹੀਂ ਕਿ ਮਰਨ ਦੇ ਵੱਲ ਤੋਂ ਅਣਜਾਣ ਸੀ। ਉਹ ਇਕ ਅਜਿਹਾ ਬੌਲਦ ਸੀ ਜੋ ਮਰਨ ਉਪਰੰਤ ਵੀ ਧਰਤੀ ਨੂੰ ਆਪਣੇ ਸਿੰਗਾਂ ਉੱਤੇ ਚੁੱਕੀ ਖੜ੍ਹਾ ਹੈ।

ਉਸ ਬਾਰੇ ਇਹ ਗੱਲਾਂ ਲਿਖਣ ਤੋਂ ਪਿੱਛੋਂ ਮੈਂ ਇਕ ਹੈਰਾਨ ਕਰਨ ਵਾਲੀ ਗੱਲ ਵੀ ਦੱਸਣਾ ਚਾਹੁੰਦਾ ਹਾਂ। ਮੇਰੇ ਤੇ ਉਸਦੇ ਬੱਚਿਆਂ ਦੇ ਸਹਿਯੋਗ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਅੰਗਰੇਜ਼ੀ ਵਿਚ 'ਕੁਲਵੰਤ ਸਿੰਘ ਦੀਆਂ ਚੋਣਵੀਆਂ ਰਚਨਾਵਾਂ' ਨਾਂ ਦੀ ਪੁਸਤਕ ਛਾਪੀ ਹੈ। ਇਸ ਵਿਚ ਵਿਰਕ ਦੀਆਂ 28 ਕਹਾਣੀਆਂ ਤੋਂ ਬਿਨਾਂ ਉਸਦੇ ਅੰਗਰੇਜ਼ੀ ਵਿਚ ਲਿਖੇ ਲੇਖ ਤੇ ਮਿਡਲ ਵੀ ਹਨ। ਲੇਖਾਂ ਵਿਚ ਉਨੀਵੀਂ ਸਦੀ ਦੇ ਪੰਜਾਬ ਦੀ ਜ਼ਿੰਦਗੀ ਤੋਂ ਬਿਨਾਂ ਵੀਹਵੀਂ ਸਦੀ ਦੇ ਅੰਤਲੇ ਹਿੱਸੇ ਤਕ ਦੀ ਦਾਸਤਾਨ ਹੈ। ਜਰਨੈਲੀ ਸੜਕ ਦਾ ਤੇ ਸਰਹਿੰਦ ਨਹਿਰ ਜਾਂ ਅਪਰ ਬਾਰੀ ਨਹਿਰ ਦਾ ਬਣਨਾ ਤੇ ਪੰਜਾਬੀ ਸਾਹਿਤ ਦੀ ਉਸਾਰੀ ਵਿਚ ਤੇਜਾ ਸਿੰਘ, ਮੋਹਨ ਸਿੰਘ ਤੇ ਸੰਤ ਸਿੰਘ ਸੇਖੋਂ ਦਾ ਯੋਗਦਾਨ। ਤੇ ਨਿੱਕੇ ਲੇਖਾਂ ਵਿਚ ਨਿਤਾਪ੍ਰਤੀ ਜੀਵਨ ਦੀਆਂ ਰਸਦਾਇਕ ਗੱਲਾਂ ਰਾਹੀਂ ਸਿੱਖਿਆ। ਲੇਖ ਤੇ ਛੋਟੇ ਲੇਖ ਹੋਰ ਵੀ ਨੇ। ਜੇ ਮੈਂ ਉਨ੍ਹਾਂ ਦੀ ਸੱਚੀ ਉਸਤਤ ਕਰਾਂ ਤਾਂ ਤੁਸੀਂ ਕਹੋਗੇ ਕਿ ਮੈਂ ਵਿਰਕ ਦੀ ਕਹਾਣੀ ਕਲਾ ਦਾ ਕੱਦ ਘਟਾਉਣਾ ਚਾਹੁੰਦਾ ਹਾਂ। ਏਨਾ ਹੀ ਕਹਾਂਗਾ ਉਸਦੇ ਲੇਖ ਪ੍ਰਭਾਵੀ ਹਨ ਤੇ ਕਹਾਣੀਆਂ ਜਾਨਦਾਰ।

ਕੁਲਵੰਤ ਸਿੰਘ ਵਿਰਕ ਦੀ ਦੇਣ ਤੋਂ ਜਾਪਦਾ ਹੈ ਕਿ ਵਰਤਮਾਨ ਪੰਜਾਬੀ ਸਾਹਿਤ ਦੇ ਉਸਰੱਈਏ ਕੇਵਲ ਤੇਜਾ ਸਿੰਘ, ਮੋਹਨ ਸਿੰਘ ਤੇ ਸੰਤ ਸਿੰਘ ਸੇਖੋਂ ਹੀ ਨਹੀਂ ਸਨ। ਉਹਨਾਂ ਉਸਰੱਈਆਂ ਵਿਚ ਕੁਲਵੰਤ ਸਿੰਘ ਵਿਰਕ ਵੀ ਸ਼ਾਮਲ ਹੈ। ਜੇ ਪਹਿਲਾਂ ਨਹੀਂ ਸੀ ਤਾਂ ਪੰਜਾਬੀ ਯੂਨੀਵਰਸਿਟੀ ਵੱਲੋਂ ਛਾਪੀ ਵਿਰਕ ਦੀ ਚੋਣਵੀਂ ਰਚਨਾਕਾਰੀ ਨਾਲ ਹੋ ਗਿਆ ਹੈ। ਇਹਨਾਂ ਵਿਚ ਦੋ ਸੌ ਸਾਲ ਦਾ ਪੰਜਾਬ ਬੋਲਦਾ ਹੈ। ਉਸਦੀ ਸੂਝ ਤੇ ਸਿਆਣਪ ਦਾ ਕੋਈ ਜਵਾਬ ਨਹੀਂ ਸੀ। ❑❑

[1538, ਸੈਕਟਰ 36-ਡੀ, ਚੰਡੀਗੜ੍ਹ]

ਘੁੰਡ : ਕਹਾਣੀ : ਕੁਲਵੰਤ ਸਿੰਘ ਵਿਰਕ

ਕੁੜੀ ਬੜੀ ਮੂੰਹ-ਜ਼ੋਰ ਸੀ।

ਜੇ ਘੋੜੀ ਮੂੰਹ-ਜ਼ੋਰ ਹੋਵੇ ਤਾਂ ਉਹ ਕੰਡਿਆਲੇ ਅਤੇ ਸਵਾਰ ਦੀ ਕੋਈ ਪਰਵਾਹ ਨਹੀਂ ਕਰਦੀ। ਭੱਜੀ ਹੋਈ ਖਲ੍ਹਾਰਿਆਂ ਖਲੋਂਦੀ ਨਹੀਂ ਅਤੇ ਕਿਸੇ ਪਾਸੇ ਮੋੜਿਆਂ ਮੁੜਦੀ ਨਹੀਂ।

ਪਰ ਕੁੜੀ ਲਈ ਨਾ ਕੋਈ ਕੰਡਿਆਲਾ ਸੀ ਅਤੇ ਨਾ ਕੋਈ ਸਵਾਰ। ਬਸ ਇਕੱਲੀ ਮਾਂ ਹੀ ਮਾਂ ਸੀ, ਵਿਚਾਰੀ ਬੁੱਢੀ ਮਾਂ।

ਕੁੜੀ ਦਫਤਰ ਵਿਚ ਨੌਕਰੀ ਕਰਦੀ ਸੀ, ਉਸ ਨੂੰ ਸਰਕਾਰੀ ਮਕਾਨ ਮਿਲਿਆ ਹੋਇਆ ਸੀ। ਮਕਾਨ ਕਾਹਦਾ ਸੀ, ਇਕੋ ਵੱਡਾ ਸਾਰਾ ਕਮਰਾ ਸੀ ਅਤੇ ਉਸਦੇ ਪਿੱਛੇ ਗੁਸਲਖਾਨਾ ਤੇ ਟੱਟੀ ਬਣੀ ਹੋਈ ਸੀ, ਸਾਹਮਣੇ ਬਰਾਂਡਾ ਸੀ ਅਤੇ ਬਾਹਰ ਨਿੱਕਾ ਜਿਹਾ ਵਿਹੜਾ। ਕਹਿੰਦੇ ਸਨ ਪਿਛਲੀ ਵੱਡੀ ਜੰਗ ਵੇਲ਼ੇ ਅੰਗਰੇਜ਼ਾਂ ਨੇ ਇਹ ਕਵਾਟਰ ਆਪਣੇ ਫੌਜੀ ਅਫਸਰਾਂ ਦੇ ਰਹਿਣ ਲਈ ਬਣਾਏ ਸਨ। ਇਕ ਰਾਜੇ ਦੇ ਮਹਿਲ ਦੁਆਲ਼ੇ ਬਹੁਤ ਸਾਰੀ ਵਿਹਲੀ ਥਾਂ ਪਈ ਸੀ। ਰਾਤੋ ਰਾਤ ਉੱਥੇ ਛਤ ਦਿੱਤੇ। ਲੜਾਈ ਵਿਚ ਫੌਜੀ ਕਿਹੜਾ ਆਪਣੇ ਟੱਬਰ ਨਾਲ ਚੁੱਕੀ ਫਿਰਦੇ ਨੇ! ਏਨੀ ਥਾਂ ਉਹਨਾਂ ਲਈ ਬਹੁਤ ਸੀ, ਅਤੇ ਹੁਣ ਇਹ ਮਕਾਨ ਦਫਤਰਾਂ ਵਿਚ ਕੰਮ ਕਰਨ ਵਾਲਿਆ ਨੂੰ ਮਿਲਦੇ ਸਨ। ਉਨ੍ਹਾਂ ਮਾਵਾਂ ਧੀਆਂ ਨੇ ਹੋਰ ਵੱਡਾ ਮਕਾਨ ਕਰਨਾ ਵੀ ਕੀ ਸੀ? ਐਵੇਂ ਸਾਫ ਕਰਨ ਦਾ ਥਾਂ।

ਉਨ੍ਹਾਂ ਦਾ ਅਸਲੀ ਮਕਾਨ ਤਾਂ ਪਿੰਡ ਵਿਚ ਸੀ। ਕੁੜੀ ਦਾ ਭਰਾ ਭਰਜਾਈ ਅਤੇ ਪਿਤਾ ਉੱਥੇ ਰਹਿੰਦੇ ਸਨ। ਭੈਣ ਭਰਾ ਤਾਂ ਉਨ੍ਹਾਂ ਦੇ ਹੋਰ ਵੀ ਹੋਏ ਸਨ, ਪਰ ਉਹ ਬਚੇ ਕੋਈ ਨਾ। ਬਸ ਇਹ ਦੋਵੇਂ ਹੀ ਬਚੇ। ਮੁੰਡਾ ਵੱਡਾ ਸੀ ਅਤੇ ਕੁੜੀ ਤਿੰਨ ਚਾਰ ਥਾਂ ਛੋਟੀ। ਪੜ੍ਹਨੇ ਤਾਂ ਮੁੰਡਾ ਵੀ ਪਿਆ ਸੀ, ਪਰ ਉਹ ਦਸਵੀਂ ਵਿਚੋਂ ਫੇਲ੍ਹ ਹੋ ਗਿਆ ਅਤੇ ਉਸ ਨੂੰ ਪਿਉ ਨੇ ਸਕੂਲੋਂ ਉਠਾ ਲਿਆ। ਪਰ ਕੁੜੀ ਬੜੀ ਹੁਸ਼ਿਆਰ ਸੀ। ਪਿਤਾ ਦੀ ਆਪਣੇ ਬੱਚਿਆਂ ਨੂੰ ਉੱਚੀ ਵਿੱਦਿਆ ਦੇਣ ਦੀ ਸੱਧਰ ਉਸ ਨੇ ਹੀ ਪੂਰੀ ਕੀਤੀ। ਫਿਰ ਉਨ੍ਹਾਂ ਦੇ ਪਿੰਡ ਵੱਲ ਦੇ ਇਕ ਸਰਦਾਰ ਨੇ, ਜਿਹੜਾ ਉਸਦੇ ਪਿਤਾ ਦਾ ਵਾਕਫ ਸ਼ੀ, ਇਸ ਕੁੜੀ ਨੂੰ ਦਿੱਲੀ ਦਫਤਰ ਵਿਚ ਨੌਕਰ ਕਰਵਾ ਦਿੱਤਾ।

ਕੁੜੀ ਨੇ ਅਜੇ ਵਿਆਹ ਨਹੀਂ ਕਰਵਾਇਆ ਸੀ। ਜਦੋਂ ਘਰ ਵਾਲੇ ਗੱਲ ਛੇੜਦੇ ਤਾਂ ਆਖਦੀ, "ਆਪੇ ਕਰਵਾ ਲਵਾਂਗੀ।" "ਚਲੋ ਆਪੇ ਹੀ ਕਰਵਾ, ਪਰ ਕਰਵਾ ਤਾਂ ਸਹੀ," ਉਹ ਆਖਦੇ। "ਆਪੇ ਕਰਵਾ ਲਵਾਂਗੀ," ਉਹ ਫਿਰ ਆਖਦੀ। ਤਨਖਾਹ ਵਿਚੋਂ ਕੁਝ ਪੈਸੇ ਉਹ ਘਰ ਘੱਲ ਦਿੰਦੀ। ਇਹ ਗੱਲ ਉਨ੍ਹਾਂ ਨੂੰ ਚੰਗੀ ਲਗਦੀ। ਮਾਪੇ ਇਸੇ ਲਈ ਤਾਂ ਔਲਾਦ ਨੂੰ ਪੜ੍ਹਾਂਦੇ ਹਨ ਕਿ ਉਹ ਖੱਟ ਕਮਾ ਕੇ ਕੁਝ ਉਨ੍ਹਾਂ ਨੂੰ ਵੀ ਦੇਣ। ਮਾੜੀ ਗੱਲ ਤੇ ਇਹ ਸੀ ਕਿ ਕੁੜੀ ਦੇ ਕੰਵਾਰੀ ਹੋਣ ਕਰਕੇ ਮਾਂ ਨੂੰ ਉਸ ਦੇ ਕੋਲ਼ ਰਹਿਣਾ ਪੈਂਦਾ ਸੀ। "ਇਹਨੂੰ

ਇਕੱਲੀ ਨੂੰ ਏਥੇ ਕਿਸ ਤਰ੍ਹਾਂ ਛੱਡਾਂ। ਉੱਤੋਂ ਜ਼ਮਾਨਾ ਕਿਹੜਾ ਹੈ," ਮਾਂ ਲੋਕਾਂ ਨੂੰ ਆਖਦੀ। "ਕਿਤੇ ਆਪਣੇ ਘਰ ਵਾਲੀ ਬਣੇ ਤੇ ਮੈਂ ਵਿਹਲੀ ਹੋਵਾਂ।"

"ਹੁਣ ਸੁਖ ਨਾਲ ਇਹਦਾ ਵਿਆਹ ਕਰ ਦਿਉ," ਲੋਕੀਂ ਆਖਦੇ।

"ਵੇਖੋ! ਜਿਵੇਂ ਸੰਜੋਗ ਲਿਖੇ ਹੋਏ ਨੇ।" ਉਹ ਅੱਧਾ ਕਸੂਰ ਰੱਬ ਦੇ ਸਿਰ ਥੱਪ ਕੇ ਗਲ਼ੋਂ ਬਲਾ ਲਾਹ ਦੇਂਦੀ। ਪਰ ਵਿਚੋ ਵਿਚ ਉਹ ਬੜਾ ਡਰਦੀ। 'ਜੇ ਛੇਤੀ ਇਹਦਾ ਸਾਕ ਨਾ ਹੋਇਆ ਤਾਂ ਬੁੱਢੀ ਹੋਈ ਨੂੰ ਇਹਨੂੰ ਕੌਣ ਪਰਨਾਏਗਾ', ਉਹ ਉਸਦੇ ਪਿਤਾ ਨੂੰ ਆਖਦੀ। ਪਰ ਉਸ ਦੀ ਵੀ ਕੋਈ ਪੇਸ਼ ਨਾ ਜਾਂਦੀ। ਜੇ ਪੜ੍ਹੀ ਹੋਈ ਨਾ ਹੁੰਦੀ ਤਾਂ ਉਹ ਕਿਸੇ ਪਿੰਡ ਉਸਨੂੰ ਮੰਗ ਦੇਂਦਾ। ਪਰ ਹੁਣ ਉਹ ਪਿੰਡ ਵਿਚ ਰਹਿੰਦੇ ਕਿਸੇ ਅਨਪੜ੍ਹ ਨਾਲ ਕਿਸ ਤਰ੍ਹਾਂ ਵਿਆਹ ਦੇਵੇ। ਪੜ੍ਹੇ ਹੋਏ ਅਤੇ ਨੌਕਰੀਆਂ ਉੱਤੇ ਲੱਗੇ ਹੋਏ ਮੁੰਡੇ ਬਹੁਤੇ ਉਸ ਦੇ ਮੇਲਜੋਲ ਵਿਚ ਨਹੀਂ ਸਨ। ਪੜ੍ਹ ਕੇ ਅਤੇ ਦਿੱਲੀ ਵਿਚ ਰਹਿ ਕੇ ਕੁੜੀ ਹੋਰ ਦੀ ਹੋਰ ਹੀ ਨਿਕਲ ਆਈ ਸੀ। ਪਿੰਡ ਵਿਚ ਹੁਣ ਇਹ ਕਿਸ ਤਰ੍ਹਾਂ ਰਹਿ ਸਕਦੀ ਸੀ। ਜੇ ਕੋਈ ਮਾੜੀ ਮੋਟੀ ਨੌਕਰੀ ਵਾਲਾ ਲੱਭਦਾ ਸੀ ਤਾਂ ਕੁੜੀ ਗੱਲ ਹੀ ਨਾ ਗਉਲ਼ਦੀ। ਕਹਿੰਦੀ, "ਤੁਸੀਂ ਕੋਈ ਭਰਮ ਨਾ ਕਰੋ। ਵਿਆਹ ਆਪੇ ਹੋ ਜਾਏਗਾ। ਕਾਹਦੀ ਕਾਹਲ਼ ਏ"। ਉਹ ਚੁੱਪ ਕਰ ਜਾਂਦੇ। ਮਾੜੇ ਥਾਂ ਧੱਕੇ ਨਾਲ ਉਹ ਉਹਦਾ ਵਿਆਹ ਕਿਵੇਂ ਕਰ ਸਕਦੇ ਸਨ? ਕੁੜੀ ਬੜੀ ਮੂੰਹ ਜ਼ੋਰ ਸੀ।

ਪਰ ਹੁਣ ਤੇ ਗੱਲ ਹੋਰ ਹੀ ਪੁੱਠੇ ਪਾਸੇ ਟੁਰ ਗਈ। ਉਹ ਆਪਣੇ ਨਾਲ ਕਦੀ ਕਦੀ ਇਕ ਮੁੰਡੇ ਨੂੰ ਘਰ ਲਿਆਉਣ ਲੱਗ ਪਈ ਸੀ। ਉਹ ਦੋਵੇਂ ਗੱਲਾਂ ਕਰਦੇ ਆਉਂਦੇ, ਮਾਂ ਬਰਾਂਡੇ ਵਿਚ ਜਾਂ ਵਿਹੜੇ ਵਿਚ ਬੈਠੀ ਹੁੰਦੀ। ਮੁੰਡਾ ਉਸਨੂੰ ਆਦਰ ਨਾਲ 'ਮਾਤਾ ਜੀ ਪੈਰੀਂ ਪੈਨਾਂ' ਆਖਦਾ ਅਤੇ ਫਿਰ ਉਹ ਦੋਵੇਂ ਅੰਦਰ ਕਮਰੇ ਵਿਚ ਲੰਘ ਜਾਂਦੇ। ਕੁੜੀ ਚਾਹ ਬਣਾਂਦੀ ਅਤੇ ਫਿਰ ਉਹ ਦੋਵੇਂ ਰਲ਼ ਕੇ ਪੀਂਦੇ। ਜੋ ਕੁਝ ਨਾਲ ਲਿਆਂਦਾ ਹੁੰਦਾ, ਖਾਂਦੇ ਤੇ ਗੱਲਾਂ ਕਰੀ ਜਾਂਦੇ। "ਕਿਸੇ ਬੰਦੇ ਨਾਲ ਏਨਾ ਮੇਲਜੋਲ ਤਾਂ ਠੀਕ ਨਹੀਂ," ਉਸ ਦੀ ਮਾਂ ਸੋਚਦੀ। "ਖਾਸਕਰ ਉਸ ਬੰਦੇ ਨਾਲ ਜਿਸਦਾ ਕੋਈ ਅੱਗਾ ਪਿੱਛਾ ਹੀ ਪਤਾ ਨਾ ਹੋਵੇ। ਕੁੜੀ ਨੂੰ ਇਸ ਗੱਲ ਤੋਂ ਵਰਜਣਾ ਚਾਹੀਦੇ ਏ।"

ਪਰ ਵਰਜੇ ਕਿਸ ਤਰ੍ਹਾਂ? ਜੇ ਕੁੜੀ ਦੀ ਇਹ ਨੀਯਤ ਸੀ ਤਾਂ ਉਹ ਵਰਜੀ ਕਿੱਥੇ ਜਾਣ ਲੱਗੀ ਸੀ। ਜੇ ਉਹ ਆਪਣੇ ਪਤੀ ਜਾਂ ਪੁੱਤਰ ਨੂੰ ਦੱਸੇ ਤਾਂ ਕੋਈ ਹੋਰ ਵੀ ਵਧਾਣ ਨਾ ਵਧ ਜਾਵੇ। ਸਾਰਾ ਘਰ ਹੀ ਉਜੜ ਜਾਏ। ਜੇ ਗੱਲ ਕਤਲ ਖੂਨ ਤੀਕਰ ਨਾ ਵੀ ਅਪੜੇ ਤਾਂ ਵੀ ਝੱਗਾ ਚੁੱਕਿਆਂ ਆਪਣਾ ਢਿੱਡ ਨੰਗਾ ਹੋਣਾ ਸੀ। ਕਦੀ ਸੁਪਨਾ ਵੀ ਨਹੀਂ ਸੀ ਆਇਆ ਪਈ ਇਹੋ ਜਿਹੇ ਕਜੀਏ ਵੀ ਪੈਣਗੇ।

ਫਿਰ ਮਾਂ ਨੇ ਆਪ ਈ ਕੁੜੀ ਨਾਲ ਗੱਲ ਕਰਨ ਦਾ ਮਨ ਬਣਾਇਆ।

"ਇਹ ਜਿਹੜਾ ਮੁੰਡਾ ਤੇਰੇ ਨਾਲ ਆਉਂਦਾ ਏ, ਇਹਦਾ ਨਾਂ ਕੀ ਏ?" ਉਸ ਪੁੱਛਿਆ।

ਕੁੜੀ ਨੇ ਨਾਂ ਦੱਸ ਦਿੱਤਾ।

"ਵਿਆਹਿਆ ਹੋਇਆ ਏ ਕਿ ਕੰਵਾਰਾ?"

"ਪਤਾ ਨਹੀਂ," ਕੁੜੀ ਨੇ ਕੋਰਾ ਜਵਾਬ ਦਿੱਤਾ।

"ਪਿੱਛੋਂ ਕਿੱਥੋਂ ਦਾ ਏ?" ਮਾਂ ਨੇ ਉਸਦੀ ਜੜ੍ਹ ਲੱਭਣ ਦੀ ਕੋਸ਼ਿਸ਼ ਕੀਤੀ।

"ਪਤਾ ਨਹੀਂ," ਕੁੜੀ ਨੇ ਫਿਰ ਕੋਰਾ ਜਵਾਬ ਦਿੱਤਾ।

ਮਾਂ ਨੂੰ ਹੁਣ ਉਸ ਓਪਰੇ ਮੁੰਡੇ ਤੋਂ ਭੈਅ ਆਉਣ ਲੱਗ ਪਿਆ ਸੀ। ਕੁੜੀ ਬਿਲਕੁਲ ਉਹਦੀ ਮੁੱਠ ਵਿਚ ਆਈ ਜਾਪਦੀ ਸੀ। ਉਹ ਤਾਂ ਉਸ ਨੂੰ ਕੁਝ ਵੀ ਕਰ ਸਕਦਾ ਸੀ। ਉਹ

ਆਪ ਤਾਂ ਬਿਲਕੁਲ ਹੀਣੀ ਹੋ ਗਈ ਸੀ। ਪਤਾ ਨਹੀਂ ਹੈ ਕੌਣ ਸੀ। ਹੱਦ ਹੋ ਗਈ। ਢਿੱਡੋਂ ਜੰਮਣ ਤੇ ਪਾਲਣ ਵਾਲੀ ਮਾਂ ਬਗਾਨੀ ਹੋ ਗਈ ਅਤੇ ਇਹ ਕੋਈ ਬਾਹਰਲਾ ਲੱਲੂ-ਪੰਜੂ ਸਕਾ ਬਣ ਬੈਠਾ। ਉਸ ਦਾ ਕੀ ਪਤਾ ਸੀ? ਭਾਵੇਂ ਕੁੜੀ ਨੂੰ ਕਿਧਰੇ ਲੈ ਹੀ ਜਾਏ। ਕਿਧਰੇ ਛੱਡ ਆਏ। ਕਿਧਰੇ ਵੇਚ ਹੀ ਆਵੇ। ਜਾਂ ਉਸ ਦੇ ਬਣੇ ਬਣਾਏ ਘਰ ਨੂੰ ਆਪਣਾ ਬਣਾ ਲਵੇ। ਭਾਵੇਂ ਹਰ ਪਹਿਲੀ ਤਰੀਕ ਨੂੰ ਉਸ ਤੋਂ ਸਾਰੀ ਤਨਖਾਹ ਧਰਾ ਲਿਆ ਕਰੇ। ਉਹ ਤਾਂ ਕੁਝ ਵੀ ਕਰ ਸਕਦਾ ਸੀ ਉਸ ਨੂੰ। ਪਰ ਮਾਂ ਵਿਚਾਰੀ ਕੀ ਕਰੇ? ਕੁੜੀ ਨੂੰ ਸ਼ਹਿਰ ਵਿਚ ਨੌਕਰੀ ਕਰਵਾ ਕੇ ਉਹ ਵਖਤ ਨੂੰ ਫੜੀ ਗਈ ਸੀ।

ਲੋਕਾਂ ਸਾਹਮਣੇ ਉਹ ਹਰ ਗੱਲ ਉੱਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੀ। ਤੇ ਆਂਢ ਗੁਆਂਢ ਵਿਚੋਂ ਕੋਈ ਪੁੱਛਦਾ, "ਇਹ ਮੁੰਡਾ ਕੌਣ ਆਉਂਦਾ ਏ ਬੀਬੀ ਨਾਲ? ਤੁਹਾਡੇ ਘਰ ਵਿਚੋਂ ਹੀ ਹੋਣਾ ਏ ਕੋਈ?" ਤਾਂ ਆਖਦੀ, "ਆਹੋ, ਸਾਡੇ ਪਿੰਡ ਦੇ ਖੱਤਰੀਆਂ ਦਾ ਮੁੰਡਾ ਏ। ਕੁੜੀ ਨੇ ਦਫਤਰ ਵਿਚ ਕੋਈ ਇਮਤਿਹਾਨ ਦੇਣਾ ਏ। ਮੈਂ ਹੀ ਤਰਲਾ ਲਿਆ ਸੀ। ਮੈਂ ਆਖਿਆ, ਭੈੜਿਆ ਭੈਣ ਨੂੰ ਵੀ ਕਦੀ ਕਦਾਈਂ ਕੁਝ ਸਮਝਾ ਜਾਇਆ ਕਰ ਵੇ। ਇਹਦਾ ਵੀ ਵਖਤ ਮੁੱਕੇ। ਕੁੜੀਆਂ ਵਿਚਾਰੀਆਂ ਨੂੰ ਕਾਹਨੂੰ ਆਉਂਦੀਆਂ ਨੇ ਦਫਤਰਾਂ ਦੀਆਂ ਗੱਲਾਂ। ਬੜਾ ਸਾਊ ਏ ਵਿਚਾਰਾ। ਆਖਣ ਲੱਗਾ, ਲਓ ਬੇਬੇ ਜੀ, ਇਹ ਕਿਹੜੀ ਗੱਲ ਏ। ਮੈਂ ਸਮਝਾ ਦਿਆਂਗਾ ਇਹਨੂੰ ਸਭ ਕੁਝ"। ਮਾਂ ਨੂੰ ਪਤਾ ਸੀ ਕਿ ਕੁੜੀ ਨੇ ਦਫਤਰ ਵਿਚ ਇਕ ਇਮਤਿਹਾਨ ਦਿੱਤਾ ਸੀ ਅਤੇ ਪਾਸ ਹੋ ਗਈ ਸੀ।

ਕਿਸੇ ਅੱਗੇ ਤਾਂ ਉਹ ਗੱਲ ਨਾ ਕਰਦੀ, ਪਰ ਵਿਚੋ ਵਿਚ ਉਹ ਫਿਕਰ ਅਤੇ ਸ਼ਰਮ ਨਾਲ ਖੁਰਦੀ ਜਾਂਦੀ। ਉਹਨਾਂ ਦੀਆਂ ਗੁੱਝੀਆਂ ਗੱਲਾਂ ਵਿਚ ਵਿਘਨ ਪਾਣ ਦਾ ਇਕ ਤਰੀਕਾ ਉਸ ਕੱਢਿਆ। ਜਦੋਂ ਮੁੰਡਾ ਕੁੜੀ ਆ ਕੇ ਕਮਰੇ ਵਿਚ ਬਹਿੰਦੇ ਤਾਂ ਉਹ ਆਪਣਾ ਕੰਮ ਲੈ ਕੇ ਕਮਰੇ ਵਿਚ ਹੀ ਪੀੜ੍ਹੀ ਡਾਹ ਲੈਂਦੀ। ਭਾਵੇਂ ਉਦੋਂ ਉਹ ਉਸ ਨਾਲ ਕੋਈ ਗੱਲ ਨਾ ਕਰਦੇ, ਪਰ ਆਪੋ ਵਿਚ ਵੀ ਕੋਈ ਮਾੜੀ ਚੰਗੀ ਗੱਲ ਨਾ ਕਰ ਸਕਦੇ। ਇਸ ਨਾਲ ਉਸਨੂੰ ਕੁਝ ਤਸੱਲੀ ਮਿਲਦੀ। ਕਦੇ ਉਹ ਉਹਨਾਂ ਕੋਲ ਬੈਠ ਮਟਰ ਕੱਢ ਰਹੀ ਹੁੰਦੀ, ਕਦੀ ਮੇਥੀ ਤੋੜ ਰਹੀ ਹੁੰਦੀ ਅਤੇ ਕਦੀ ਦਾਲ਼ ਚੁਗਦੀ ਹੁੰਦੀ। ਮੁੰਡਾ ਅਤੇ ਕੁੜੀ ਚੋਰੀ ਚੋਰੀ ਕਹਿਰ ਦੀਆਂ ਨਜ਼ਰਾਂ ਨਾਲ ਉਸ ਵੱਲ ਵੇਖਦੇ, ਪਰ ਕਰ ਕੁਝ ਨਾ ਸਕਦੇ।

ਇਕ ਦਿਨ ਮਾਂ ਕਿਧਰੇ ਆਂਢ ਗੁਆਂਢ ਵਿਚ ਗਈ ਹੋਈ ਸੀ। ਮਗਰੋਂ ਮੁੰਡਾ ਕੁੜੀ ਆਏ ਅਤੇ ਅੰਦਰ ਵੜ ਕੇ ਬੈਠ ਗਏ। ਮਾਂ ਨੇ ਆ ਕੇ ਬਾਰੀ ਵਿਚੋਂ ਅੰਦਰ ਝਾਤ ਮਾਰੀ। ਵੇਖ ਕੇ ਉਹ ਕੰਬ ਗਈ। ਮੁੰਡੇ ਨੇ ਕੁੜੀ ਦੀਆਂ ਦੋਹਾਂ ਗਲ੍ਹਾਂ ਨੂੰ ਆਪਣੀ ਤਲੀ ਵਿਚ ਪੋਲਾ ਜਿਹਾ ਫੜਿਆ ਹੋਇਆ ਸੀ ਅਤੇ ਪਲੋਸ ਰਿਹਾ ਸੀ। ਉਹ ਅੰਦਰ ਕਿਸ ਤਰ੍ਹਾਂ ਜਾਵੇ? ਬਾਹਰ ਹੀ ਬੈਠ ਗਈ ਜਿਵੇਂ ਉਠ ਕੇ ਗਈ ਸੀ।

ਝਟ ਕੁ ਦਿਲ ਨੂੰ ਫੜ ਕੇ ਬੈਠੀ ਰਹੀ। ਫਿਰ ਉਸ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਉਸਨੂੰ ਬੜੇ ਜ਼ੋਰ ਦਾ ਪਿਸ਼ਾਬ ਆ ਗਿਆ ਹੈ, ਪਰ ਉਹ ਕਰੇ ਕਿਸ ਥਾਂ। ਥਾਂ ਤਾਂ ਕਮਰਾ ਲੰਘ ਕੇ ਪਰਲੇ ਸਿਰੇ ਸੀ ਅਤੇ ਕਮਰੇ ਵਿਚ ਉਸ ਦੀ ਆਪਣੀ ਧੀ ਇਕ ਓਪਰੇ ਮਰਦ ਨੇੜੇ ਬੈਠੀ ਖੇਹ ਖਾਂਦੀ ਰਹੀ ਸੀ। ਕਿਧਰੇ ਆਂਢ ਗੁਆਂਢ ਵਿਚ ਕਰ ਆਵੇ? ਉਹੁ ਕੀ ਸੋਚਣਗੇ ਪਈ ਆਪਣੇ ਘਰ ਕਿਉਂ ਨਹੀਂ ਕਰਦੀ। ਖਬਰੇ ਉਹਨਾਂ ਮੁੰਡਾ ਕੁੜੀ ਅੰਦਰ ਵੜਦੇ ਵੇਖ ਲਏ ਹੋਣ। ਇਹ ਖਿਆਲ਼ ਕਰ ਕੇ ਉਹ ਠਠੰਬਰ ਗਈ। "ਨਹੀਂ, ਮੈਂ ਕੁਝ ਚਿਰ ਇਸ ਤਰ੍ਹਾਂ ਹੀ ਦੱਬ ਘੁੱਟ ਕੇ ਕੱਢ ਲੈਂਦੀ ਹਾਂ। ਆਪੇ ਹੁਣੇ ਮੁੰਡਾ ਚਲਾ ਜਾਏਗਾ। ਇਹ ਸ਼ਹਿਰ ਵੀ ਕਹੀ ਗੰਦੀ ਥਾਂ ਸੀ। ਇਸ ਤਰ੍ਹਾਂ ਦੀ ਗੱਲ ਕਿਧਰੇ ਹੋਈ ਸੁਣੀ ਸੀ!"

ਝਟ ਕੁ ਉਹ ਦੱਬ ਘੁੱਟ ਕੇ ਬੈਠੀ ਰਹੀ। ਫਿਰ ਉਸ ਨੂੰ ਲੱਗਾ ਕਿ ਹੁਣ ਉਸ ਤੋਂ ਹੋਰ ਨਹੀਂ ਜਰਿਆ ਜਾਵੇਗਾ। ਵਿਚੇ ਹੀ ਨਿਕਲ ਜਾਵੇਗਾ।

ਪਰ ਉਹ ਕਰੇ ਵੀ ਕਿੱਥੇ? ਫਿਰ ਉਸ ਨੂੰ ਖਿਆਲ ਆਇਆ ਕਿ ਪਿੰਡ ਵਿਚ ਜਦੋਂ ਉਹ ਭੱਤਾ ਲੈ ਕੇ ਜਾ ਰਹੀ ਹੁੰਦੀ ਤਾਂ ਰਾਹ ਵਿਚ ਬਾਹਰ ਕਈ ਵਾਰ ਉਸ ਨੂੰ ਕਿਸੇ ਕੋਝੇ ਦ੍ਰਿਸ਼ ਕੋਲੋਂ ਲੰਘਣਾ ਪੈਂਦਾ। ਕਿਧਰੇ ਸੜਕ ਦੇ ਨੇੜੇ ਕੋਈ ਬੰਦਾ ਜੰਗਲ ਬੈਠਾ ਹੁੰਦਾ। ਕੋਈ ਕੁੱਤਾ ਕੁੱਤੀ ਇਕ ਦੂਜੇ ਦੇ ਨੇੜੇ ਹੁੰਦੇ। ਇਹੋ ਜਿਹੇ ਮੌਕਿਆਂ ਉੱਤੇ ਉਹ ਆਪਣੇ ਦੁਪੱਟੇ ਨਾਲ ਲੰਮਾ ਸਾਰਾ ਘੁੰਡ ਕੱਢ ਕੇ ਅਤੇ ਨਜ਼ਰ ਨੀਵੀਂ ਕਰ ਕੇ ਰਾਹੋ ਰਾਹ ਲੰਘ ਜਾਂਦੀ।

ਹੁਣ ਵੀ ਉਸ ਨੇ ਆਪਣਾ ਦੁਪੱਟਾ ਠੀਕ ਕੀਤਾ। ਲੰਮਾ ਸਾਰਾ ਘੁੰਡ ਕੱਢਿਆ ਅਤੇ ਮੁੰਡੇ ਕੁੜੀ ਕੋਲੋਂ ਦੀ ਪਿਸ਼ਾਬ ਕਰਨ ਵਾਲੇ ਕਮਰੇ ਨੂੰ ਲੰਘ ਗਈ। □□

ਮੁੱਢੋਂ ਸੁੱਢੋਂ : ਕਹਾਣੀ : ਕੁਲਵੰਤ ਸਿੰਘ ਵਿਰਕ

ਅਖਬਾਰ ਵਿਚ ਖਬਰ ਛਪੀ ਸੀ ਕਿ ਪੁਲਸ ਨੇ ਪਿੰਡ ਵਿਚ ਗੋਲ਼ੀ ਚਲਾ ਦਿੱਤੀ। ਚਾਰ ਜੀਅ ਮਰੇ ਦੱਸੀਦੇ ਸਨ। ਕੁਝ ਫੱਟੜ ਹੋਏ। ਮਰਨ ਵਾਲਿਆਂ ਵਿਚ ਇਕ ਬੁੱਢੀ ਜ਼ਨਾਨੀ ਵੀ ਸੀ। ਝਗੜਾ ਮਾਮਲੇ ਦੀ ਉਗਰਾਹੀ ਦਾ ਸੀ। ਸਰਕਾਰ ਕਹਿੰਦੀ ਸੀ ਕਿ ਮਾਮਲਾ, ਜਿਹੜਾ ਵਧਾ ਕੇ ਲਾਇਆ ਗਿਆ ਸੀ, ਹੁਣੇ ਈ ਲੈਣਾ ਏ। ਪਿੰਡ ਵਾਲ਼ੇ ਵਾਧੂ ਮਾਮਲਾ ਦੇਣਾ ਨਹੀਂ ਸਨ ਮੰਨਦੇ। ਅਖਬਾਰ ਵਿਚ ਛਪਿਆ ਸੀ ਕਿ ਜਦੋਂ ਤਸੀਲਦਾਰ ਪੁਲਸ ਨੂੰ ਲੈ ਕੇ ਮਾਮਲਾ ਉਗਰਾਹੁਣ ਪਿੰਡ ਗਿਆ ਸੀ, ਪਿੰਡ ਵਾਲ਼ੇ ਉਸ ਉੱਤੇ ਧਾਵਾ ਕਰਨ ਨੂੰ ਆ ਪਏ। ਪੁਲਸ ਨੇ ਤਸੀਲਦਾਰ ਦੇ ਤੇ ਆਪਣੇ ਬਚਾਅ ਲਈ ਗੋਲ਼ੀ ਚਲਾ ਦਿੱਤੀ।

ਮੇਰੇ ਲਈ ਇਹ ਇਕ ਨਵੀਂ ਜਿਹੀ ਗੱਲ ਸੀ। ਗੋਲ਼ੀ ਚਲਦੀ ਅੱਗੇ ਵੀ ਸੁਣੀ ਸੀ, ਜਲੂਸਾਂ ਉੱਤੇ, ਸ਼ਹਿਰ ਵਿਚ, ਸੜਕ ਉੱਤੇ ਜਾਂ ਕਿਸੇ ਸਾਂਝੇ ਮੈਦਾਨ ਵਿਚ। ਮਰੇ ਹੋਏ ਤੇ ਫੱਟੜ ਲੋਕ ਪੁਲਸ ਚੁੱਕ ਕੇ ਹਸਪਤਾਲ ਲੈ ਜਾਂਦੀ। ਬਾਕੀ ਭੱਜ ਜਾਂਦੇ। ਥਾਂ ਸਾਫ ਕਰ ਦਿੱਤੀ ਜਾਂਦੀ ਤੇ ਗੱਲ ਮੁੱਕ ਜਾਂਦੀ। ਸ਼ਹਿਰ ਵੱਡਾ ਹੁੰਦਾ ਹੈ, ਸਿਵਾਏ ਆਪਣੇ ਘਰ ਦੇ ਕਿਸੇ ਵੀ ਥਾਂ ਨੂੰ ਕੋਈ ਆਪਣਾ ਨਹੀਂ ਸਮਝਦਾ। ਪਰ ਪਿੰਡ ਵਿਚ ਗੋਲ਼ੀ ਤਾਂ ਮੈਨੂੰ ਇਸ ਤਰ੍ਹਾਂ ਲਗਦੀ ਸੀ ਜਿਵੇਂ ਹਰ ਘਰ ਵਿਚ ਗੋਲ਼ੀ ਚਲਾਈ ਗਈ ਹੋਵੇ।

ਜਿਸ ਦਿਨ ਅਖਬਾਰ ਵਿਚ ਖਬਰ ਆਈ ਉਸ ਤੋਂ ਅਗਲੇ ਦਿਨ ਛੁੱਟੀ ਸੀ। ਮੇਰਾ ਜੀਅ ਕੀਤਾ ਕਿ ਉਸ ਪਿੰਡ ਹੋ ਆਵਾਂ। ਗੋਲ਼ੀ ਚੱਲਣ ਪਿੱਛੋਂ ਪਿੰਡ ਕਿਵੇਂ ਲਗਦਾ ਹੈ, ਇਹ ਵੇਖ ਆਵਾਂ। ਦੋ ਤਿੰਨ ਦਿਨ ਹੋ ਗਏ ਸਨ, ਪਰ ਇਹ ਕੋਈ ਬਹੁਤੇ ਨਹੀਂ ਸਨ।

ਰਸਤੇ ਵਿਚ ਇਕ ਸ਼ਹਿਰ ਵਿਚ ਬਸ ਬਦਲਣੀ ਸੀ। ਮੈਂ ਨਵੀਂ ਬਸ ਦੀ ਉਡੀਕ ਵਿਚ ਖਲੋਤਾ ਸਾਂ ਕਿ ਤਸੀਲਦਾਰ ਮਿਲ ਗਿਆ। ਉਹ ਮੇਰਾ ਵਾਕਿਫ ਨਿਕਲਿਆ। ਉਸ ਦੱਸਿਆ ਕਿ ਕੋਈ ਸੌ ਬੰਦੇ ਤੇ ਜ਼ਨਾਨੀਆਂ ਉਹਨਾਂ ਨੂੰ ਮਾਰਨ ਆ ਪਏ ਤੇ ਉਸ ਨੇ ਗੋਲ਼ੀ ਚਲਾਣ ਦਾ ਹੁਕਮ ਦੇ ਦਿੱਤਾ। ਹੋਰ ਉਸ ਇਹ ਗੱਲ ਦੱਸੀ ਕਿ ਵੱਡੇ ਅਫਸਰ ਤੇ ਵਜ਼ੀਰ ਉਸ ਦੀ ਇਸ ਕਾਰਵਾਈ ਉੱਤੇ ਬੜੇ ਖੁਸ਼ ਸਨ। ਉਹ ਆਪ ਬੜਾ ਹੱਸ ਰਿਹਾ ਸੀ। ਹੁਣ ਉੱਥੇ ਖੜ੍ਹਾ ਉਹ ਪੁਲਸ ਇੰਸਪੈਕਟਰ ਨੂੰ ਉਡੀਕ ਰਿਹਾ ਸੀ। ਉਹ ਪੁਲਸ ਦੀ ਗਾਰਦ ਲੈ ਕੇ ਆਵੇਗਾ ਤੇ ਫਿਰ ਉਹ ਕਿਸੇ ਹੋਰ ਪਿੰਡ ਜਾਣਗੇ, ਮਾਮਲਾ ਉਗਰਾਹੁਣ ਤੇ ਕੁਰਕੀਆਂ

ਕਰਨ। ਉਹਨਾਂ ਨੂੰ ਹੁਕਮ ਸੀ ਕਿ ਇਸ ਵੇਲ਼ੇ ਕੰਮ ਭਖਿਆ ਹੋਇਆ ਹੈ, ਇਸ ਨੂੰ ਛੇਤੀ ਛੇਤੀ ਮੁਕਾ ਦਿੱਤਾ ਜਾਵੇ।

ਇਹੋ ਜਿਹੇ ਕੰਮਾਂ ਬਾਰੇ ਉਤਲੀ ਉਤਲੀ ਜਾਣਕਾਰੀ ਤੋਂ ਮੇਰਾ ਇਹ ਖਿਆਲ ਬਣਿਆ ਹੋਇਆ ਸੀ ਕਿ ਇਸ ਤਰ੍ਹਾਂ ਦੀ ਕਿਸੇ ਕਾਰਵਾਈ ਪਿੱਛੋਂ ਇਕ ਬੜਾ ਅਫਸਰ ਇਸ ਦੀ ਜਾਂਚ ਪੜਤਾਲ ਕਰਦਾ ਹੈ ਤੇ ਇਹ ਫੈਸਲਾ ਦੇਂਦਾ ਹੈ ਕਿ ਗੋਲ਼ੀ ਚਲਾਣ ਦੀ ਲੋੜ ਸੀ ਕਿ ਨਹੀਂ। ਜਿੰਨਾ ਚਿਰ ਇਹ ਫੈਸਲਾ ਪ੍ਰਾਪਤ ਨਾ ਹੋ ਜਾਵੇ, ਗੋਲ਼ੀ ਚਲਾਣ ਵਾਲਾ ਅਫਸਰ ਆਪਣੇ ਕੰਮ ਦੇ ਨਤੀਜਿਆਂ ਬਾਰੇ ਫਿਕਰਮੰਦ ਹੀ ਰਹਿੰਦਾ ਸੀ। ਪਰ ਇਹ ਤਸੀਲਦਾਰ ਤਾਂ ਫਿਕਰਮੰਦ ਹੋਣ ਦੀ ਥਾਂ ਉਲਟਾ ਬੜਾ ਖੁਸ਼ ਸੀਜਿਵੇਂ ਉਸ ਨੂੰ ਇਸ ਗੱਲ ਕਰਕੇ ਤਰੱਕੀ ਮਿਲ ਜਾਣੀ ਹੋਵੇ। ਤਸੀਲਦਾਰ ਗੱਲਾਂ ਕਰ ਕੇ ਟੁਰ ਗਿਆ ਤੇ ਕੁਝ ਚਿਰ ਪਿੱਛੋਂ ਮੈਨੂੰ ਉਸ ਪਿੰਡ ਵੱਲ ਦੀ ਬਸ ਮਿਲ਼ ਗਈ।

ਜਿਸ ਥਾਂ 'ਤੇ ਮੈਂ ਬੱਸ ਤੋਂ ਉਤਰਿਆ ਉੱਥੋਂ ਉਹ ਪਿੰਡ ਤਿੰਨ ਚਾਰ ਮੀਲ ਸੀ। ਅਗਾਂਹ ਸਵਾਰੀ ਕੋਈ ਨਹੀਂ ਜਾਂਦੀ ਸੀ। ਇਸ ਲਈ ਬਸ ਤੋਂ ਉਤਰ ਕੇ ਮੈਨੂੰ ਕਾਹਲ਼ ਕੋਈ ਨਹੀਂ ਸੀ। ਅੱਡੇ ਉੱਤੇ ਚਾਹ ਵੇਚਣ ਵਾਲ਼ੇ ਤੇ ਚੜ੍ਹਨ ਉਤਰਨ ਵਾਲੀਆਂ ਸਵਾਰੀਆਂ ਉਸੇ ਪਿੰਡ ਦੀਆਂ ਗੱਲਾਂ ਕਰ ਰਹੀਆਂ ਸਨ। ਵੱਡੇ ਆਦਮੀਆਂ ਵਿਚੋਂ ਕੌਣ ਕੌਣ ਪਿੰਡੋਂ ਹੋ ਆਇਆ ਹੈ, ਹੁਣ ਉੱਥੇ ਕੌਣ ਹੈ, ਹੋਰ ਪਿੰਡਾਂ ਉੱਤੇ ਇਸ ਦਾ ਕੀ ਅਸਰ ਪਿਆ ਹੈ, ਇਹ ਗੱਲਾਂ ਹੌਲ਼ੀ ਹੌਲ਼ੀ ਹੋ ਰਹੀਆਂ ਸਨ। ਉਂਝ ਕਿਸੇ ਦੀ ਗੱਲ ਵਿਚ ਰੋਹ ਨਹੀਂ ਸੀ। ਸਾਰਾ ਗੁੱਸਾ ਡਰ ਨਾਲ ਬੰਨ੍ਹਿਆ ਪਿਆ ਸੀ। ਗੋਲ਼ੀ ਚੱਲੀ ਹੈ, ਬੰਦੇ ਮਰੇ ਹਨ, ਪੁਲਸ ਪਿੰਡ ਵਿਚ ਬੈਠੀ ਹੈ, ਕਈ ਵੱਡੇ ਆਦਮੀ ਆਏ ਤੇ ਗਏ ਹਨ, ਇਸ ਤੋਂ ਵੱਧ ਕੋਈ ਕੁਝ ਕਹਿਣ ਨੂੰ ਤਿਆਰ ਨਹੀਂ ਸੀ।

ਮੈਂ ਪਿੰਡ ਦਾ ਰਾਹ ਪੁੱਛਿਆ ਤੇ ਡੰਡੀਏ ਡੰਡੀ ਟੁਰ ਪਿਆ। ਚੇਤਰ ਦਾ ਮਹੀਨਾ ਸੀ। ਡੰਡੀ ਦੇ ਨਾਲ ਨਾਲ ਕਣਕ ਪੱਕਣ ਉੱਤੇ ਆਈ ਹੋਈ ਸੀ। ਸਿੱਟੇ ਹਵਾ ਵਿਚ ਲੇਟਣੀਆਂ ਲੈ ਰਹੇ ਸਨ। ਪੁਲਸ ਦੀ ਕਾਰਵਾਈ ਦਾ ਏਥੇ ਕੋਈ ਅਸਰ ਨਹੀਂ ਸੀ। ਪੱਕਣ 'ਤੇ ਆਈ ਫਸਲ ਦਾ ਇਕ ਆਪਣਾ ਨਖਰਾ, ਇਕ ਆਕੀਪੁਣਾ ਹੁੰਦਾ ਹੈ। ਏਥੇ ਅੱਪੜਨ ਤੀਕ ਉਸ ਨੇ ਕਈ ਗੱਲਾਂ ਉੱਤੇ ਜਿੱਤ ਜਿੱਤੀ ਹੁੰਦੀ ਹੈ। ਇਸ ਤਰ੍ਹਾਂ ਦੀ ਕਣਕ ਦਾ ਸਾਥ ਮੇਰੇ ਲਈ ਚੰਗਾ ਸੀ। ਕਿਧਰੇ ਕਿਧਰੇ ਮੁੰਡੇ ਡੰਗਰ ਚਾਰ ਰਹੇ ਸਨ। ਕੋਈ ਟਾਵਾਂ ਟਾਵਾਂ ਰਾਹੀ ਮੋਟਰ 'ਤੇ ਚੜ੍ਹਨ ਲਈ ਤੁਰਿਆ ਆ ਰਿਹਾ ਸੀ। ਮੇਰੀ ਕਿਸੇ ਨਾਲ ਕੋਈ ਗੱਲ ਨਾ ਹੋਈ।

ਪਿੰਡ ਤੋਂ ਬਾਹਰ ਇਕ ਰੁੱਖ ਹੇਠ ਕੁਝ ਗੱਭਰੂ ਮੁੰਡੇ ਬੈਠੇ ਸਨ। ਉਹਨਾਂ ਦੇ ਨੇੜੇ ਨਾ ਤੇ ਕੋਈ ਡੰਗਰ ਚੁਗਦੇ ਸਨ ਤੇ ਨਾ ਕੋਈ ਖੂਹ ਸੀ। ਜਾਪਦਾ ਪਿਆ ਸੀ ਕਿ ਉਹ ਕੇਵਲ ਖੁਲ੍ਹੀਆਂ ਗੱਲਾਂ ਕਰਨ ਲਈ ਹੀ ਏਥੇ ਬੈਠੇ ਸਨ। ਪਿੰਡ ਵਿਚ ਜਿਵੇਂ ਉਨ੍ਹਾਂ ਦਾ ਸਾਹ ਘੁਟਦਾ ਹੋਵੇ। ਮੈਂ ਵੀ ਉਨ੍ਹਾਂ ਦੇ ਕੋਲ਼ ਚਲਾ ਗਿਆ। ਮੈਨੂੰ ਡਰ ਸੀ ਕਿ ਸ਼ਾਇਦ ਪਿੰਡ ਦੁਆਲ਼ੇ ਪੁਲਸ ਦਾ ਪਹਿਰਾ ਹੋਵੇ ਤੇ ਪਿੰਡ ਦੇ ਵਿਚ ਜਾਣ ਉੱਤੇ ਰੋਕ ਹੋਵੇ। ਉਹਨਾਂ ਮੈਨੂੰ ਦੱਸਿਆ ਕਿ ਅਜਿਹੀ ਕੋਈ ਰੋਕ ਨਹੀਂ ਤੇ ਨਾ ਹੀ ਪਿੰਡ ਦੁਆਲ਼ੇ ਕੋਈ ਪਹਿਰਾ ਹੈ। ਪੁਲਸ ਪਿੰਡੋਂ ਬਾਹਰ ਸਕੂਲ ਵਿਚ ਬੈਠੀ ਹੋਈ ਹੈ ਤੇ ਲੋਕਾਂ ਦੇ ਫਿਰਨ ਤੁਰਨ ਜਾਂ ਆਉਣ ਜਾਣ ਉੱਤੇ ਕੋਈ ਪਾਬੰਦੀ ਨਹੀਂ। ਜਦੋਂ ਮੈਂ ਪੁੱਛਿਆ ਕਿ ਗੱਲ ਕੀ ਹੋਈ ਹੈ ਤਾਂ ਉਨ੍ਹਾਂ ਪਿੰਡ ਵਾਲਿਆਂ ਨੂੰ ਅਸਲੋਂ ਬੇਕਸੂਰ ਦੱਸਿਆ ਤੇ ਪੁਲਸ ਵਾਲਿਆਂ ਨੂੰ ਇਕ-ਵੱਢੋਂ ਕਸੂਰਵਾਰ।

ਓਥੋਂ ਮੈਂ ਅਗਾਂਹ ਪਿੰਡ ਵੱਲ ਨੂੰ ਹੋਇਆ। ਨਿਆਈਂ ਵਿਚ ਇਕ ਮੁੰਡਾ ਸ਼ਟਾਲਾ ਵੱਢ ਰਿਹਾ ਸੀ। ਮੈਂ ਉਸ ਤੋਂ ਪੁੱਛਿਆ, ਏਥੇ ਕੀ ਗੱਲ ਹੋਈ ਹੈ? ਉਸ ਮੇਰੇ ਵੱਲ ਖਿਆਲ ਨਾ ਕੀਤਾ ਤੇ ਆਪਣੇ ਧਿਆਨ, ਸਗੋਂ ਪਹਿਲੇ ਧਿਆਨ ਨਾਲੋਂ ਵੀ ਬਹੁਤੇ ਧਿਆਨ ਨਾਲ, ਪੱਠੇ ਵੱਢੀ ਗਿਆ। ਮੈਂ ਫਿਰ ਤਗੜੇ ਹੋ ਕੇ ਪੁੱਛਿਆ। ਉਸ ਆਖਿਆ ਮੈਨੂੰ ਨਹੀਂ ਪਤਾ। ਮੈਂ ਏਥੇ ਨਹੀਂ ਸਾਂ, ਵਾਂਢੇ ਗਿਆ ਹੋਇਆ ਸਾਂ। ਮੈਂ ਕਿਹਾ ਤੂੰ ਵਾਂਢਿਉਂ ਆ ਕੇ ਕੁਝ ਸੁਣਿਆ ਹੋਵੇਗਾ। ਉਸ ਫਿਰ ਆਖਿਆ, ਮੈਨੂੰ ਕੁਝ ਨਹੀਂ ਪਤਾ। ਉਹ ਕਿਸੇ ਪਾਸੇ ਵੱਲ ਦੀ ਗੱਲ ਕਰਨ ਤੋਂ ਡਰਦਾ ਸੀ। ਮੈਂ ਅਗਾਂਹ ਤੁਰ ਪਿਆ।

ਪਿੰਡ ਦੀ ਗਲ਼ੀ ਸੁੰਝੀ ਸੀ। ਨਾ ਕੋਈ ਅੰਞਾਣਾ ਖੇਡ ਰਿਹਾ ਸੀ ਤੇ ਨਾ ਕੋਈ ਵੱਡਾ ਹੀ ਆ ਜਾ ਰਿਹਾ ਸੀ। ਇਕ ਜ਼ਨਾਨੀ ਜਿਸ ਨੇ ਸਿਰ ਧੋਤਾ ਹੋਇਆ ਸੀ, ਆਪਣੇ ਵਿਹੜੇ ਦੇ ਬੂਹੇ ਤੀਕ ਆਈ ਤੇ ਮੈਨੂੰ ਵੇਖ ਕੇ ਪਿਛਾਂਹ ਮੁੜ ਗਈ। ਮੈਂ ਗਲ਼ੀਏ ਗਲ਼ੀ ਟੁਰਿਆ ਗਿਆ। ਪਿੰਡ ਦੇ ਸਿਰੇ ਉੱਤੇ ਇਕ ਵਲਗਣ ਸੀ। ਇੰਝ ਲਗਦਾ ਸੀ ਜਿਵੇਂ ਇਹ ਕੋਈ ਸਾਂਝੀ ਥਾਂ ਹੋਵੇ। ਮੈਂ ਅੰਦਰ ਲੰਘ ਗਿਆ। ਇਕ ਤਖਤਪੋਸ਼ ਉੱਤੇ ਕੁਝ ਬੰਦੇ ਬੈਠੇ ਹੋਏ ਸਨ। ਸਲਾਮ ਦੁਆ ਪਿੱਛੋਂ ਮੈਂ ਵੀ ਉਨ੍ਹਾਂ ਦੇ ਵਿਚ ਬਹਿ ਗਿਆ।

ਕੋਈ ਗੱਲ ਪੁੱਛਣ ਦੀ ਲੋੜ ਨਹੀਂ ਸੀ। ਇਹੋ ਗੱਲਾਂ ਹੀ ਹੋ ਰਹੀਆਂ ਸਨ। ਉੱਥੇ ਬੈਠਿਆਂ ਪਤਾ ਲੱਗਾ ਕਿ ਓਥੇ ਆਉਣ ਜਾਣ ਵਾਲਿਆਂ ਤੇ ਸਲਾਹ ਮਸ਼ਵਰਾ ਦੇਣ ਵਾਲਿਆਂ ਦੀ ਕੋਈ ਘਾਟ ਨਹੀਂ ਸੀ। ਉਹਨਾਂ ਦੇ ਲੀਡਰਾਂ ਨੇ ਉਨ੍ਹਾਂ ਨੂੰ ਮਸ਼ਵਰਾ ਦਿੱਤਾ ਸੀ ਕਿ ਉਹ ਕੁਰਕੀਆਂ ਹੁੰਦੀਆਂ ਨਾ ਰੋਕਣ ਤੇ ਜਿਸ ਤਰ੍ਹਾਂ ਪੁਲਸ ਕਰਦੀ ਹੈ ਉਸ ਨੂੰ ਕਰਨ ਦੇਣ। ਕੁਝ ਚਿਰ ਪਿੱਛੋਂ ਪ੍ਰਾਹੁਣਿਆਂ ਦੀ ਇਕ ਢਾਣੀ ਹੋ ਆ ਗਈ। ਉਹ ਤਖਤਪੋਸ਼ ਉੱਤੇ ਬੈਠੇ ਬੰਦਿਆਂ ਦੇ ਚੰਗੇ ਵਾਕਿਫ ਲਗਦੇ ਸਨ। ਚਾਹ ਆ ਗਈ ਤੇ ਅਸਾਂ ਸਾਰਿਆਂ ਪੀਤੀ। ਵਲਗਣ ਤੋਂ ਬਾਹਰ ਸਿਪਾਹੀਆਂ ਦੇ ਕਦਮ ਮਿਲ਼ਾ ਕੇ ਚੱਲਣ ਦੀ ਆਵਾਜ਼ ਆਈ। ਮੈਂ ਉਠ ਕੇ ਵੇਖਿਆ - ਦਸ ਬਾਰਾਂ ਸਿਪਾਹੀ ਬੰਦੂਕਾਂ ਚੁੱਕੀ ਪਾਲ਼ਾਂ ਬਣਾ ਕੇ ਮਾਰਚ ਕਰ ਰਹੇ ਸਨ, ਨਾਲ ਇਕ ਥਾਣੇਦਾਰ ਸੀ। ਪਿੰਡ ਵਾਲ਼ਿਆਂ ਨੇ ਦੱਸਿਆ ਕਿ ਹਰ ਦੋ ਤਿੰਨ ਘੰਟਿਆਂ ਪਿੱਛੋਂ ਉਹ ਇਸੇ ਤਰ੍ਹਾਂ ਪਿੰਡ ਦੀਆਂ ਗਲ਼ੀਆਂ ਵਿਚੋਂ ਲੰਘਦੇ ਹਨ।

ਪਿੰਡ ਵਾਲੇ ਬੰਦੇ ਬਾਹਰੋਂ ਆਈ ਢਾਣੀ ਨੂੰ ਦੱਸਣ ਲੱਗੇ -- ਸਾਡੀ ਪੁਲਸ ਦੇ ਮੁਕਾਬਲੇ ਦੀ ਕੋਈ ਨੀਯਤ ਨਹੀਂ ਸੀ। ਲੋਕੀਂ ਇਕ ਦੂਜੇ ਦੀ ਰੀਸੋ ਰੀਸੀ ਪੁਲਸ ਨੂੰ ਵੇਖਣ ਲਈ ਇਕੱਠੇ ਹੋ ਗਏ। ਹਾਂ, ਇਹ ਅਸਾਂ ਪੁਲਸ ਵਾਲ਼ਿਆਂ ਨੂੰ ਜ਼ਰੂਰ ਪਹਿਲਾਂ ਆਖਿਆ ਸੀ ਕਿ ਸਾਡਾ ਪਿੰਡ ਹੋਰਾਂ ਪਿੰਡਾਂ ਵਰਗਾ ਨਹੀਂ। ਏਥੇ ਤੁਸੀਂ ਵਾਧੂ ਘਾਟੂ ਗੱਲ ਨਹੀਂ ਕਰ ਸਕਦੇ। ਉਨ੍ਹਾਂ ਨੇ ਐਵੇਂ ਡਰਿਆਂ ਹੋਇਆਂ ਹੀ ਗੋਲ਼ੀ ਚਲਾ ਦਿੱਤੀ।

ਫਿਰ ਉਹ ਉਨ੍ਹਾਂ ਨੂੰ ਮੌਕਾ ਵਿਖਾਣ ਬਾਹਰ ਲੈ ਗਏ। ਕੰਧਾਂ ਵਿਚ ਤੇ ਖੁਰਲੀਆਂ ਵਿਚ ਲੱਗੀਆਂ ਗੋਲ਼ੀਆਂ ਵਿਖਾਈਆਂ ਗਈਆਂ। ਇਕ ਆਦਮੀ ਖੁਰਲੀ ਉੱਤੇ ਬੱਧੇ ਆਪਣੇ ਢੱਗਿਆਂ ਨੂੰ ਖੋਲ੍ਹਣ ਆਇਆ ਸੀ, ਪਈ ਉਨ੍ਹਾਂ ਨੂੰ ਗੋਲ਼ੀ ਨਾ ਲੱਗ ਜਾਏ। ਉਹ ਆਪ ਮਾਰਿਆ ਗਿਆ। ਇਕ ਮੁੰਡਾ ਆਪਣੇ ਵੇਲਣੇ ਉੱਤੇ ਗੰਨੇ ਲਾ ਰਿਹਾ ਸੀ। ਉਹ ਵੀ ਮਰਿਆ ਸੀ। ਇੱਟਾਂ ਦੇ ਇਕ ਢੇਰ ਉੱਤੇ ਗੋਲ਼ੀ ਲੱਗਣ ਨਾਲ ਇਕ ਇੱਟ ਲ੍ਹਾਮੇ ਹੋਈ ਹੋਈ ਸੀ। ਉਹ ਵੀ ਆਪਣੀ ਅਸਲੀ ਥਾਂ 'ਤੇ ਕਰ ਕੇ ਵਿਖਾਈ ਗਈ। ਬਾਹਰੋਂ ਆਈ ਢਾਣੀ ਸੁਣਦੀ ਰਹੀ ਤੇ "ਉਹੋ ਹੋ..." ਕਰਦੀ ਰਹੀ, ਪਰ ਉਨ੍ਹਾਂ ਨੇ ਰੋਹ ਦਾ ਕੋਈ ਚਿੰਨ੍ਹ ਨਾ ਵਿਖਾਇਆ।

ਸ਼ਾਇਦ ਉਨ੍ਹਾਂ ਦੇ ਆਪਣੇ ਪਿੰਡ ਉੱਤੇ ਵੀ ਪੁਲਸ ਦਾ ਕਾਫੀ ਦਬਾਅ ਹੋਵੇ।

ਦੂਜੇ ਪਾਸੇ ਇਕ ਕਾਰ ਆ ਕੇ ਰੁਕੀ। ਇਸ ਵਿਚੋਂ ਸਰਕਾਰ ਉੱਤੇ ਕਾਬਜ਼ ਧੜੇ ਦਾ ਇਕ ਵਿਰੋਧੀ ਨਿਕਲਿਆ। ਪਿੰਡ ਵਾਲ਼ਿਆਂ ਵਿਚੋਂ ਇਕ ਦੋ ਨੇ ਉਸ ਨੂੰ ਪਛਾਣ ਲਿਆ। ਬਾਕੀਆਂ ਨੂੰ ਉਨ੍ਹਾਂ ਨੇ ਦੱਸ ਦਿੱਤਾ ਕਿ ਇਹ ਕੌਣ ਹੈ। ਉਸ ਲੀਡਰ ਨੇ ਵੀ ਸਾਰਾ ਕੁਝ ਵੇਖਿਆ। ਸਾਰੇ ਪਾਸੇ ਭਉਂ ਕੇ ਤੇ ਉਸ ਦਿਨ ਤੋਂ ਮਗਰੋਂ ਦੇ ਹਾਲਾਤ ਸੁਣ ਕੇ ਉਸ ਨੇ ਕਿਹਾ, " ਜੋ ਕੁਝ ਤੁਸੀਂ ਦੱਸਦੇ ਹੋ ਇਹ ਤੇ ਬਿਲਕੁਲ ਪਾਗ਼ਲ ਹੋਏ ਪੁਲਸੀਏ ਹੀ ਕਰ ਸਕਦੇ ਨੇ। " ਮੈਨੂੰ ਤੇ ਪਿੰਡ ਵਾਲ਼ਿਆਂ ਨੂੰ ਕੋਈ ਸਮਝ ਨਾ ਆਈ ਕਿ ਉਸ ਨੇ ਪਿੰਡ ਵਾਲ਼ਿਆਂ ਦੇ ਬਿਆਨ ਨੂੰ ਝੂਠਾ ਆਖਿਆ ਹੈ ਜਾਂ ਉਸ ਦਾ ਖਿਆਲ ਸੀ ਕਿ ਪੁਲਸ ਵਾਲ਼ਿਆਂ ਨੇ ਸੱਚੀ ਮੁਚੀ ਪਾਗ਼ਲਾਂ ਵਾਲ਼ਾ ਕੰਮ ਕੀਤਾ ਹੈ।

ਫਿਰ ਉਹ ਲੀਡਰ ਕਾਰ ਵਿਚ ਬੈਠ ਕੇ ਚਲਾ ਗਿਆ। ਮੈਨੂੰ ਵੀ ਹੋਰ ਉੱਥੇ ਬੈਠਣ ਦੀ ਲੋੜ ਨਹੀਂ ਜਾਪਦੀ ਸੀ। ਪਿੰਡ ਦੀ ਹਾਲਤ ਮੈਨੂੰ ਕਾਫੀ ਸਮਝ ਆ ਗਈ ਸੀ। ਮੈਂ ਪਿਛਾਂਹ ਦਾ ਰਾਹ ਫੜਿਆ।

ਰਾਹ ਉਹੋ ਪਹਿਲੇ ਵਾਲਾ ਹੀ ਸੀ। ਪਰ ਮੇਰਾ ਦਿਲ ਕੁਝ ਬੈਠਿਆ ਹੋਇਆ ਸੀ। ਦਿਲ ਨੂੰ ਗਰਮਾਈ ਦੇਣ ਵਾਲੀ ਕੋਈ ਗੱਲ ਹੋਈ ਹੀ ਨਹੀਂ ਸੀ। ਪਿੰਡ ਅਸਲੋਂ ਨਿੱਸਲ਼ ਹੋਇਆ ਪਿਆ ਸੀ।

ਜਿਸ ਡੰਡੀ ਮੈਂ ਮੁੜਿਆ ਜਾ ਰਿਹਾ ਸਾਂ ਉਸ ਨੂੰ ਸੱਜੇ ਪਾਸਿਉਂ ਆ ਕੇ ਇਕ ਪਹਿਆ ਕਟਦਾ ਸੀ। ਕੁਝ ਅੱਗੇ ਜਾ ਕੇ ਇਸ ਪਹੇ ਵਿਚ ਇਕ ਮੋਟਰ ਖਲੋਤੀ ਸੀ, ਅੱਗੇ ਪਾਣੀ ਹੋਣ ਕਰਕੇ ਰੁਕੀ ਪਈ ਸੀ। ਮੋਟਰ ਵਿਚੋਂ ਪੁਲਸ ਦੇ ਸਿਪਾਹੀ ਉਤਰ ਕੇ ਤੁਰਦੇ ਹੀ ਕਿਸੇ ਪਿੰਡ ਨੂੰ ਜਾ ਰਹੇ ਸਨ। ਬੰਦੂਕਾਂ ਉਨ੍ਹਾਂ ਦੇ ਹੱਥਾਂ ਵਿਚ ਸਨ। ਪਹੇ ਵਿਚ ਖਾਕੀ ਵਰਦੀਆਂ ਤੇ ਲਾਲ ਪੱਗਾਂ ਦੀ ਇਕ ਲੰਮੀ ਲਾਈਨ ਬਣੀ ਹੋਈ ਸੀ। ਮੈਂ ਕੁਝ ਚਿਰ ਖਲੋਤਾ ਇਸ ਲਾਈਨ ਨੂੰ ਤੁਰਦਿਆਂ ਵੇਖਦਾ ਰਿਹਾ ਤੇ ਫਿਰ ਅੱਗੇ ਟੁਰ ਪਿਆ।

ਦੂਰ ਡੰਡੀਏ ਡੰਡੀ ਇਕ ਜੋੜਾ ਤੁਰਿਆ ਆ ਰਿਹਾ ਸੀ, ਵਹੁਟੀ ਗੱਭਰੂ। ਮੈਂ ਉਨ੍ਹਾਂ ਨੂੰ ਵੇਖ ਰਿਹਾ ਸਾਂ, ਪਰ ਉਨ੍ਹਾਂ ਅਜੇ ਮੈਨੂੰ ਨਹੀਂ ਵੇਖਿਆ ਸੀ, ਜਾਂ ਸ਼ਾਇਦ ਦੇਖ ਕੇ ਅਣਡਿੱਠ ਕਰ ਰਹੇ ਸਨ। ਉਹ ਪਿਆਰ ਕਰਦੇ ਆ ਰਹੇ ਸਨ। ਮਰਦ ਨੇ ਤੀਵੀਂ ਦੇ ਗਲ਼ ਵਿਚ ਬਾਂਹ ਪਾਈ ਹੋਈ ਸੀ, ਜਿਸ ਤਰ੍ਹਾਂ ਕਦੀ ਅਸੀਂ ਛੇੜੂ ਮੁੰਡੇ ਇਕ ਦੂਜੇ ਦੇ ਗਲ਼ ਵਿਚ ਬਾਂਹ ਪਾ ਕੇ ਤੁਰਦੇ ਹੁੰਦੇ ਸਾਂ।

ਜਦੋਂ ਉਹ ਨੇੜੇ ਆ ਗਏ ਤਾਂ ਵਹੁਟੀ ਨੇ ਮੈਨੂੰ ਵੇਖ ਲਿਆ। ਉਸ ਨੇ ਆਪਣੇ ਘਰ ਵਾਲ਼ੇ ਦੀ ਬਾਂਹ ਆਪਣੇ ਗਲ਼ ਵਿਚੋਂ ਲਾਹ ਦਿੱਤੀ। ਘੁੰਡ ਕੱਢ ਕੇ ਉਹ ਥੋੜ੍ਹਾ ਪਿਛਾਂਹ ਹੋ ਕੇ ਤੁਰਨ ਲੱਗੀ। ਪਤਾ ਨਹੀਂ ਕਿਵੇਂ, ਉਨ੍ਹਾਂ ਨੂੰ ਵੇਖ ਕੇ ਮੇਰੇ ਉੱਤੋਂ ਪੁਲਸੀਆਂ ਦਾ ਭੈਅ ਉਤਰ ਗਿਆ।

ਕੁੜੀ ਮੁਕਲਾਵੇ ਆ ਰਹੀ ਲਗਦੀ ਸੀ। ਦੁਪੱਟੇ ਨੂੰ ਗੋਟਾ ਲੱਗਾ ਹੋਇਆ ਸੀ, ਕਮੀਜ਼ ਦੇ ਘੇਰੇ ਤੇ ਸਲਵਾਰ ਦੇ ਪਹੁੰਚਿਆਂ ਉੱਤੇ ਵੀ। ਸ਼ਹਿਰੀ ਜੁੱਤੀ ਦੇ ਹੇਠਾਂ ਜੁਰਾਬਾਂ ਪਾਈਆਂ ਹੋਈਆਂ ਸਨ। ਮੀਟੀਆਂ ਹੋਈਆਂ ਹੱਥਾਂ ਦੀਆਂ ਤਲੀਆਂ ਦੇ ਪਾਸਿਆਂ ਤੋਂ ਮਹਿੰਦੀ ਲੱਗੀ ਦਿਸ ਰਹੀ ਸੀ।

ਕੁਝ ਅਗਾਂਹ ਜਾ ਕੇ ਮੈਂ ਫਿਰ ਪਿਛਾਂਹ ਪਰਤ ਕੇ ਵੇਖਿਆ। ਮੈਨੂੰ ਟਲ਼ ਗਿਆ ਜਾਣ ਕੇ ਉਹ ਫਿਰ ਪਹਿਲਾਂ ਵਾਂਗ ਹੀ ਹੋ ਗਏ ਸਨ। ਕੁੜੀ ਨੇ ਵੀ ਪਿਛਾਂਹ ਮੁੜ ਕੇ ਵੇਖ ਲਿਆ ਕਿ ਮੈਂ ਵੇਖ ਰਿਹਾ ਹਾਂ, ਪਰ ਉਨ੍ਹਾਂ ਅੱਡ ਅੱਡ ਹੋਣ ਦੀ ਕੋਈ ਕੋਸ਼ਿਸ਼ ਨਾ ਕੀਤੀ।

ਉਹ ਦੋਵੇਂ ਉਸ ਪਿੰਡ ਨੂੰ ਜਾ ਰਹੇ ਸਨ ਜਿਸ ਪਿੰਡ ਤੋਂ ਮੈਂ ਆ ਰਿਹਾ ਸਾਂ। ਇਹ ਮੁਕਲਾਵੇ ਆਈ ਵਹੁਟੀ ਹੁਣ ਓਥੇ ਹੀ ਰਹੇਗੀ। ਇਕ ਨਵਾਂ ਘਰ ਵਸੇਗਾ। ਬੱਚੇ ਜੰਮਣਗੇ, ਜਿਹੜੇ ਉਸ ਪਿੰਡ ਦੀ ਨਵੀਂ ਪੀੜ੍ਹੀ ਬਣਨਗੇ। ਮੈਨੂੰ ਹੋਰ ਹੌਸਲਾ ਹੋ ਗਿਆ। ਮਨੁੱਖ ਦੀਆਂ ਬਲਾਈਂ ਮਨੁੱਖ ਦਾ ਆਪਣਾ ਬੱਚਾ ਹੀ ਵੱਡਾ ਹੋ ਕੇ ਕਟਦਾ ਆਇਆ ਹੈ।❑❑

ਮੱਝੀਆਂ,ਪਰੰਪਰਾ ਤੇ ਇਸ਼ਕ : ਨਿਬੰਧ : ਕੁਲਵੰਤ ਸਿੰਘ ਵਿਰਕ

ਸਾਲ 1970 ਦੇ ਅਕਤੂਬਰ ਮਹੀਨੇ ਅਮ੍ਰਿਤਸਰ ਸ਼ਹਿਰ ਦੀ ਸਥਾਪਨਾ ਦੀ ਚੌਥੀ ਸ਼ਤਾਬਦਦੀ ਦੇ ਜਸ਼ਨ ਮਨਾਏ ਗਏ ਸਨ। ਏਸੇ ਸੰਬੰਧ ਵਿਚ ਭਾਰਤ ਸਰਕਾਰ ਦਾ ਉਸ ਵੇਲੇ ਦਾ ਗ੍ਰਹਿ ਮੰਤਰੀ ਚੌਧਰੀ ਚਰਨ ਸਿੰਘ ਵੀ ਅਮ੍ਰਿਤਸਰ ਆਇਆ, ਜਿਸ ਨੇ ਇਕ ਭਾਰੀ ਇਕੱਠ ਨੂੰ ਸੰਬੋਧਨ ਕਰਨਾ ਸੀ। ਇਕੱਠ ਵਿਚ ਜ਼ਿਆਦਾਤਰ ਆਲੇ ਦੁਆਲੇ ਦੇ ਪਿੰਡਾਂ ਤੋਂ ਆਏ ਲੋਕ ਜੁੜੇ ਸਨ। ਮੈਂ ਵੀ ਸਰੋਤਿਆਂ ਦੇ ਇਸ ਹਜੂਮ ਵਿਚ ਸ਼ਾਮਲ ਹੋ ਗਿਆ ਸਾਂ।

ਮੈਂ ਬੈਠਾ ਮਨ ਹੀ ਮਨ ਲੱਖਣ ਲਾ ਰਿਹਾ ਸੀ ਕਿ 'ਕੀ ਪੰਜਾਬ ਦੇ ਜੱਟ ਮੇਰਠ ਤੋਂ ਆਏ ਏਸ 'ਜਾਟ' ਨਾਲ ਆਪਣਾ ਕੋਈ ਨਾਤਾ ਜੋੜ ਸਕਣਗੇ?'

ਲਗਦਾ ਸੀ ਗੱਲ ਬਣਨੀ ਨਹੀਂ। ਉਸਦਾ ਕੱਦ-ਕਾਠ ਪੰਜਾਬੀਆਂ ਨਾਲ ਮੇਲ ਨਹੀਂ ਸੀ ਖਾਂਦਾ। ਉਹ ਮਧਰਾ ਵੀ ਸੀ ਤੇ ਮਾੜਚੂ ਜਿਹਾ ਵੀ। ਅਤੇ ਫੇਰ ਉਹਦੀ ਜ਼ੁਬਾਨ ਵੀ ਓਪਰੀ ਸੀ।

ਆਪਣੇ ਭਾਸ਼ਨ ਦੀਆਂ ਥੋੜ੍ਹੀਆਂ ਮੁੱਢਲੀਆਂ ਰਸਮੀ ਜਿਹੀਆਂ ਗੱਲਾਂ ਪਿੱਛੋਂ ਉਸਨੇ ਆਖਿਆ, 'ਇੰਦਰਾ ਜੀ ਸਮਝਦੇ ਨੇ ਕਿ ਮੈਂ ਉਹਨਾਂ ਨਾਲ ਵੈਰ-ਭਾਵ ਰੱਖਦਾ ਹਾਂ। ਹੁਣ ਦੱਸੋ ਭਲਾ ਮੈਂ ਉਹਨਾਂ ਦਾ ਦੋਖੀ ਕਿਉਂ ਹੋਵਾਂਗਾ, ਉਹਨਾਂ ਨੇ ਕਿਹੜਾ ਮੇਰੀ ਮੱਝ ਚੋਰੀ ਕੀਤੀ ਹੋਈ ਹੈ।' ਆਪਣੀ ਹਿੰਦੀ ਭਾਸ਼ਾ ਵਿਚ ਚੌਧਰੀ ਚਰਨ ਸਿੰਘ ਨੇ ਬੋਲਿਆ ਸੀ, "ਉਨਹੋਂ ਨੇ ਕੌਨ ਸੀ ਮੇਰੀ ਭੈਂਸ ਖੋ ਰੱਖੀ ਹੈ?"

ਚੌਧਰੀ ਸਾਹਿਬ ਦੇ ਏਨਾ ਬੋਲਣ ਨਾਲ ਹਰੇਕ ਹਿਰਦਾ ਛੁਹਿਆ ਗਿਆ ਤੇ ਸਭ ਦੀ ਜ਼ੁਬਾਨ ਉੱਤੇ ਖੁਸ਼ੀ ਤੇ ਪ੍ਰਸ਼ੰਸਾ ਦੇ ਬੋਲ ਉਭਰ ਆਏ। ਪੰਜਾਬ ਦੇ ਪੇਂਡੂ ਭਾਊਆਂ ਨਾਲ ਉਸ ਦੀ ਸੁਰ ਮਿਲ ਗਈ ਸੀ। ਦਿੱਲੀ ਵਿਚ ਆਪਣੀ ਥਾਂ ਉਹ ਵੱਡਾ ਵਜ਼ੀਰ ਹੋਊਗਾ, ਪਰ ਏਥੇ ਉਹ ਉਹਨਾਂ ਵਰਗੀ ਜ਼ੁਬਾਨ ਵਿਚ ਗੱਲ ਕਰ ਰਿਹਾ ਸੀ। ਉੱਤਰੀ ਭਾਰਤ ਦੀ ਪੇਂਡੂ ਰਹਿਤਲ ਵਿਚ ਸਭ ਤੋਂ ਵੱਡਾ ਦੁਸ਼ਮਣ ਉਸਨੂੰ ਮੰਨਿਆ ਜਾਂਦਾ ਸੀ, ਜਿਸਨੇ ਤੁਹਾਡੀ ਮੱਝ ਚੁਰਾ ਕੇ ਆਪਣੇ ਘਰ ਦੀ ਖੁਰਲੀ ਉੱਤੇ ਬੰਨ੍ਹ ਰੱਖੀ ਹੋਵੇ।

ਇਸ ਭਾਵਨਾ ਲਈ ਠੋਸ ਆਰਥਿਕ ਆਧਾਰ ਮੌਜੂਦ ਹੈ। ਭਾਰਤ ਵਿਚ ਗਊਆਂ ਮੱਝਾਂ ਨਾਲੋਂ ਚਾਰ ਗੁਣਾਂ ਜ਼ਿਆਦਾ ਹਨ। ਫਿਰ ਵੀ ਗਿਣਤੀ ਕਿਤੇ ਥੋੜ੍ਹੀ ਹੋਣ ਦੇ ਬਾਵਜੂਦ ਦੇਸ਼ ਵਿਚਲੇ ਦੁੱਧ ਦੇ ਉਤਪਾਦਨ ਵਿਚ ਮੱਝਾਂ ਗਊਆਂ ਨੂੰ ਮਾਤ ਪਾਉਂਦੀਆਂ ਹਨ।

ਦੇਸ਼ ਤੋਂ ਬਾਹਰ ਦੇ ਕਿਸੇ ਗਿਆਨ ਜਾਂ ਤਕਨਾਲੋਜੀ ਦੀ ਸਹਾਇਤਾ ਤੋਂ ਬਿਨਾਂ ਉੱਤਰੀ ਭਾਰਤ ਦੇ ਕਿਸਾਨ ਨੇ ਜੋ ਸਾਂਭ ਸੰਭਾਲ ਮੱਝ ਦੀ ਕੀਤੀ ਹੈ, ਉਸੇ ਕਰਕੇ ਹੀ ਇਕ ਉੱਤਮ ਪਸ਼ੂ ਵਜੋਂ ਇਸਦੀ ਹੁਣ ਵਾਲੀ ਸ਼ਾਨ ਬਣੀ ਹੈ। ਮੱਝ ਦੀ ਖਾਸ ਸਾਂਭ ਸੰਭਾਲ ਦਾ ਇਹ ਵਰਤਾਰਾ ਖਾਸ ਤੌਰ 'ਤੇ ਪੰਜਾਬ ਤੇ ਹਰਿਆਣਾ ਦਾ ਸੱਚ ਹੈ। ਪੰਜਾਬ ਵਿਚ ਦੁੱਧ ਦੀ ਖਪਤ ਸਮੁੱਚੇ ਦੇਸ਼ ਵਿਚਲੀ ਦੁੱਧ ਦੀ ਖਪਤ ਨਾਲੋਂ ਚਾਰ ਗੁਣਾਂ ਜ਼ਿਆਦਾ ਹੈ, ਯਾਨੀ 115 ਮਿਲੀਲਿਟਰ ਦੇ ਟਾਕਰੇ 500 ਮਿਲੀਲਿਟਰ। ਐਪਰ ਏਥੇ ਰੋਜ਼ਾਨਾ ਖਪਤ ਹੁੰਦੇ ਹਰ ਪੰਜ ਲਿਟਰ ਦੁੱਧ ਵਿਚੋਂ ਚਾਰ ਲਿਟਰ ਦੁੱਧ ਮੱਝ ਦਾ ਹੁੰਦਾ ਹੈ। ਅਤੇ ਇਹ ਸਥਿਤੀ ਇਸ ਤੱਥ ਦੇ ਬਾਵਜੂਦ ਹੈ ਕਿ ਵਿਗਿਆਨਕ ਤਕਨਾਲੋਜੀ ਦੀ ਵਰਤੋਂ ਨਾਲ ਯੂਰਪੀ ਤੇ ਅਮਰੀਕਾ ਦੀਆਂ ਦੋਗਲੀ ਨਸਲ ਦੀਆਂ ਗਊਆਂ ਨੂੰ ਵਧਾਉਣ ਦੀ ਸਾਲਾਂ-ਬੱਧੀ ਕੋਸ਼ਿਸ਼ ਹੁੰਦੀ ਰਹੀ ਹੈ। ਇਹ ਤਾਂ ਦੱਸਣ ਦੀ ਸ਼ਾਇਦ ਲੋੜ ਨਹੀਂ ਕਿ ਗਊ ਦੇ ਦੁੱਧ ਨਾਲੋਂ ਮੱਝ ਦੇ ਦੁੱਧ ਵਿਚ ਚਿਕਨਾਈ ਕਿਤੇ ਜ਼ਿਆਦਾ ਹੁੰਦੀ ਹੈ। ਭਾਰਤ ਤੋਂ ਬਿਨਾਂ ਤਿੰਨ ਦੇਸ਼ ਹੋਰ ਹਨ ਜਿਹਨਾਂ ਵਿਚ ਮੱਝ ਦੇ ਦੁੱਧ ਦਾ ਉਤਪਾਦਨ ਗਊ ਦੇ ਦੁੱਧ ਨਾਲੋਂ ਵਧੇਰੇ ਹੁੰਦਾ ਹੈ। ਇਹ ਤਿੰਨ ਦੇਸ਼ ਹਨ ਪਾਕਿਸਤਾਨ, ਯੂ.ਏ.ਆਰ. ਅਤੇ ਥਾਈਲੈਂਡ। ਮੱਝਾਂ ਤਾਂ ਤੁਰਕੀ, ਇਟਲੀ, ਈਰਾਨ, ਇਰਾਕ, ਬੁਲਗਾਰੀਆ, ਨਿਪਾਲ, ਬਰ੍ਹਮਾ ਤੇ ਕਈ ਹੋਰ ਦੇਸ਼ਾਂ ਵਿਚ ਵੀ ਮਿਲਦੀਆਂ ਹਨ। ਐਪਰ, ਪੰਜਾਬ ਤੇ ਹਰਿਆਣੇ ਦੀਆਂ ਮੱਝਾਂ ਸਭ ਤੋਂ ਸ੍ਰੇਸ਼ਟ ਹਨ; ਇਹਨਾਂ ਦਾ ਕੋਈ ਮੁਕਾਬਲਾ ਨਹੀਂ।

ਥੋੜ੍ਹਾ ਹੀ ਸਮਾਂ ਪਹਿਲਾਂ ਤਕ ਪੰਜਾਬ ਵਿਚ ਮੱਝ ਨੂੰ ਇਕ ਲਾਹੇਵੰਦਾ ਦੁਧਾਰੂ ਪਸ਼ੂ ਹੀ ਨਹੀਂ ਸੀ ਸਮਝਿਆ ਜਾਂਦਾ, ਇਸਨੂੰ ਦਿਲਕਸ਼ ਹੁਸੀਨ ਜੀਵ ਵੀ ਗਿਣਿਆ ਜਾਂਦਾ ਸੀ। ਸ਼ੇਰ ਸਿੰਘ ਸ਼ੇਰ, ਜਿਸਨੂੰ ਹੁਣੇ ਜਿਹੇ ਪਦਮ ਸ਼੍ਰੀ ਨਾਲ ਸਨਮਾਨਿਆ ਗਿਆ ਹੈ, ਦੀ ਲੋਕਗੀਤਾਂ ਦੇ ਸੰਗ੍ਰਹਿ ਵਾਲੀ ਪੁਸਤਕ 'ਬਾਰ ਦੇ ਢੋਲੇ' ਵਿਚਲੇ ਗੀਤਾਂ ਵਿਚ ਤਾਂ ਸੱਚਮੁਚ ਹੀ ਮੱਝ 'ਹੁਸੀਨ ਨਾਜੋ' ਵਜੋਂ ਸਾਹਮਣੇ ਆਉਂਦੀ ਹੈ। ਮੱਝ ਨੂੰ ਧਰਤੀ ਦੀ ਨਫੀਸ ਰਚਨਾ, ਜਾਣੋ ਫੁੱਲ ਆਖਿਆ ਗਿਆ ਹੈ। ਰਾਵੀ ਤੋਂ ਪਾਰ ਬਾਰ ਦੇ ਇਲਾਕੇ ਵਿਚਲੇ ਇਹਨਾਂ ਗੀਤਾਂ ਵਿਚ ਮੱਝਾਂ ਦੀ ਚੋਰੀ ਦੀਆਂ ਵਾਰਦਾਤਾਂ, ਚੁਰਾ ਲਈ ਗਈਆਂ ਮੱਝਾਂ ਨੂੰ ਵਾਪਸ ਲਿਆਉਣ ਦੀਆਂ ਕੋਸ਼ਿਸ਼ਾਂ ਅਤੇ ਇਹਨਾਂ ਕੋਸ਼ਿਸ਼ਾਂ ਨੂੰ ਰੋਕਣ ਦੀ ਖਾਤਰ ਸਿਰ-ਧੜ ਦੀਆਂ ਲੜਾਈਆਂ ਤਕ ਦਾ ਜ਼ਿਕਰ ਹੈ। ਮੱਝ ਇਸ ਤਰ੍ਹਾਂ ਸ਼ਿੰਗਾਰੀ ਹੋਈ ਨਜ਼ਰ ਆਉਂਦੀ ਹੈ ਜਿਵੇਂ ਉਹ ਕਿਸੇ ਸ਼ਾਹ ਦੀ ਧੀ ਹੋਵੇ। ਮਦੀਨ ਮੱਝ ਅਤੇ ਉਸਦਾ ਨਰ ਮਹਿਆਂ ਜਾਂ ਸੰਢਾ ਪਸ਼ੂਆਂ ਦੇ ਖੰਧੇ ਵਿਚ 'ਲਾੜੇ ਤੇ ਵਹੁਟੀ ਵਾਂਗੂੰ' ਸੁਹਣੇ ਸਜੇ ਨਿਵੇਕਲੇ ਨਜ਼ਰ ਆਉਂਦੇ ਹਨ।

ਇਹਨਾਂ ਹੀ ਇਲਾਕਿਆਂ ਦੇ ਪਿੰਡਾਂ ਦਾ ਜੰਮਿਆ ਪਲਿਆ ਹੋਣ ਕਰਕੇ ਆਪਣੇ ਲੜਕਪਨ ਵਿਚ ਮੈਂ ਜਦੋਂ ਮੱਝੀਆਂ ਨੂੰ ਛੇੜਕੇ ਬਾਹਰ ਲਿਜਾਂਦਾ ਸਾਂ ਤਾਂ ਰੇਲ ਗੱਡੀ ਫੜਨ ਲਈ ਪਹੇ ਤੋਂ ਦੀ ਲੰਘਦੇ ਪੈਦਲ ਰਾਹੀ ਉਹਨਾਂ ਨੂੰ ਚੰਗੀ ਤਰ੍ਹਾਂ ਨਿਹਾਰਦੇ ਅਤੇ ਜੋ ਸੋਹਣੀ ਦਿਸਦੀ, ਉਸਦੀ ਸਿਫਤ ਕਰਨ ਲਈ ਰੁਕ ਵੀ ਜਾਂਦੇ। ਉਹਨਾਂ ਦੀ ਇਹ ਸਿਫਤ ਸਲਾਹ ਧੁਰ ਅੰਦਰੋਂ ਨਿਕਲਦੀ ਜਦੋਂ ਉਹ ਖੁਸ਼ੀ ਦੇ ਰੌਅ ਵਿਚ ਉੱਚੇ ਬੋਲਾਂ ਰਾਹੀਂ ਖੁਲ੍ਹਕੇ ਆਖਦੇ, 'ਬਈ ਵਾਹ ਕਿੰਨੀ ਪਿਆਰੀ ਚੀਜ਼ ਹੈ।' ਮੈਂ ਅਨੁਮਾਨ ਲਾ ਸਕਦਾ ਹਾਂ ਕਿ ਇਸ ਤਰ੍ਹਾਂ ਦੀ ਗੱਲ ਸੁਣਕੇ ਕੁਝ ਲੋਕ ਹੱਸਣਗੇ ਕਿਉਂਕਿ ਉਹਨਾਂ ਦੀ ਨਜ਼ਰ ਵਿਚ ਮੱਝ ਸ਼ਾਇਦ ਸਭ ਤੋਂ ਬਦਸੂਰਤ ਜਾਨਵਰ ਹੈ। ਰੂਸੀ ਲੇਖਕ ਮੈਕਸਿਮ ਗੋਰਕੀ ਇਸ ਅੜਾਉਣੀ ਦਾ ਹੱਲ ਸੁਝਾਉਂਦਾ ਹੈ। ਉਸਦਾ ਕਹਿਣਾ ਹੈ: "ਆਖਰ ਰੇਗਸਤਾਨ ਵਿਚ ਤਾਂ ਕੋਈ ਖੂਬਸੂਰਤੀ

ਨਹੀਂ, ਇਹ ਖੂਬਸੂਰਤੀ ਤਾਂ ਕਿਸੇ ਅਰਬ ਵਾਸੀ ਦੀ ਆਤਮਾ ਵਿਚ ਹੈ। ਅਤੇ ਫਿਨਲੈਂਡ ਦੀ ਖੂਬਸੂਰਤੀ ਉੱਥੋਂ ਦੇ ਕਠੋਰ ਨਜ਼ਾਰੇ ਵਿਚ ਨਹੀਂ, ਇਹ ਤਾਂ ਫਿਨਲੈਂਡਵਾਸੀ ਨੇ ਈਜਾਦ ਕੀਤੀ ਅਤੇ ਆਪਣੇ ਸਾਦਾ ਜਿਹੇ ਦੇਸ਼ ਉੱਤੇ ਲੱਦ ਦਿੱਤੀ।"

ਸ਼ੇਰ ਸਿੰਘ ਦੀ ਕਿਤਾਬ ਵਿਚ ਇਹੋ ਜਿਹੇ ਗੀਤ ਵੀ ਹਨ ਜਿਹਨਾਂ ਤੋਂ ਮੱਝ ਨਾਲ ਮੋਹ ਤੇ ਨੇੜਤਾ ਇਸ ਹੱਦ ਤਕ ਉਜਾਗਰ ਹੁੰਦੀ ਹੈ ਜਿਵੇਂ ਉਹ ਮਾਂ ਹੋਵੇ।

ਲੜਾਈ ਲੜਨ ਲਈ ਮਜਬੂਰ ਇਕ ਆਦਮੀ ਆਖਦਾ ਹੈ, " ਜੇ ਮੈਂ ਹੁਣ ਲੜਨ ਤੋਂ ਪਿੱਛੇ ਹਟਿਆ ਤਾਂ ਇਹ ਮੱਝ ਦੇ ਉਹਨਾਂ ਥਣਾਂ ਨਾਲ ਦਗਾ ਕਰਨ ਵਰਗੀ ਗੱਲ ਹੋਵੇਗੀ, ਜਿਹਨਾਂ ਤੋਂ ਮੈਂ ਦੁੱਧ ਚੁੰਘਿਆ ਹੈ।

ਕਵੀ ਕਾਲੀਦਾਸ ਗੁੱਜਰਾਂਵਾਲੀਏ ਦੇ ਬਾਲ ਸ਼ਹੀਦ ਹਕੀਕਤ ਰਾਏ ਬਾਰੇ ਲਿਖੇ ਕਿੱਸੇ ਵਿਚ ਮਾਂ ਆਪਣੇ ਪੁੱਤਰ ਨੂੰ ਵਾਸਤਾ ਪਾਉਂਦੀ ਹੈ ਕਿ ਉਹ ਬਾਦਸ਼ਾਹ ਦੀ ਇੱਛਾ ਦ ਉਲੰਘਣ ਨਾ ਕਰੇ ਅਤੇ ਇਉਂ ਆਪਣੀ ਜਾਨ ਬਚਾ ਲਵੇ। ਇਹ ਵਾਸਤਾ ਪਾਉਣ ਸਮੇਂ ਉ ਮੋਹ ਦਾ ਪ੍ਰਗਟਾਵਾ ਕਰਦੀ ਹੋਈ ਆਪਣੇ ਪੁੱਤਰ ਨੂੰ 'ਮੱਝ ਦੇ ਮੱਖਣ ਨਾਲ ਪਲਿਆ ਹੋਇਆ' ਕਹਿ ਕੇ ਸੰਬੋਧਨ ਕਰਦੀ ਹੈ।

ਇਕ ਬਹੁਤ ਹੈਰਾਨਕੁਨ ਤੱਥ ਇਹ ਹੈ ਕਿ ਮੱਝ ਵਿਚ ਮੁੜ੍ਹਕਾ ਲਿਆ ਸਕਣ ਵਾਲੀ ਸ਼ਕਤੀ ਬਹੁਤ ਨਿਗੂਣੀ ਹੈ। ਗਊ ਦੇ ਟਾਕਰੇ ਇਸ ਦੀਆਂ ਮਾਸ ਗ੍ਰੰਥੀਆਂ ਹੈ ਵੀ ਥੋੜ੍ਹੀਆਂ ਅਤੇ ਫਿਰ ਉਹ ਆਕਾਰ ਵਿਚ ਵੀ ਛੋਟੀਆਂ ਹਨ। ਗਰਮੀ ਤੋਂ ਬਚਣ ਲਈ ਇਹ ਜਾਂ ਤਾਂ ਤੈਰਨ ਲਗਦੀ ਹੈ ਅਤੇ ਜਾਂ ਫਿਰ ਪਾਣੀ ਵਿਚ ਟਿਕੇ ਰਹਿਣ ਦੇ ਨਾਲ ਨਾਲ ਚਿੱਕੜ ਵਿਚ ਲਿਟਣ ਲਗਦੀ ਹੈ। ਏਸੇ ਕਰਕੇ ਇਸਨੂੰ ਅੰਗਰੇਜ਼ੀ ਵਿਚ 'ਵਾਟਰ ਬਫੈਲੋ' ਕਿਹਾ ਜਾਂਦਾ ਹੈ। ਐਪਰ ਇਸਦੇ ਬਾਵਜੂਦ ਇਹ ਉਹਨਾਂ ਇਲਾਕਿਆਂ ਵਿਚ ਵਧੇਰੇ ਪ੍ਰਫੁੱਲਤ ਹੋਈ ਜਿੱਥੇ ਪਾਣੀ ਵੰਡੀ ਮਾਤਰਾ ਵਿਚ ਪ੍ਰਾਪਤ ਨਹੀਂ ਸੀ। ਵੈਸੇ ਵੀ ਇਸਦੇ ਪ੍ਰਫੁੱਲਨ ਦਾ ਵਰਤਾਰਾ ਇਤਿਹਾਸ ਦੇ ਕਾਫੀ ਮਗਰਲੇ ਪੜਾਅ ਉੱਤੇ ਹੋਇਆ ਜਾਪਦਾ ਹੈ, ਕਿਉਂਕਿ ਆਰੀਆ ਲੋਕਾਂ ਦੇ ਆਮ ਪਾਲਤੂ ਜਾਨਵਰ ਤਾਂ ਗਊ ਅਤੇ ਘੋੜਾ ਸਨ।

ਇਸ ਵਿਸ਼ੇ ਬਾਰੇ ਬਹੁਤ ਮਹੱਤਵਪੂਰਨ ਪਾਠ-ਪੁਸਤਕ ਦਾ ਦਰਜਾ ਰਖਦੀ ਆਪਣੀ ਅੰਗਰੇਜ਼ੀ ਦੀ ਕਿਤਾਬ Domestic Water Buffalow 'ਡੋਮੈਸਟਿਕ ਵਾਟਰ ਬਫੈਲੋ' ਵਿਚ ਮਿਸਟਰ ਐੱਮ. ਫਾਹਿਮੁਦੀਨ ਲਿਖਦਾ ਹੈ:

"ਸਿੰਧ ਵਾਦੀ ਸਭਿਅਤਾ ਦੇ ਲੋਕਾਂ ਲਈ ਮੱਝ ਕਈ ਤਰ੍ਹਾਂ ਨਾਲ ਕੰਮ ਆਉਂਦੀ ਰਹੀ ਹੈ, ਭੋਜਨ ਲਈ, ਖੇਤੀਬਾੜੀ ਲਈ ਅਤੇ ਜੰਗਾਂ ਯੁੱਧਾਂ ਲਈ। ਗੰਗਾ ਦੇ ਮੈਦਾਨ ਵਿਚ ਲੜਾਈ ਦੌਰਾਨ ਅਤੇ ਇਸ ਧਰਤੀ ਨੂੰ ਫਤਹਿ ਕਰਨ ਸਮੇਂ ਆਰੀਅਨਾਂ ਨੇ ਵੇਖਿਆ ਕਿ ਉਹਨਾਂ ਦੇ ਕਾਲੇ-ਕਲੂਟੇ ਨੀਚ ਦੁਸ਼ਮਣਾਂ ਕੋਲ ਅਜੀਬ ਜਿਹੇ ਕਾਲੇ ਰੰਗ ਦਾ ਇਹ ਚੁਪਾਇਆ ਮੌਜੂਦ ਸੀ। ਪ੍ਰਤੀਤ ਹੁੰਦਾ ਹੈ ਆਰੀਆ ਲੋਕ ਇਸ ਜਾਨਵਰ ਨੂੰ ਬਹੁਤ ਨਫਰਤ ਦੀ ਭਾਵਨਾ ਨਾਲ ਵੇਖਦੇ ਸਨ। ਹਿੰਦੂ ਮਿਥਿਆਸ ਵਿਚ ਮੱਝ ਨੂੰ ਜਿਵੇਂ ਦਾਨਵਾਂ ਅਤੇ ਹੋਰ ਬੁਰਾਈਆਂ ਦੇ ਨਾਲ ਜੋੜਿਆ ਗਿਆ ਹੈ, ਉਸਦੀ ਇਹ ਖਾਸ ਵਜ੍ਹਾ ਹੋ ਸਕਦੀ ਹੈ। ਹਿੰਦੂ ਮਿਥਿਆਸ ਵਿਚ 'ਮਹਿਖਾਸੁਰ' ਇਕ ਅਜਿਹਾ ਦੈਂਤ ਹੈ ਜਿਸ ਦਾ ਦੇਵੀ 'ਦੁਰਗਾ' ਨੇ ਲੜਾਈ ਵਿਚ ਨਾਸ ਕੀਤਾ ਸੀ। ਭਾਰਤ ਅਤੇ ਨਿਪਾਲ ਵਿਚ ਹਰ ਸਾਲ ਧਾਰਮਿਕ ਜਸ਼ਨਾਂ ਦੇ ਰੂਪ ਵਿਚ ਮਨਾਈ ਜਾਂਦੀ 'ਦੁਰਗਾ ਪੂਜਾ' ਦੌਰਾਨ ਦੁਰਗਾ ਮਾਤਾ ਦੀ ਬੇਦੀ ਉੱਤੇ ਵੱਡੀ ਗਿਣਤੀ

ਵਿਚ ਨਰ ਮੱਝ ਯਾਨੀ ਸੰਢੇ ਦੀ ਬਲੀ ਚੜ੍ਹਾਈ ਜਾਂਦੀ ਹੈ"।

ਇਸ ਲਈ ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਕਿ ਮੱਝ ਦਾ ਸਭ ਤੋਂ ਜ਼ਿਆਦਾ ਵਿਕਾਸ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਰਗੇ ਉਹਨਾਂ ਖੇਤਰਾਂ ਵਿਚ ਵਧੇਰੇ ਹੋਇਆ ਹੈ ਜਿੱਥੇ ਬ੍ਰਾਹਮਣੀ ਪ੍ਰਭਾਵ ਬਹੁਤ ਸ਼ਕਤੀਵਰ ਨਹੀਂ ਸੀ। ਬ੍ਰਾਹਮਣ ਲਈ ਮੱਝ ਨਾਲ ਨਾਤਾ ਜੋੜ ਸਕਣਾ ਕਾਫੀ ਮੁਸ਼ਕਲ ਪ੍ਰਤੀਤ ਹੁੰਦਾ ਹੈ। ਕਾਂਗੜੇ ਤੋਂ ਇਕ ਬ੍ਰਾਹਮਣ ਮੁੰਡੂ ਨੂੰ ਰੋਟੀ ਆਦਿ ਪਕਾਉਣ ਵਿਚ ਸਹਾਇਕ ਵਜੋਂ ਅਸੀਂ ਆਪਣੇ ਘਰ ਨੌਕਰ ਰੱਖਿਆ ਸੀ। ਜਦੋਂ ਉਸਨੇ ਸਾਨੂੰ ਮੱਝ ਦੇ ਦੁੱਧ ਦੀਆਂ ਧਾਰਾਂ ਆਪਣੇ ਮੂੰਹ ਵਿਚ ਪਾਉਂਦੇ ਵੇਖਿਆ, ਤਾਂ ਉਹ ਸਾਡੇ ਘਰੋਂ ਹੀ ਭੱਜ ਗਿਆ। ਜਦਕਿ ਸਾਡੇ ਲਈ ਸਵੇਰੇ ਸਵੇਰੇ ਮੱਝ ਦੀਆਂ ਧਾਰਾਂ ਲੈਣਾ ਹੀ ਛਾਹ ਵੇਲਾ ਸੀ।

"ਇਹਨਾਂ ਨੂੰ ਤਾਂ ਮੱਝ ਦੇ ਥਣ ਆਪਣੇ ਮੂੰਹ ਵਿਚ ਪਾਉਂਦਿਆਂ ਵੀ ਸ਼ਰਮ ਨਹੀਂ ਆਉਂਦੀ, ਮੈਂ ਨਹੀਂ ਇਹਨਾਂ ਦੇ ਨਾਲ ਰਹਿ ਸਕਦਾ", ਉਸਦਾ ਕਹਿਣਾ ਸੀ। (ਸਾਇੰਸ ਨੇ ਹੁਣ ਸਾਬਤ ਕਰ ਦਿੱਤਾ ਹੈ ਕਿ ਇਸ ਤਰ੍ਹਾਂ ਦੁੱਧ ਪੀਣਾ ਬਹੁਤ ਅਰੋਗਤਾਦਾਇਕ ਹੈ ਕਿਉਂਕਿ ਇਸ ਤਰ੍ਹਾਂ ਇਸਦੇ ਮਲੀਨ ਹੋਣ ਦੀ ਕੋਈ ਸੰਭਾਵਨਾ ਨਹੀਂ ਹੁੰਦੀ)।

ਇਹ ਗੱਲ ਰਤਾ ਅਜੀਬ ਜਿਹੀ ਜਾਪੇਗੀ ਕਿ ਕਿਸੇ ਇਕ ਥਾਂ ਮੱਝਾਂ ਦਾ ਸਭ ਤੋਂ ਵੱਡਾ ਚੋਣਾ ਇਸਦੇ ਆਪਣੇ ਖੇਤਰ ਵਿਚ ਨਹੀਂ, ਇਸ ਤੋਂ ਬਾਹਰ ਮੌਜੂਦ ਹੈ। ਮੁੰਬਈ ਦੇ ਲਾਗੇ ਆਰੇ ਮਿਲਕ ਕਾਲੋਨੀ ਵਿਚ ਸਭ ਤੋਂ ਜ਼ਿਆਦਾ ਮੱਝਾਂ ਹਨ, ਜਿੱਥੋਂ ਸ਼ਹਿਰ ਨੂੰ ਦੁੱਧ ਸਪਲਾਈ ਹੁੰਦਾ ਹੈ। ਖੈਰ ਇਸ ਤੱਥ ਲਈ ਵੀ ਪੰਜਾਬ ਤੇ ਹਰਿਆਣਾ ਆਪਣੇ ਆਪ ਨੂੰ ਸ਼ਾਬਾਸ਼ੇ ਦੇ ਸਕਦੇ ਹਨ ਕਿ ਉੱਥੇ ਮੌਜੂਦ ਮੁਰਾ ਨਸਲ ਦੀ ਮੱਝ ਦਾ ਮੁੱਢਲਾ ਚੋਣਾ ਇਹਨਾਂ ਪ੍ਰਾਂਤਾਂ ਨੇ ਹੀ ਤਿਆਰ ਕੀਤਾ ਸੀ। ਇਹੀ ਗੱਲ ਹਿਰਨਘਾਟ ਡੇਅਰੀ ਫਾਰਮ ਬਾਰੇ ਸਹੀ ਹੈ, ਜਿੱਥੋਂ ਕਲਕੱਤੇ ਸ਼ਹਿਰ ਨੂੰ ਦੁੱਧ ਸਪਲਾਈ ਹੁੰਦਾ ਹੈ। ਏਸੇ ਤਰ੍ਹਾਂ ਹੀ ਹੋਰਨੀਂ ਥਾਈਂ ਵੱਡੇ ਵੱਡੇ ਡੇਅਰੀ ਫਾਰਮ ਕਾਇਮ ਕੀਤੇ ਜਾ ਰਹੇ ਹਨ। ਫਿਲਪਾਈਨ, ਮਲਾਇਆ, ਲੰਕਾ ਆਦਿ ਦੇਸ਼ਾਂ ਵਿਚ ਵੀ ਮੁਰਾ ਨਸਲ ਦੀਆਂ ਮੱਝਾਂ ਦੇ ਚੋਣੇ ਵਿਕਸਤ ਕੀਤੇ ਜਾ ਰਹੇ ਹਨ। ਪਾਕਿਸਤਾਨ ਵਿਚ ਵੀ ਬਹੁਤ ਸਾਰੇ ਮੱਝਾਂ ਦੇ ਫਾਰਮ ਹਨ ਜਿੱਥੇ ਉਹਨਾਂ ਦੀ ਖਾਸ ਆਪਣੀ 'ਕੁੰਚੀ', 'ਨੀਲੀ' ਤੇ 'ਰਾਵੀ' ਨਸਲ ਦੀਆਂ ਮੱਝਾਂ ਵਿਕਸਤ ਕਰਨ ਦਾ ਉਦਮ ਕੀਤਾ ਜਾ ਰਿਹਾ ਹੈ।

ਮੁਰਾ ਨਸਲ ਸਮੇਤ ਇਹ ਸਾਰੀਆਂ ਨਸਲਾਂ ਦੀਆਂ ਮੱਝਾਂ ਕੋਈ ਖਾਸ ਸ਼ੁੱਧ ਜਾਂ ਨਿਵੇਕਲੀਆਂ ਨਹੀਂ। ਪਾਕਿਸਤਾਨ ਤੋਂ ਉਜੜਕੇ ਆਏ ਲੋਕ. ਜੋ ਆਪਣੀਆਂ ਮੱਝਾਂ ਨੂੰ ਸਰਹੱਦ ਪਾਰ ਕਰਾਉਣ ਵਿਚ ਸਫਲ ਰਹੇ, ਭਾਰਤ ਵਿਚ ਜਿੱਥੇ ਵੀ ਜ਼ਮੀਨ ਅਲਾਟ ਹੋਈ, ਉੱਥੇ ਮੁੜ ਆਬਾਦ ਹੋ ਗਏ ਤੇ ਨਾਲ ਹੀ ਮੱਝਾਂ ਵੀ ਆਪਣੇ ਨਾਲ ਲੈ ਗਏ। ਇਸ ਤਰ੍ਹਾਂ ਹੋਣ ਨਾਲ ਮੱਝਾਂ ਦੀ ਨਸਲ ਵਿਚ ਰਲ਼ਾ-ਮਲ਼ਾ ਹੋ ਗਿਆ ਅਤੇ ਉਹਨਾਂ ਦੇ ਲੱਛਣਾਂ ਵਿਚਲੀ ਭਿੰਨਤਾ ਵੀ ਰਲ਼-ਮਿਲ ਗਈ। ਬਨਾਵਟੀ ਗਰਭਣ ਦੇ ਨਾਲ ਨਾਲ ਰੇਲਗੱਡੀ, ਟਰੱਕਾਂ, ਟ੍ਰੈਕਟਰਾਂ ਟਰਾਲੀਆਂ ਰਾਹੀਂ ਮੱਝਾਂ ਦੀ ਤੇਜ਼-ਰਫਤਾਰ ਢੋਆ-ਢੁਆਈ ਨੇ ਵੀ ਨਸਲਾਂ ਦੀ ਇਸ ਮਿਲਾਵਟ ਵਿਚ ਹਿੱਸਾ ਪਾਇਆ ਹੈ। ਮੂਲ ਰੂਪ ਵਿਚ ਇਹਨਾਂ ਨਸਲਾਂ ਦੀ ਇਕ ਦੂਜੀ ਨਾਲ ਸਮਰੂਪਤਾ ਹੈ ਅਤੇ ਭੂਗੋਲਕ ਤੌਰ 'ਤੇ ਇਹ ਮੁਰਾ ਨਸਲ ਨਾਲ ਹੀ ਮੇਲ ਖਾਂਦੀਆਂ ਹਨ।

ਨਸਲ ਕੋਈ ਵੀ ਹੋਵੇ, ਇਹ ਮੰਨਿਆ ਜਾਂਦਾ ਹੈ ਕਿ ਮੱਝ ਵਿਚ ਬਹੁਤੀ ਅਕਲ ਨਹੀਂ ਹੁੰਦੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਹੋਈ ਖੋਜ ਨੇ ਪਤਾ ਲਾਇਆ ਹੈ ਕਿ ਮੱਝ ਦੇ ਦਿਮਾਗ਼ ਦਾ ਅਗਲਾ ਹਿੱਸਾ ਗਊ ਜਾਂ ਸਾਨ੍ਹ ਦੇ ਦਿਮਾਗ਼ ਦੇ ਇਸ ਹਿੱਸੇ ਨਾਲੋਂ ਬਹੁਤ ਛੋਟਾ ਹੈ। ਇਸਦੇ ਦਿਮਾਗ ਦਾ ਪਿਛਲਾ ਹਿੱਸਾ ਯਾਨੀ ਮਗਜ਼ ਦੇ ਹੇਠਲਾ ਹਿੱਸਾ ਗਊ ਜਾਂ ਸਾਨ੍ਹ ਦੇ ਏਸ ਭਾਗ ਨਾਲੋਂ ਕਿਤੇ ਵੱਡਾ ਹੈ। ਇਸ ਤੋਂ ਸਮਝ ਪੈਂਦੀ ਹੈ ਕਿ ਮੱਝ ਵਿਚ ਆਪਣੀ ਚਾਲ ਵਿਚ ਤਾਲਮੇਲ ਬਿਠਾਉਣ ਜਾਂ ਸੰਤੁਲਨ ਬਣਾ ਸਕਣ ਦੀ ਘਾਟ ਕਿਉਂ ਹੈ। ਹਲਵਾਹਕ ਲਈ ਇਹ ਵੱਡੀ ਮੁਸ਼ਕਲ ਹੁੰਦੀ ਕਿ ਉਹ ਸੰਢੇ ਜੋੜ ਕੇ ਸਿੱਧੇ ਸਿਆੜ ਨਹੀਂ ਖਿੱਚ ਸਕਦਾ, ਕਿਉਂਕਿ ਨਰ ਮੱਝ ਅਥਵਾ ਸੰਢੇ ਦੀ ਚਾਲ ਟੇਢੀ ਮੇਢੀ ਹੁੰਦੀ ਹੈ। ਸੰਢਿਆਂ ਨਾਲ ਹਲ਼ ਜੋੜਨ ਪਿੱਛੋਂ ਜਦੋਂ ਆਪਣੇ ਨਬੇੜੇ ਹੋਏ ਕੰਮ ਉੱਤੇ ਹਲਵਾਹਕ ਝਾਤ ਪਾਉਂਦਾ ਹੈ ਤਾਂ ਉਸਨੂੰ ਬਹੁਤ ਸ਼ਰਮ ਆਉਂਦੀ ਹੈ ਕਿ ਦੇਖਣ ਵਾਲੇ ਉਸ ਦੀ ਯੋਗਤਾ ਬਾਰੇ ਕੀ ਕਹਿਣਗੇ, ਇਸਨੂੰ ਸਿੱਧੇ ਸਿਆੜ ਵੀ ਕੱਢਣੇ ਨਹੀਂ ਆਉਂਦੇ!

ਮੱਝ ਤੁਰਨ ਵਿਚ ਵੀ ਬਹੁਤ ਸੁਸਤ ਹੈ। ਇਕ ਘੰਟੇ ਵਿਚ ਇਹ 3.2 ਕਿਲੋਮੀਟਰ ਦਾ ਫਾਸਲਾ ਹੀ ਤੈਅ ਕਰ ਸਕਦੀ ਹੈ, ਜਦਕਿ ਇਸ ਦੇ ਟਾਕਰੇ ਗਊ ਜਾਂ ਬੌਲਦ 4.8 ਤੋਂ 6.4 ਕਿਲੋਮੀਟਰ ਤਕ ਦੀ ਦੂਰੀ ਤਕ ਜਾ ਸਕਦੇ ਹਨ। ਐਪਰ ਗਾਡੀਵਾਨ ਇਸ ਨੂੰ ਪਸੰਦ ਕਰਦੇ ਹਨ ਕਿਉਂਕ ਬਲ਼ਦਾਂ ਨਾਲੋਂ ਸੰਢੇ ਜ਼ਿਆਦਾ ਭਾਰ ਢੋ ਸਕਦੇ ਹਨ। ਮੱਝ ਨੂੰ ਛੋਹ ਜਾਂ ਦਰਦ ਦਾ ਵੀ ਬਹੁਤਾ ਅਹਿਸਾਸ ਨਹੀਂ ਹੁੰਦਾ। ਏਸੇ ਲਈ ਇਹ ਕੀੜਿਆਂ ਦੇ ਕੱਟਣ ਜਾਂ ਜੋਕਾਂ ਆਦਿ ਦੀ ਬਹੁਤੀ ਪਰਵਾਹ ਨਹੀਂ ਕਰਦੀ। ਇਹ ਵੀ ਸ਼ੰਕਾ ਹੈ ਕਿ ਇਹ ਆਪਣੇ ਮਾਲਕ ਨਾਲ ਕੋਈ ਸਨੇਹ ਭਾਵ ਰੱਖਦੀ ਹੈ ਜਾਂ ਉਸਨੂੰ ਮਾਲਕ ਦੀ ਪਛਾਣ ਵੀ ਹੈ। ਜਦਕਿ ਗਊ ਬਾਰੇ ਅਜਿਹੀ ਗੱਲ ਨਹੀਂ ਆਖੀ ਜਾ ਸਕਦੀ। ਰਾਂਝੇ ਨੂੰ ਹੀਰ ਦੇ ਬਾਪ ਵੱਲੋਂ ਕੰਮ ਤੋਂ ਛੁੱਟੀ ਕਰ ਦਿੱਤੇ ਜਾਣ ਪਿੱਛੋਂ ਮੱਝਾਂ ਦੇ ਕਾਬੂ ਵਿਚ ਨਾ ਰਹਿਣ ਦਾ ਜੋ ਜ਼ਿਕਰ ਵਾਰਿਸ ਸ਼ਾਹ ਦੇ ਹੀਰ ਰਾਂਝੇ ਦੇ ਕਿੱਸੇ ਵਿਚ ਕੀਤਾ ਗਿਆ ਹੈ, ਉਸਨੂੰ ਸ਼ਾਇਰ ਦੀ ਸ਼ਾਇਰਾਨਾ ਖੁਲ੍ਹ ਹੀ ਸਮਝਣਾ ਚਾਹੀਦਾ ਹੈ। ਕੋਈ ਵੀ ਹੰਢਿਆ ਵਰਤਿਆ ਛੇੜੂ ਮੱਝਾਂ ਨੂੰ ਉਸੇ ਨਿਪੁੰਨਤਾ ਨਾਲ ਸਾਂਭ ਸਕਦਾ ਸੀ ਜਿਸ ਤਰ੍ਹਾਂ ਰਾਂਝੇ ਵੱਲੋਂ ਉਹਨਾਂ ਨੂੰ ਸੰਭਾਲਿਆ ਦੱਸਿਆ ਜਾਂਦਾ ਹੈ। ਐਪਰ ਕਿਸੇ ਤਰ੍ਹਾਂ ਦੀ ਪਛਾਣ ਕਰ ਸਕਣ ਦਾ ਇਕੋ ਇਕ ਨਿਸਚਤ ਸੰਕੇਤ ਜੋ ਕੁਝ ਮੱਝਾਂ ਦਿੰਦੀਆਂ ਹਨ, ਉਹ ਇਹ ਹੈ ਕਿ ਧਾਰ ਕੱਢਣ ਦੇ ਇਕ ਨਿਸਚਤ ਢੰਗ ਦੀਆਂ ਉਹ ਆਦੀ ਹੋ ਜਾਂਦੀਆਂ ਹਨ ਅਤੇ ਇੰਝ ਉਹਨਾਂ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਧਾਰ ਕੌਣ ਕੱਢ ਰਿਹਾ ਹੈ। ਨਿਸਚਤ ਆਦਮੀ ਤੋਂ ਬਿਨਾਂ ਉਹ ਕਿਸੇ ਹੋਰ ਨੂੰ ਆਪਣਾ ਦੁੱਧ ਚੋਏ ਜਾਣ ਦੀ ਆਗਿਆ ਨਹੀਂ ਦਿੰਦੀਆਂ। ਏਸੇ ਕਾਰਨ ਅਜਿਹੇ ਵਿਅਕਤੀ ਵਾਂਢੇ ਨਹੀਂ ਜਾ ਸਕਦੇ ਕਿਉਂਕਿ ਮੱਝ ਉਹਨਾਂ ਦੇ ਹੱਥ ਪਈ ਹੋਈ ਹੋਣ ਕਰਕੇ ਸਵੇਰੇ ਸਾਝਰੇ ਉਹਨਾਂ ਦਾ ਘਰ ਹੋਣਾ ਜ਼ਰੂਰੀ ਹੁੰਦਾ ਹੈ।

ਪਰ ਇਹ ਡੰਗਰ ਘੱਟੋ ਘੱਟ ਟਾਈਮ ਜ਼ਰੂਰ ਦੱਸ ਸਕਦਾ ਹੈ। ਦਸ ਮੱਝਾਂ ਦੇ ਚੋਣੇ ਵਿਚ ਜੇ ਤੁਸੀਂ ਨਵ ਜਨਮੇ ਕਟਰੂ ਨੂੰ ਸਵੇਰੇ ਤਿੰਨ ਵਜੇ ਵਾਧੂ ਖੁਰਾਕ ਦੇਣੀ ਸ਼ੁਰੂ ਕਰ ਦਿਉ ਤਾਂ ਤੁਸੀਂ ਵੇਖੋਗੇ ਕਿ ਹਰ ਰੋਜ਼ ਸਵੇਰੇ ਤਿੰਨ ਵਜੇ ਵਾੜੇ ਦੇ ਖਿੜਕ ਕੋਲ ਉਹ ਤੁਹਾਡੀ ਉਡੀਕ ਕਰ ਰਿਹਾ ਹੋਵੇਗਾ। ਏਸੇ ਤਰ੍ਹਾਂ ਜੇ ਮੱਝ ਦੀ ਵੇਲੇ ਸਿਰ ਧਾਰ ਨਾ ਕੱਢੀ ਜਾਵੇ ਤਾਂ ਉਹ ਖੋਰੂ ਪਾਉਣ ਲੱਗੇਗੀ। ਮੱਝਾਂ ਹੇਹੇ ਵਿਚ ਵੀ ਇਸ ਢੰਗ ਨਾਲ ਆਉਂਦੀਆਂ ਹਨ ਕਿ ਕਟਰੂ ਵਰਖਾ ਰੁੱਤ ਵਿਚ ਪੈਦਾ ਹੋਵੇ ਤਾਂ ਜੁ ਉਸਦੇ ਚਰਨ ਲਈ ਹਰੇ ਘਾਹ ਦੀ ਬਹੁਤਾਤ ਹੋਵੇ। ਅੰਗਰੇਜ਼ੀ

ਮੁਹਾਵਰੇ 'born with a silver spoon in the mouth' ਦਾ ਪੰਜਾਬੀ ਰੂਪਾਂਤਰਣ ਹੈ 'ਸਾਵਣ ਦਾ ਜੰਮਿਆ'। ਯਾਨੀ ਬਾਰਸ਼ ਦੇ ਦਿਨਾਂ ਵਿਚ ਜਦੋਂ ਜੀਣਾ ਸੁਖਾਲਾ ਹੁੰਦਾ ਹੈ। ਮੱਝ ਵੱਲੋਂ ਆਪਣੇ ਲਈ ਬਣਾਏ ਏਸ 'ਟਾਈਮ ਟੇਬਲ' ਉੱਤੇ ਵਿਗਿਆਨੀ ਪਰੇਸ਼ਾਨ ਹੁੰਦੇ ਹਨ ਕਿਉਂਕਿ ਮਈ ਜੂਨ ਦੇ ਮਹੀਨੇ ਵਿਚ ਦੁੱਧ ਦੀ ਕਿੱਲਤ ਹੁੰਦੀ ਹੈ। ਗਊਆਂ ਦੇ ਮਾਮਲੇ ਵਿਚ ਜੇ ਇਹ ਸਮੱਸਿਆ ਮੌਜੂਦ ਨਹੀਂ ਤਾਂ ਇਸਦਾ ਕਾਰਨ ਇਹ ਹੈ ਕਿ ਮੱਝ ਦੇ ਟਾਕਰੇ ਉਹ ਬਹੁਤ ਚਿਰ ਪਹਿਲਾਂ ਤੋਂ ਪਾਲਤੂ ਜਾਨਵਰ ਬਣਾਈਆਂ ਜਾ ਚੁੱਕੀਆਂ ਸਨ।

ਆਧੁਨਿਕ ਵਿਗਿਆਨ ਵੱਲੋਂ ਮੱਝ ਦੇ ਮਾਮਲੇ ਵਿਚ ਕੀ ਕੀਤਾ ਜਾ ਰਿਹਾ ਹੈ? ਇਸ ਦਾ ਬਹੁਤਾ ਜ਼ੋਰ ਮੱਝ ਦੀ ਨਸਲ ਸੁਧਾਰਨ ਉੱਤੇ ਹੈ। ਇਸ ਮਾਮਲੇ ਵਿਚ ਵਿਗਿਆਨੀ, ਗਊ ਵਾਂਗ, ਵਿਕਸਤ ਦੇਸ਼ਾਂ ਵਿਚ ਪ੍ਰਾਪਤ ਸੋਧੀ ਹੋਈ ਮੱਝ ਦੀ ਨਸਲ ਦਾ ਸਹਾਰਾ ਨਹੀਂ ਲੈ ਸਕਦੇ। ਕਿਸੇ ਹੋਰ ਦੇਸ਼ ਕੋਲ਼ ਮੱਝ ਦੀ ਬਿਹਤਰ ਨਸਲ ਨਹੀਂ। ਇਸ ਲਈ ਇਹ ਕੰਮ ਕਟਰੂਆਂ ਦੀ ਨਵੀਂ ਪੀੜ੍ਹੀ ਤਿਆਰ ਕਰਨ ਵਾਸਤੇ ਮਾਪਿਆਂ ਦੀ ਚੋਣ ਦੀ ਵਿਧੀ ਨਾਲ ਕੀਤਾ ਜਾ ਰਿਹਾ ਹੈ। ਮੋਟੇ ਜਿਹੇ ਤੌਰ 'ਤੇ ਕੋਈ ਮੱਝ ਉਨਾ ਦੁੱਧ ਦਿੰਦੀ ਹੈ ਜਿੰਨਾ ਉਸਦੀ ਮਾਂ ਅਤੇ ਉਸਦੀ ਦਾਦੀ ਵੱਲੋਂ ਦਿੱਤੇ ਜਾਂਦੇ ਕੁੱਲ ਦੁੱਧ ਦੇ ਅੱਧ ਦੇ ਬਰਾਬਰ ਹੁੰਦਾ ਹੈ। ਪਹਿਲਾਂ ਮੱਝਾਂ ਰੱਖਣ ਵਾਲੇ ਇਸ ਗੱਲ ਦਾ ਤਾਂ ਧਿਆਨ ਰੱਖਦੇ ਸਨ ਕਿ ਕਿਸੇ ਮੱਝ ਦੀ ਮਾਂ ਕਿੰਨਾ ਦੁੱਧ ਦਿੰਦੀ ਸੀ, ਪਰ ਉਹ ਇਸ ਗੱਲ ਬਾਰੇ ਚੇਤੰਨ ਨਹੀਂ ਸਨ ਹੁੰਦੇ ਕਿ ਪਿਤਾ ਦੇ ਰਾਹੀਂ ਉਸਦੀ ਦਾਦੀ ਦੀ ਦੁੱਧ ਦੇਣ ਦੀ ਮਾਤਰਾ ਦਾ ਵੀ ਇਸ ਵਿਚ ਕੋਈ ਦਖਲ ਹੈ। ਉਹ ਸੰਢੇ ਦੀ ਪਛਾਣ ਉਸਦੀ ਸਰੀਰਕ ਬਣਤ ਦੇ ਹਿਸਾਬ ਨਾਲ ਕਰਦੇ ਸਨ; ਕਦੇ ਇਹ ਜਾਨਣ ਦੀ ਕੋਸ਼ਿਸ਼ ਨਹੀਂ ਸਨ ਕਰਦੇ ਕਿ ਉਸ ਸੰਢੇ ਦੀ ਮਾਂ ਕਿੰਨਾ ਦੁੱਧ ਦਿੰਦੀ ਹੁੰਦੀ ਸੀ। ਉਹਨਾਂ ਨੂੰ ਕੋਈ ਅਨੁਮਾਨ ਨਹੀਂ ਸੀ ਹੁੰਦਾ ਕਿ ਸੰਢੇ ਦੀ ਮਾਂ ਦੇ ਦੁੱਧ ਦੇ ਉਤਪਾਦਨ ਦੀ ਮਾਤਰਾ ਦਾ ਉਸ ਸੰਢੇ ਦੀ ਔਲਾਦ ਤੋਂ ਪ੍ਰਾਪਤ ਹੋਣ ਵਾਲੇ ਦੁੱਧ ਦੀ ਮਾਤਰਾ ਨਾਲ ਵੀ ਕੋਈ ਤੁਆਲਕ ਹੋ ਸਕਦਾ ਹੈ। ਗਿਆਨ ਅਤੇ ਸੁਲੱਭਤਾ ਦੇ ਇਸ ਖੱਪੇ ਨੂੰ ਹੁਣ ਹਰਿਆਣਾ ਤੇ ਪੰਜਾਬ ਦੀਆਂ ਖੇਤੀਬਾੜੀ ਦੀਆਂ ਯੂਨੀਵਰਸਿਟੀਆਂ ਵੱਲੋਂ ਪੂਰਨ ਦੀ ਕੋਸ਼ਿਸ਼ ਹੋ ਰਹੀ ਹੈ, ਜਿੱਥੇ ਵੱਧ ਦੁੱਧ ਦੇਣ ਵਾਲੀਆਂ ਨਰੋਈਆਂ ਮੱਝਾਂ ਦੇ ਵੱਡੇ ਚੋਣੇ ਰੱਖੇ ਤੇ ਤਿਆਰ ਕੀਤੇ ਜਾ ਰਹੇ ਹਨ। ਇਹਨਾਂ ਮੱਝਾਂ ਵੱਲੋਂ ਜੰਮੇ ਕੱਟੇ ਸੰਢਿਆਂ ਵਜੋਂ ਵਿਕਸਤ ਕੀਤੇ ਜਾਣਗੇ ਅਤੇ ਅਗਾਂਹ ਉਹਨਾਂ ਦੀ ਔਲਾਦ ਵੱਲੋਂ ਦਿੱਤੇ ਜਾਣ ਵਾਲੇ ਦੁੱਧ ਦੀ ਮਾਤਰਾ ਨੂੰ ਜਾਨਣ ਦੇ ਸੰਬੰਧ ਵਿਚ ਟੈੱਸਟ ਕੀਤੇ ਜਾਣਗੇ। ਪਰੀਖਣ ਤੇ ਪੁਨਰ ਪਰੀਖਣ ਦੀ ਇਸ ਪ੍ਰਕਿਰਿਆ ਅਤੇ ਛਾਂਟੀ ਰਾਹੀਂ ਸਭ ਤੋਂ ਵਧੀਆਂ ਸੰਢਿਆਂ ਦੀ ਨਿਸ਼ਾਨਦਹੀ ਕੀਤੀ ਜਾ ਰਹੀ ਹੈ। ਮੱਝਾਂ ਨੂੰ ਬਨਾਵਟੀ ਢੰਗ ਨਾਲ ਗੱਭਣ ਕਰਨ ਲਈ ਇਹਨਾਂ ਨਰੋਏ ਸੰਢਿਆਂ ਦੇ ਬੀਰਜ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਇੰਝ ਮੱਝਾਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਬਿਹਤਰ ਬਣਾਇਆ ਜਾ ਰਿਹਾ ਹੈ। ਦਿਲਚਸਪ ਤੇ ਚੰਗੀ ਗੱਲ ਇਹ ਹੈ ਕਿ ਗਊਆਂ ਦੇ ਟਾਕਰੇ ਮੱਝਾਂ ਬਨਾਵਟੀ ਤਰਜ਼ ਦੇ ਇਸ ਗਰਭ ਧਾਰਨ ਵਿਚ ਕੋਈ ਸਮੱਸਿਆ ਨਹੀਂ ਖੜ੍ਹੀਆਂ ਕਰ ਰਹੀਆਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਡਾਕਟਰ ਐੱਮ. ਐੱਸ. ਟਿਵਾਣਾ ਅਨੁਸਾਰ ਪਿਤਰਤਾਈ ਤਬਦੀਲ ਕਰਨ ਨਾਲ ਦੁੱਧ ਦੇ ਉਤਪਾਦਨ ਦੀ ਇਹ ਵਧੀ ਹੋਈ ਮਾਤਰਾ ਸਥਾਈ ਹੋਵੇਗੀ, ਕਿਉਂਕਿ ਇਸ ਤਰ੍ਹਾਂ ਲਿਆਂਦੀ ਤਬਦੀਲੀ ਅਗਲੀਆਂ ਪੀੜ੍ਹੀਆਂ ਵਿਚ ਵੀ ਜਾਰੀ ਰਹੇਗੀ।

ਪਰਿਵਾਰ ਵਿਚ ਖੁਸ਼ੀ ਦੇ ਮੌਕਿਆਂ ਉੱਤੇ ਧੀ ਜਾਂ ਭੈਣ ਨੂੰ ਲਵੇਰੀ ਮੱਝ ਦੇਣ ਦਾ ਆਮ ਹੀ ਰਿਵਾਜ ਸੀ। ਇਹ ਬੋਲੀ ਏਸੇ ਰਿਵਾਜ ਦੀ ਗਵਾਹੀ ਦਿੰਦੀ ਹੈ. 'ਬਾਪੂ ਮੱਝੀਆਂ ਦੇ

ਸੰਗਲ ਫੜਾਵੇ, ਵੀਰ ਘਰ ਪੁੱਤ ਜੰਮਿਆ'।

ਪਿੰਡਾਂ ਹੀ ਨਹੀਂ ਸ਼ਹਿਰਾਂ ਵਿਚ ਵੀ ਪੰਜਾਬੀਆਂ ਦੀ ਮੱਝ ਪ੍ਰਤੀ ਚਾਹਤ ਪ੍ਰਤੱਖ ਨਜ਼ਰ ਆਉਂਦੀ ਹੈ। ਕਈ ਸਾਲਾਂ ਦੇ ਵਕਫੇ ਪਿੱਛੋਂ ਅਲੀਗੜ੍ਹ ਦੇ ਇਕ ਮੁਸਲਮਾਨ ਰਈਸ ਦੋਸਤ ਦੀ ਬੇਗ਼ਮ ਮੈਨੂੰ ਮਿਲੀ।

ਉਸ ਨੇ ਬਹੁਤ ਤਪਾਕ ਨਾਲ ਪੁੱਛਿਆ, "ਕਿਵੇਂ ਚੱਲ ਰਿਹਾ ਤੁਹਾਡਾ ਅੱਜ ਕੱਲ"?

"ਬਹੁਤ ਵਧੀਆ, ਸ਼ੁਕਰੀਆ", ਮੈਂ ਜਵਾਬ ਵਿਚ ਕਿਹਾ।

" ਤੁਹਾਡੇ ਕੋਲ਼ ਮੱਝ ਹੈਗੀ"?

"ਨਹੀਂ ", ਮੈਂ ਆਖਿਆ।

"ਤਾਂ ਫੇਰ ਤੁਹਾਡਾ ਹਾਲ ਕੋਈ ਬਹੁਤਾ ਚੰਗਾ ਨਹੀਂ ਹੋ ਸਕਦਾ", ਉਸਦਾ ਕਹਿਣਾ ਸੀ, " ਚੰਗੇ ਗੁਜ਼ਾਰੇ ਵਾਲੇ ਪੰਜਾਬੀ ਕੋਲ਼ ਮੱਝ ਤਾਂ ਜ਼ਰੂਰ ਹੁੰਦੀ ਹੈ"?

ਡਾਕਟਰ ਮਹਿੰਦਰ ਸਿੰਘ ਰੰਧਾਵਾ ਅਤੇ ਦੇਵਿੰਦਰ ਸਤਿਆਰਥੀ ਵੱਲੋਂ ਸਾਹਿਤ ਅਕਾਦਮੀ ਲਈ ਤਿਆਰ ਕੀਤੇ ਗਏ ਲੋਕਗੀਤਾਂ ਦੇ ਸੰਗ੍ਰਹਿ ਵਿਚ ਕੁਝ ਢੋਲੇ ਮੱਝਾਂ ਬਾਰੇ ਵੀ ਹਨ। ਇਹ ਢੋਲੇ ਰਾਵੀ ਪਾਰਲੇ ਕਿਸਾਨਾਂ ਤੇ ਜਾਂਗਲ਼ੀਆਂ ਦੇ ਰਵਾਇਤੀ ਗੀਤ ਹਨ। ਇਹਨਾਂ ਗੀਤਾਂ ਵਿਚ ਮੱਝ ਦੇ ਸੰਬੰਧ ਵਿਚ ਪ੍ਰਗਟ ਹੋਏ ਕੋਮਲ ਭਾਵ ਲਗਪਗ ਉਸੇ ਤਰ੍ਹਾਂ ਦੇ ਹਨ ਜਿਹੋ ਜਿਹੇ ਭਾਵ ਆਮ ਤੌਰ 'ਤੇ ਤੀਵੀਂ ਦੇ ਸੰਬੰਧ ਵਿਚ ਮਹਿਸੂਸ ਕੀਤੇ ਜਾਂਦੇ ਹਨ। ਇਕ ਨਮੂਨਾ ਵੇਖੋ:

ਕੈਲੀਆਂ ਤੇ ਕਾਲ਼ੀਆਂ ਮੱਝੀਂ,
ਅੱਲਾ ਅਰਸ਼ਾਂ ਤੋਂ ਆਂਦੀਆਂ।
ਦਰਿਆ ਪਏ ਸੋਹਣੇ ਲਗਦੇ ਨੇ ਜਿਸ ਵੇਲ਼ੇ
ਚਰ ਚਰ ਕੇ ਪੱਤਣਾਂ 'ਚੋਂ ਬੇਲੇ 'ਤੇ ਲਾਂਹਦੀਆਂ।
ਮਾਰਨ ਟੁੱਭੀਆਂ, ਲੈਣ ਤਾਰੀਆਂ
ਜਿਵੇਂ ਝਾਂਬਾਂ ਨਾਲ ਪੱਕੇ ਦੇ ਖਾਂਹਦੀਆਂ।
ਛੇੜੂਆਂ ਗੋਡੇ ਮਾਰ ਉਠਾਲ਼ੀਆਂ
ਸਾਵਣ ਮਾਂਹ ਖਾੜੀਂ ਜਾਣ ਉਗਲਾਂਦੀਆਂ
ਸਵਾਣੀਆਂ ਨੂੰ ਟੁਕਰ ਨਾ ਰੁੱਚਦਾ,
ਜਿਸ ਵੇਲੇ ਵੇਖਣ ਭੁੱਖੀਆਂ ਤੇ ਮਾਂਦੀਆਂ।
ਖੜੀਆਂ ਤੇ ਮੋਈਆਂ ਸੱਟਾਂ ਉਹ ਝੱਲਦੇ ਨੇ,
ਜਿਨ੍ਹਾਂ ਦੀਆਂ ਪੱਸਲ਼ੀਆਂ ਸਾਰ ਦੀਆਂ।
ਮੱਝੀਂ ਮਾਲ ਵਰਿਆਮਾਂ ਦਾ, ਮਾੜਿਆਂ ਕੋਲ਼ ਨਾ ਰਾਂਹਦੀਆਂ।
ਮੱਝੀਆਂ ਉਡਾਰ ਪਰੀਆਂ ਦਾ, ਨਾਲ ਨਸੀਬਾਂ ਦੇ ਰਾਂਹਦੀਆਂ।

ਮੱਝ ਦੀ ਚੋਰੀ ਨੂੰ ਬਰਦਾਸ਼ਤ ਕਰਨਾ ਬਹੁਤ ਕਠਿਨ ਹੁੰਦਾ ਹੈ। ਮੱਝ ਚੋਰੀ ਹੀ ਨਹੀਂ ਹੋਈ ਹੁੰਦੀ, ਤੁਹਾਨੂੰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਅਮ੍ਰਿਤਸਰ ਵਿਚ ਆਪਣਾ ਭਾਸ਼ਨ ਦੇਣ ਸਮੇਂ ਚੌਧਰੀ ਚਰਨ ਦੇ ਮਨ ਵਿਚ ਸ਼ਾਇਦ ਇਹੋ ਗੱਲ ਸੀ। □□

ਅਨੁਵਾਦ: ਰਘਬੀਰ ਸਿੰਘ

ਓਭੜ ਲੋਕ : ਨਿਬੰਧ : ਕੁਲਵੰਤ ਸਿੰਘ ਵਿਰਕ

ਅੱਜ ਕਲ ਇਹ ਖਿਆਲ ਪਸਰਿਆ ਹੋਇਆ ਹੈ ਕਿ ਮਨੁੱਖ ਇਕੱਲਾ ਰਹਿ ਗਿਆ ਹੈ। ਇਸ ਦੁਨੀਆਂ ਵਿਚ ਉਹ ਓਭੜਾਂ ਵਾਂਗ ਫਿਰ ਰਿਹਾ ਹੈ। ਨਾ ਕੋਈ ਕੰਮ ਅਤੇ ਨਾ ਕੋਈ ਮਨੁੱਖ ਉਸਨੂੰ ਚੰਗੀ ਤਰ੍ਹਾਂ ਟੁੰਬਦਾ ਹੈ ਅਤੇ ਉਸਨੂੰ ਇਹ ਪਤਾ ਨਹੀਂ ਲਗਦਾ ਕਿ ਉਹ ਕੀ ਕਰੇ ਅਤੇ ਕਿੱਧਰ ਜਾਵੇ। ਜੇ ਉਹ ਸੋਚਵਾਨ ਕਿਸਮ ਦਾ ਹੋਵੇ ਤਾਂ ਹੋਰ ਵੀ ਪੂਰੀ ਤਰ੍ਹਾਂ ਕੱਟਿਆ ਜਾਂਦਾ ਹੈ। ਸਾਹਿਤ ਆਕਦਮੀ ਦੇ ਅੰਗਰੇਜ਼ੀ ਪਰਚੇ Indian Literature ਦੇ ਸੱਜਰੇ ਅੰਕ ਵਿਚ ਇਕ ਲੇਖ ਛਪਿਆ ਹੈ ਜਿਸ ਵਿਚ ਮੁਖੀ ਹਿੰਦੀ ਕਹਾਣੀ ਲੇਖਕਾਂ ਦੀ ਅਜਿਹੇ ਆਦਮੀ ਨੂੰ ਸਫਲਤਾ ਨਾਲ ਚਿਤਰਨ ਲਈ ਉਸਤਤ ਕੀਤੀ ਗਈ ਹੈ। ਕਿਹਾ ਜਾਂਦਾ ਹੈ ਕਿ ਸਾਰੇ ਮਨੁੱਖ ਚਾਬੀ ਵਾਲੇ ਬਾਵਿਆਂ ਵਾਂਗ ਫਿਰ ਰਹੇ ਹਨ। ਭਾਵੇਂ ਉਨ੍ਹਾਂ ਦੀ ਬਣਤਰ ਇਕੋ ਜਿਹੀ ਹੈ ਪਰ ਉਨ੍ਹਾਂ ਦੀ ਆਪੋ ਵਿਚ ਕੋਈ ਸਾਂਝ ਨਹੀਂ ਹੈ। ਕਹਿੰਦੇ ਹਨ ਕਿ ਇਹ ਹਾਲਤ ਉਦਯੋਗਕ ਧੰਦਿਆਂ ਦੇ ਵਧਣ ਕਰਕੇ ਅਤੇ ਬਹੁਤੇ ਲੋਕਾਂ ਦੇ ਸ਼ਹਿਰਾਂ ਵਿਚ ਆ ਵਸਣ ਕਰਕੇ ਹੋਈ ਹੈ, ਜਿੱਥੇ ਗਵਾਂਢੀ ਗਵਾਂਢੀ ਦਾ ਨਾਂ ਨਹੀਂ ਜਾਣਦਾ।

ਮੈਨੂੰ ਕਈ ਸਾਲ ਦਿੱਲੀ ਦੇ ਵੱਡੇ ਸ਼ਹਿਰ ਵਿਚ ਰਹਿੰਦਿਆਂ ਹੋ ਗਏ ਹਨ। ਮੈਂ ਆਪ ਉਨ੍ਹਾਂ ਲੋਕਾਂ ਵਿਚੋਂ ਹਾਂ ਜਿਹੜੇ ਗਵਾਂਢੀਆਂ ਦਾ ਨਾਂ ਨਹੀਂ ਜਾਣਦੇ ਅਤੇ ਜਿਨ੍ਹਾਂ ਦਾ ਨਾਂ ਗਵਾਂਢੀ ਬਿਲਕੁਲ ਹੀ ਨਹੀਂ ਜਾਣਦੇ। ਜੇ ਕੋਈ ਮੈਨੂੰ ਮੇਰੇ ਗਵਾਂਢੀ ਦਾ ਪਤਾ ਪੁੱਛੇ ਤਾਂ ਮੈਨੂੰ ਵਖਤ ਪੈ ਜਾਂਦਾ ਹੈ ਅਤੇ ਜੇ ਕੋਈ ਮੇਰੇ ਕਿਸੇ ਗਵਾਂਢੀ ਤੋਂ ਮੇਰਾ ਪਤਾ ਪੁੱਛੇ ਤਾਂ ਉਸਨੂੰ ਵਖਤ ਪੈ ਜਾਂਦਾ ਹੈ। ਪਰ ਮੈਂ ਇਸ ਹਾਲਤ ਤੋਂ ਅਸੰਤੁਸ਼ਟ ਨਹੀਂ। ਸ਼ਹਿਰ ਵਿਚ ਸਾਡਾ ਮਕਾਨ ਕਿਸ ਥਾਂ ਹੈ, ਇਹ ਇਕ ਇਤਫਾਕ ਦੀ ਗੱਲ ਹੈ। ਜਿੱਥੇ ਕਿਧਰੇ ਉਨੇ ਕੁ ਕਰਾਏ ਵਿਚ ਮਕਾਨ ਮਿਲ਼ਿਆ, ਲੈ ਲਿਆ। ਖਰੀਦਿਆ ਹੋਇਆ ਜਾਂ ਬਣਾਇਆ ਹੋਇਆ ਮਕਾਨ ਵੀ ਇਸੇ ਤਰ੍ਹਾਂ ਇਤਫਾਕ ਦੀ ਗੱਲ ਹੈ। ਜਿੱਥੇ ਢੋਅ ਢੁਕ ਗਿਆ। ਇਸ ਵਿਚ ਗਵਾਂਢ ਦਾ ਕੋਈ ਹਿੱਸਾ ਜਾਂ ਹੱਥ ਨਹੀਂ, ਨਾ ਹੀ ਉਸ ਵਿਚ ਪੁੱਛਣਾ ਜ਼ਰੂਰੀ ਹੈ। ਇਸ ਲਈ ਜੇ ਉਨ੍ਹਾਂ ਨਾਲ ਵਾਕਫੀ ਨਹੀਂ ਤਾਂ ਕੋਈ ਫਿਕਰ ਦੀ ਗੱਲ ਨਹੀਂ। ਕੋਈ ਗਵਾਂਢ ਬਹੁਤ ਪਸੰਦ ਵੀ ਆ ਸਕਦਾ ਹੈ। ਉਸ ਨਾਲ ਗੂੜ੍ਹ ਵੀ ਹੋ ਸਕਦਾ ਹੈ। ਕੋਈ ਰੁਕਾਵਟ ਵੀ ਨਹੀਂ।

ਕੀ ਆਂਢ ਗਵਾਂਢ ਵਿਚ ਦੋਸਤੀ ਜਾਂ ਜਾਣ ਪਹਿਚਾਣ ਨਾ ਹੋਣ ਕਰਕੇ ਮਨੁੱਖ ਔਖਾ ਨਹੀਂ ਹੋ ਜਾਂਦਾ? ਮੱਝਾਂ ਗਾਵਾਂ ਵੀ ਆਪਣੀਆਂ ਸਹੇਲੀਆਂ ਦੀ ਸੰਗਤ ਪਸੰਦ ਕਰਦੀਆਂ ਹਨ ਅਤੇ ਨਿੱਖੜ ਕੇ ਦੁਖੀ ਹੁੰਦੀਆਂ ਹਨ, ਅਜੇ ਉਨ੍ਹਾਂ ਲਈ ਆਪੋ ਵਿਚ ਕਹਿਣ ਸੁਣਨ ਲਈ ਕੁਝ ਨਹੀਂ ਹੁੰਦਾ। ਪਰ ਇਹ ਜਾਣ ਪਹਿਚਾਣ ਜਾਂ ਦੋਸਤੀ ਮਨੁੱਖ ਦੇ ਆਪਣੇ ਕਿੱਤੇ ਵਿਚ ਹੋ ਸਕਦੀ ਹੈ। ਪੰਜਾਬੀ ਵਿਚ ਲਿਖਦਾ ਹੋਣ ਕਰਕੇ ਮੇਰੀ ਬਹੁਤ ਸਾਰੇ ਪੰਜਾਬੀ ਲੇਖਕਾਂ ਨਾਲ ਦੋਸਤੀ ਹੈ। ਪਿੱਛੇ ਜਿਹੇ ਮੈਂ ਅਮਰੀਕੀ ਨਾਟਕ A Streetcar Named Desire

ਪੜ੍ਹਿਆ। ਇਕ ਫਾਰਮ ਵਿਚ ਕੰਮ ਕਰਦੇ ਕੁਝ ਆਦਮੀ ਸਾਡੇ ਜੱਟਾਂ ਵਾਂਗ ਇਕੱਲੇ ਸ਼ਰਾਬ ਪੀਂਦੇ ਹਨ, ਤਾਸ਼ ਖੇਡਦੇ ਹਨ, ਆਪਣੀਆਂ ਵਹੁਟੀਆਂ ਨੂੰ ਕੁੱਟਦੇ ਨਾਲੇ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਨ। ਜਦੋਂ ਇਕ ਆਦਮੀ ਨੂੰ ਪਤਾ ਲਗਦਾ ਹੈ ਕਿ ਉਸ ਦੀ ਸਾਲ਼ੀ ਮਾੜੇ ਚਾਲ ਚਲਣ ਦੀ ਹੈ ਤਾਂ ਉਹ ਇਹ ਗੱਲ ਅਗਾਂਹ ਦੱਸ ਕੇ ਉਸਦੀ ਆਪਣੇ ਬੇਲੀ ਨਾਲ ਮੰਗਣੀ ਹੋਣੋਂ ਰੋਕ ਦੇਂਦਾ ਹੈ। ਇਸ ਕੰਮ ਵਿਚ ਉਸਦੀ ਕੋਈ ਜ਼ਿੰਮੇਵਾਰੀ ਨਹੀਂ ਸੀ ਕਿਉਂਕਿ ਉਹ ਆਪ ਤਾਂ ਇਹ ਸਾਕ ਨਹੀਂ ਸੀ ਕਰਵਾ ਰਿਹਾ। ਪਰ ਉਹ ਕਹਿੰਦਾ ਹੈ ਕਿ ਹੁਣ ਜਦੋਂ ਮੈਨੂੰ ਇਸ ਗੱਲ ਦਾ ਪਤਾ ਲੱਗ ਗਿਆ ਹੈ ਤਾਂ ਜੇ ਮੈਂ ਉਸਨੂੰ ਨਾ ਦੱਸਾਂ ਤਾਂ ਮੈਂ ਸਾਰੀ ਉਮਰ ਉਸਦੇ ਸਾਹਮਣੇ ਸੱਚਾ ਨਹੀਂ ਹੋ ਸਕਦਾ। ਆਖਰ ਅਸੀਂ ਦੋਵੇਂ ਇਕੋ ਥਾਂ ਕੰਮ ਕਰਦੇ ਹਾਂ। ਕਿੱਤੇ ਤੋਂ ਬਿਨਾਂ ਖਿਆਲਾਂ ਦੀ ਸਾਂਝ ਵੀ ਇਕ ਤਗੜੀ ਸਾਂਝ ਹੈ। ਭਾਰਤ ਵਿਚ ਅਤੇ ਬਾਹਰ ਵੱਡੀਆਂ ਵੱਡੀਆਂ ਹੜਤਾਲਾਂ ਜਾਂ ਹੜਤਾਲਾਂ ਦੀਆਂ ਗੱਲਾਂ ਹੁੰਦੀਆਂ ਹਨ। ਕਈ ਲੋਕਾਂ ਦਾ ਖਿਆਲ ਹੈ ਕਿ 1956 ਵਿਚ ਜਿਹੜਾ ਪੰਜਾਬੀ ਸੂਬੇ ਲਈ ਸਿੱਖਾਂ ਦਾ ਜਲੂਸ ਨਿਕਲ਼ਿਆ, ਓਡਾ ਜਲੂਸ ਭਾਰਤ ਦੇ ਇਤਿਹਾਸ ਵਿਚ ਪਹਿਲਾਂ ਕਦੀ ਨਹੀਂ ਨਿਕਲ਼ਿਆ ਹੋਣਾ। ਕੀ ਇਹ ਸਾਰੇ ਓਭੜ ਲੋਕਾਂ ਦੇ ਕੰਮ ਹਨ?

ਪਿੰਡਾਂ ਦਾ ਜੀਵਨ ਜਾਂ ਪਹਿਲੇ ਸਮੇਂ ਦਾ ਜੀਵਨ ਮੱਥੇ ਲਗਦੇ ਸਮਾਜ ਦਾ ਜੀਵਨ ਹੈ। ਤੁਸੀਂ ਕਿਸੇ ਕੋਲ਼ੋਂ ਬਿਨਾਂ ਉਸਨੂੰ ਪਹਿਚਾਣੇ ਜਾਂ ਗੱਲ ਕੀਤੇ ਨਹੀਂ ਲੰਘ ਸਕਦੇ। ਕੋਈ ਆਪਣੀ ਚਿੱਠੀ ਪੜ੍ਹ ਰਿਹਾ ਹੈ ਤਾਂ ਵੀ ਤੁਹਾਡਾ ਖਲੋ ਕੇ ਉਹ ਚਿੱਠੀ ਸੁਣਨੀ ਵਾਜਬ ਹੈ। ਸ਼ਹਿਰ ਵਿਚ ਇਹ ਬਹੁਤ ਵੱਡਾ ਐਬ ਸਮਝਿਆ ਜਾਵੇਗਾ। ਪਰ ਇਸਦਾ ਇਹ ਅਰਥ ਨਹੀਂ ਕਿ ਉਹ ਪਹਿਲਾ ਸਮਾਜ ਬਹੁਤ ਪਿਆਰ ਵਾਲਾ ਜਾਂ ਆਮ ਲੋਕਾਂ ਵਿਚ ਬਹੁਤੀ ਦਿਲਚਸਪੀ ਵਾਲਾ ਸਮਾਜ ਸੀ। ਓਥੇ ਵੀ ਕਦੀ ਕਦੀ ਆਪਣੇ ਗਵਾਂਢੀਆਂ ਜਾਂ ਸਕਿਆਂ ਨੂੰ ਵੱਢ ਦੇਣ ਨੂੰ ਜੀਅ ਕਰਦਾ ਹੈ ਅਤੇ ਕਦੀ ਉਨ੍ਹਾਂ ਦੀ ਖਾਤਰ ਵੱਢੇ ਜਾਣ ਨੂੰ। ਇਹ ਦੋਵੇਂ ਜਜ਼ਬੇ ਨਾਲ ਨਾਲ ਹੀ ਪਲ਼ ਰਹੇ ਹੁੰਦੇ ਹਨ। ਇਹ ਖਿਆਲ ਗ਼ਲਤ ਤੌਰ 'ਤੇ ਪ੍ਰਚੱਲਤ ਹੋਇਆ ਹੈ ਕਿ ਉੱਥੇ ਪਿਆਰ ਦੇ ਦਰਿਆ ਭਰ ਭਰ ਕੇ ਕੰਢਿਆਂ ਤੋਂ ਉਛਲ਼ਦੇ ਰਹਿੰਦੇ ਸਨ।

ਪੇਂਡੂ ਲੋਕ ਵੀ ਬਿਨਾਂ ਮਤਲਬ ਤੋਂ ਕਿਧਰੇ ਸੰਬੰਧ ਪੈਦਾ ਨਹੀਂ ਕਰਨਾ ਚਾਹੁੰਦੇ। ਜਿਸ ਚੌਗਿਰਦੇ ਨਾਲ ਉਹਨਾਂ ਦਾ ਸਿੱਧਾ ਵਾਸਤਾ ਨਾ ਹੋਵੇ ਉੱਥੇ ਉਹ ਵੀ ਓਭੜ ਬਣ ਜਾਂਦੇ ਹਨ। ਜਿਵੇਂ ਗੱਡੀ ਜਾਂ ਬੱਸ ਵਿਚ ਬੈਠੇ ਜਾਂ ਓਪਰੇ ਸ਼ਹਿਰ ਵਿਚ ਫਿਰਦੇ। ਕਹਿੰਦੇ ਹਨ 'ਦੋ ਘੜੀ ਵੇਲ਼ਾ ਟਪਾਣਾ ਹੈ, ਕਿਹੜਾ ਬਹਿ ਰਹਿਣਾ ਹੈ। ਝੱਟ ਕੁ ਔਖ ਸੌਖ ਕੱਟ ਲਵੋ। ਕਿਸੇ ਨਾਲ ਕਿਉਂ ਝਗੜਾ ਕਰਨਾ ਹੈ। ਕਿਸੇ ਗੱਲ ਵਿਚ ਕਿਉਂ ਆਉਣਾ ਹੈ'। ਹਰ ਗੱਲ ਵਿਚ ਨੀਵੀਂ ਖਿੱਚਣ ਲਈ ਤਿਆਰ ਹੁੰਦੇ ਹਨ ਪਰ ਕਿਸੇ ਨਾਲ ਮੇਲ਼ ਵਧਾਣ ਨੂੰ ਕਾਹਲ਼ੇ ਨਹੀਂ ਹੁੰਦੇ। ਆਪਣੀ ਜੂਹ ਜਾਂ ਵਾਕਫੀ ਦੇ ਘੇਰੇ ਵਿਚ ਅੱਪੜ ਕੇ ਉਹ ਆਦਮੀ ਹੋਰ ਦਾ ਹੋਰ ਹੋ ਜਾਂਦਾ ਹੈ।

ਦੂਜੇ ਪਾਸੇ ਸ਼ਹਿਰੀ ਵੀ ਦੂਜੇ ਲੋਕਾਂ ਦੇ ਸੁਖ ਤੋਂ ਅਵੇਸਲਾ ਨਹੀਂ ਹੁੰਦਾ। ਜਿਹੜੇ ਲੋਕ ਸ਼ਹਿਰ ਦੇ ਅੰਦਰ ਚੱਲਣ ਵਾਲੀਆਂ ਬੱਸਾਂ ਵਿਚ ਚੜ੍ਹੇ ਹਨ, ਉਹ ਜਾਣਦੇ ਹਨ ਕਿ ਗਰਮੀਆਂ ਵਿਚ ਉਨ੍ਹਾਂ ਵਿਚ ਖਲੋ ਕੇ ਸਫਰ ਕਰਨਾ ਕਿੰਨਾ ਔਖਾ ਹੈ। ਹਵਾ ਨਹੀਂ ਲੱਗਦੀ ਅਤੇ ਭੀੜ ਹੋਣ ਕਰਕੇ ਮੁੜ੍ਹਕੇ ਭਿੱਜੇ ਪਿੰਡੇ ਨਾਲ ਘਸਰਦੇ ਹਨ। ਫਿਰ ਵੀ ਜਦੋਂ ਕਿਧਰੇ ਬੱਸ ਰੁਕਦੀ ਹੈ ਤਾਂ ਇਹ ਮੁੜ੍ਹਕੇ ਭਿੱਜੇ ਖੜ੍ਹੇ ਲੋਕ ਕਹਿੰਦੇ ਹਨ, 'ਨਾਲ ਨਾਲ ਹੋ ਜਾਵੋ, ਦੋ ਚਾਰ ਬੰਦੇ

ਹੋਰ ਚੜ੍ਹ ਆਉਣਗੇ'। ਉੱਤੇ ਖੜ੍ਹਿਆਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਹੇਠਾਂ ਚੜ੍ਹਨ ਵਾਲੇ ਕੌਣ ਹਨ ਅਤੇ ਨਾ ਹੀ ਹੇਠਲਿਆਂ ਨੂੰ ਪਤਾ ਹੁੰਦਾ ਹੈ ਕਿ ਉੱਤੇ ਉਨ੍ਹਾਂ ਲਈ ਥਾਂ ਬਨਾਣ ਵਾਸਤੇ ਕੌਣ ਪਰਚਾਰ ਕਰ ਰਿਹਾ ਹੈ।

ਪੇਂਡੂ ਜੀਵਨ ਵਿਚ ਸਰੀਰਕ ਇਕੱਲ ਦੀ ਘਾਟ ਨਹੀਂ ਸੀ। ਪੁਰਾਣਾ ਜੀਵਨ ਕੇਵਲ ਇਕ ਛਿੰਝਾਂ ਮੇਲਿਆ ਦਾ ਹੀ ਜੀਵਨ ਨਹੀਂ ਸੀ। ਬਹੁਤੇ ਘਰਾਂ ਦਾ ਇਕੋ ਇਕ ਹਲ਼ ਹੁੰਦਾ ਹੈ। ਹਲ਼ਾਂ ਦੇ ਮੌਸਮ (ਹਾੜ੍ਹ, ਸਾਉਣ, ਭਾਦੋਂ, ਅੱਸੂ ਆਦਿ) ਵਿਚ ਹਾਲ਼ੀ ਇਕੱਲਾ ਸਵੇਰੇ ਤਿੰਨ ਚਾਰ ਵਜੇ ਤੋਂ ਲੈ ਕੈ ਗਿਆਰਾਂ ਬਾਰਾਂ ਵਜੇ ਤਕ ਹਲ਼ ਵਾਹੁੰਦਾ ਰਹਿੰਦਾ ਸੀ। ਇਸ ਸਮੇਂ ਵਿਚ ਸਿਵਾਏ ਰੋਟੀ ਲੈ ਕੇ ਆਈ ਵਹੁਟੀ ਜਾਂ ਕਿਸੇ ਹੋਰ ਬੱਚੇ ਤੋਂ, ਉਹ ਕਿਸੇ ਮਨੁੱਖ ਨਾਲ ਕੋਈ ਗੱਲ ਨਹੀਂ ਕਰਦਾ। ਉਸ ਤੋਂ ਪਿੱਛੋਂ ਵੀ ਬਹੁਤਾ ਕੰਮ ਉਸ ਇਕੱਲੇ ਦਾ ਹੀ ਹੈ, ਇਹ ਵੱਖਰੀ ਗੱਲ ਹੈ ਕਿ ਉਸਦਾ ਆਪਣੇ ਕੰਮ ਵਿਚ ਜਾਂ ਆਲ਼ੇ ਦੁਆਲ਼ੇ ਵਿਚ ਜੀਅ ਬਹੁਤ ਲਗਦਾ ਹੋਵੇ। ਜਿਹੜੇ ਲੋਕ ਪਿੰਡ ਦੀ ਆਰਥਿਕਤਾ ਜਾਂ ਰਾਜਨੀਤੀ ਵਿਚ ਬਹੁਤਾ ਹਿੱਸਾ ਨਾ ਪਾ ਸਕਦੇ ਹੋਣ (ਜਿਵੇਂ ਅਣ-ਵਿਆਹੇ, ਜਾ ਰੋਗੀ ਬੰਦੇ ਜਾਂ ਬੁੱਢੇ ਜਿਨ੍ਹਾਂ ਦੇ ਪੁੱਤਰਾਂ ਨੇ ਆਕੀ ਹੋ ਕੇ ਆਪ ਕੰਮ ਸੰਭਾਲ਼ ਲਿਆ ਹੋਵੇ) ਉਹ ਵੀ ਉਸ ਇਕੱਲ ਦੀ ਮਾਰ ਹੇਠ ਆਏ ਹੁੰਦੇ ਸਨ। ਦੂਜੇ ਪਾਸੇ ਕਨਿੰਘਮ ਨੇ ਆਪਣੀ 'ਸਿੱਖਾਂ ਦਾ ਇਤਿਹਾਸ' ਪੁਸਤਕ ਵਿਚ ਇਕ ਸਿੰਘ ਨਾਲ ਮੇਲ ਦਾ ਜ਼ਿਕਰ ਕੀਤਾ ਹੈ ਜਿਹੜਾ ਕਈ ਮਹੀਨਿਆਂ ਤੋਂ ਬਿਲਕੁਲ ਇਕੱਲਾ ਹੀ ਪਹਾੜ ਵਿਚ ਲੋਕਾਂ ਦੇ ਲੰਘਣ ਲਈ ਇਕ ਸੜਕ ਬਣਾ ਰਿਹਾ ਸੀ। ਉਸ ਨੂੰ ਇਕੱਲ ਨਹੀਂ ਸੀ ਲਗਦਾ।

ਜਦੋਂ ਪਾਕਿਸਤਾਨੋਂ ਉਖੜ ਕੇ ਸਾਡੇ ਪਿੰਡਾਂ ਦੇ ਲੋਕ ਅੰਮ੍ਰਿਤਸਰ ਆਏ ਤਾਂ ਮੇਰਾ ਇਹ ਖਿਆਲ ਸੀ ਕਿ ਜਿਹੜਾ ਹੁਣ ਆਪਣੇ ਪਿੰਡ ਜਾਂ ਢਾਣੀ ਨਾਲੋਂ ਨਿੱਖੜ ਗਿਆ ਉਹ ਫਿਰ ਕਦੀ ਵੀ ਉਸਨੂੰ ਲੱਭ ਨਹੀਂ ਸਕੇਗਾ। ਜਿਹੜਾ ਇਕ ਵਾਰ ਕਿਸੇ ਹੋਰ ਜ਼ਿਲ੍ਹੇ ਦੇ ਪਿੰਡ ਵਿਚ ਬੈਠ ਗਿਆ, ਮੈਂ ਸੋਚਦਾ, ਉਸ ਦੀ ਕੋਈ ਉਘ ਸੁੱਘ ਕਿਸ ਤਰ੍ਹਾਂ ਨਿਕਲ ਸਕਦੀ ਹੈ। ਉਸਨੂੰ ਕਿਵੇਂ ਪਤਾ ਲੱਗੇਗਾ ਕਿ ਇਸ ਓਪਰੇ ਦੇਸ ਵਿਚ ਦੂਸਰੇ ਲੋਕ ਕਿੱਥੇ ਬੈਠੇ ਹੋਏ ਹਨ। ਪਰ ਚਾਰ ਪੰਜ ਮਹੀਨੇ ਪਿੱਛੋਂ ਜਦੋਂ ਮੈਂ ਆ ਕੇ ਆਪਣੇ ਪਿੰਡ ਦੇ ਲੋਕਾਂ ਨੂੰ ਮਿਲਿਆ ਤਾਂ ਮੈਂ ਇਹ ਵੇਖਕੇ ਹੈਰਾਨ ਰਹਿ ਗਿਆ ਕਿ ਹਰ ਇਕ ਨੂੰ ਆਪਣੇ ਪਿੰਡ ਦੇ ਲੋਕਾਂ ਦਾ ਤਾਂ ਕੀ, ਹੋਰ ਪਿੰਡਾਂ ਦੇ ਲੋਕਾਂ ਬਾਰੇ ਵੀ ਸਾਰਾ ਪਤਾ ਸੀ ਕਿ ਕਿਹੜਾ ਕਿਸ ਜ਼ਿਲ੍ਹੇ ਦੇ ਕਿਸ ਪਿੰਡ ਵਿਚ ਬੈਠਾ ਹੈ ਅਤੇ ਗੱਡੀ ਦਾ ਕਿਹੜਾ ਸਟੇਸ਼ਨ ਜਾਂ ਬੱਸ ਦਾ ਕਿਹੜਾ ਅੱਡਾ ਓਥੇ ਲਗਦਾ ਹੈ। ਜਿਨ੍ਹਾਂ ਜਾ ਕੇ ਉਹ ਥਾਂ ਨਹੀਂ ਵੇਖੇ ਸਨ, ਉਨ੍ਹਾਂ ਵੀ ਬੜੇ ਧਿਆਨ ਨਾਲ ਉਸ ਬਾਰੇ ਸਾਰਾ ਕੁਝ ਸੁਣ ਕੇ ਗ੍ਰਹਿਣ ਕੀਤਾ ਹੋਇਆ ਸੀ। ਉਨ੍ਹਾਂ ਇਸ ਸਾਰੇ ਨਵੇਂ 'ਮਿਲ਼ੇ' ਇਲਾਕੇ ਨੂੰ ਬੱਚਿਆਂ ਵਰਗੀ ਦਿਲਚਸਪੀ ਨਾਲ ਜਾਣਿਆਂ ਅਤੇ ਘੋਖਿਆ ਸੀ ਅਤੇ ਇਸਦੀ ਕੋਈ ਗੁੱਠ ਉਨ੍ਹਾਂ ਤੋਂ ਛੁਪੀ ਹੋਈ ਨਹੀਂ ਸੀ। ਇਸ ਨਵੇਂ ਪੰਜਾਬ ਅਤੇ ਇਸ ਦੀਆਂ ਰਿਆਸਤਾਂ ਵਿਚ ਉਹ ਓਭੜ ਬਣ ਕੇ ਨਹੀਂ ਰਹਿਣਾ ਚਾਹੁੰਦੇ ਸਨ।

ਅਸਲ ਮਸਲਾ ਦੁਨੀਆਂ ਅਤੇ ਦੁਨੀਆਂ ਦੇ ਲੋਕਾਂ ਵਿਚ ਦਿਲਚਸਪੀ ਲੈਣ ਦਾ ਹੈ। ਜਿਸ ਦੇ ਮਨ ਵਿਚ ਬਹੁਤ ਸਾਰੇ ਖਿਆਲ ਹੋਣ ਅਤੇ ਉਹਨਾਂ ਖਿਆਲਾਂ ਨੂੰ ਜਾਂ ਦੁਨੀਆਂ ਨੂੰ ਮਨ-ਚਾਹਤ ਸ਼ਕਲ ਦੇਣ ਦੀ ਇੱਛਾ ਹੋਵੇ, ਉਹ ਕਦੀ ਵੀ ਓਭੜ ਜਾਂ ਇਕੱਲਾ ਅਨੁਭਵ ਨਹੀਂ ਕਰਦਾ। ਪਹਿਲਾਂ ਪਹਿਲਾਂ ਮੈਂ ਇਹ ਵੇਖਕੇ ਬਹੁਤ ਹੈਰਾਨ ਹੁੰਦਾ ਕਿ ਪ੍ਰਫੈਸਰ ਸੇਖੋਂ ਦੀ ਵੱਖ ਵੱਖ ਦੇਸਾਂ ਦੀ ਰਾਜਨੀਤੀ ਵਿਚ ਦਿਲਚਸਪੀ ਅਤੇ ਜਾਣਕਾਰੀ ਕਿੰਨੀ ਜ਼ਿਆਦਾ ਹੈ। ਫਿਰ

ਮੈਨੂੰ ਖਿਆਲ ਆਇਆ ਕਿ ਇਹ ਉਨ੍ਹਾਂ ਦੀ ਕਮਿਊਨਿਸਟ ਪਾਰਟੀ ਨਾਲ ਸਾਂਝ ਕਰਕੇ ਹੈ। ਇਸ ਦਾ ਅਰਥ ਇਹ ਨਹੀਂ ਕਿ ਕਮਿਊਨਿਸਟ ਪਾਰਟੀ ਨਾਲ ਸਾਂਝ ਬਨਾਣਾ ਦੁਨੀਆਂ ਵਿਚ ਦਿਲਚਸਪੀ ਲੈਣ ਦਾ ਇਕੋ ਇਕ ਸਾਧਨ ਹੈ। ਅੰਗਰੇਜ਼ ਲਿਖਾਰੀ ਹੈਜ਼ਲਿਟ ਨੇ ਲਿਖਿਆ ਹੈ ਕਿ 'ਸਭ ਤੋਂ ਘੱਟ ਇਕੱਲ ਮੈਂ ਉਸ ਵੇਲੇ ਅਨੁਭਵ ਕਰਦਾ ਹਾਂ ਜਦੋਂ ਮੈਂ ਇਕੱਲਾ ਹੋਵਾਂ।' ਉਸ ਵੇਲੇ ਉਸਨੂੰ ਆਪਣੇ ਖਿਆਲਾਂ ਨਾਲ ਜੂਝਣ ਦਾ ਮੌਕਾ ਮਿਲਦਾ ਸੀ।

ਸਾਹਿਤਕਾਰਾਂ ਦੀ ਇਕੱਲਤਾ ਉਨ੍ਹਾਂ ਦੀ ਅੰਦਰਲੀ ਹਉਮੈਂ ਕਰਕੇ ਹੈ। ਉਹ ਸਮਝਦੇ ਹਨ ਕਿ ਉਹ ਵੱਖਰੀ ਤਰ੍ਹਾਂ ਦੇ ਆਦਮੀ ਹਨ ਅਤੇ ਹੋਰ ਕੋਈ ਉਨ੍ਹਾਂ ਨੂੰ ਠੀਕ ਤਰ੍ਹਾਂ ਸਮਝ ਨਹੀਂ ਸਕਦਾ। ਉਨ੍ਹਾਂ ਨਾਲ ਕੋਈ ਗੱਲ ਕਰੇ ਵੀ ਤਾਂ ਲਤੀਫੇਬਾਜ਼ੀ ਦੀ ਪੱਧਰ ਉੱਤੇ ਰਹਿੰਦੀ ਹੈ। ਉਹ ਆਪਣੇ ਦਿਲ ਦੀ, ਆਪਣੇ ਕਿੱਤੇ ਦੀ, ਆਪਣੇ ਘਰ ਦੀ, ਆਪਣੇ ਪਾਲਣ ਪੋਸਣ ਦੀ ਗੱਲ ਘੱਟ ਕਰਦੇ ਹਨ। ਅਗਲੇ ਦਿਨ ਇਕ ਬੰਗਾਲੀ ਮੁੰਡਾ ਮੈਨੂੰ ਮਿਲਣ ਆਇਆ। ਇਕ ਦੋ ਗੱਲਾਂ ਪਿੱਛੋਂ ਮੈਂ ਇਕ ਦਮ ਕਿਹਾ, 'ਤੂੰ ਆਪਣੇ ਘਰ ਦੀਆਂ ਗੱਲਾਂ ਦੱਸ ਮੈਨੂੰ।' ਕਹਿਣ ਸਾਰ ਹੀ ਮੈਨੂੰ ਲੱਗਾ ਕਿ ਇਹ ਬੜੀ ਮੂਰਖਤਾ ਹੋਈ। ਪਰ ਉਸ ਤੋਂ ਪਿੱਛੋਂ ਗੱਲਬਾਤ ਬਹੁਤ ਗੂੜ੍ਹੀ ਹੋ ਗਈ ਅਤੇ ਲਾਹੇਵੰਦ ਵੀ। ਕਈ ਸਾਲ ਪਹਿਲਾਂ ਇਕ ਪੰਜਾਬੀ ਲੇਖਕ, ਜਿਹੜਾ ਅਧਿਆਪਕ ਵੀ ਸੀ, ਮੈਨੂੰ ਮਿਲਿਆ। ਮੈਨੂੰ ਹਿੰਦੀ ਪੰਜਾਬੀ ਵਿਚ ਚੱਲੀ ਨਵੀਂ ਪੜ੍ਹਾਈ ਵਿਚ ਬੜੀ ਦਿਲਚਸਪੀ ਸੀ। ਇਸ ਬਾਰੇ ਮੈਂ ਉਸ ਤੋਂ ਬਹੁਤ ਸਾਰੀਆਂ ਗੱਲਾਂ ਪੁੱਛੀਆਂ। ਅਖੀਰ ਉਹ ਅੱਕ ਗਿਆ ਤੇ ਕਹਿਣ ਲੱਗਾ, 'ਕੋਈ ਸਾਹਿਤ ਬਾਰੇ ਗੱਲ ਕਰ। ਇਹ ਕੀ ਲੈ ਬੈਠਾ ਹੈਂ?' ਸਾਹਿਤ ਬਾਰੇ ਮੈਨੂੰ ਕੋਈ ਗੱਲ ਕਰਨੀ ਨਹੀਂ ਆਉਂਦੀ ਸੀ। ਗੱਲਬਾਤ ਖਤਮ ਹੋ ਗਈ।

ਇਕ ਪਾਸੇ ਤਾਂ ਸਾਹਿਤਕਾਰ ਸਮਾਜ ਨਾਲ ਡਾਂਗੋ ਡਾਂਗੀ ਹੋਣ ਦਾ ਭੇਖ ਕਰ ਰਿਹਾ ਹੈ ਅਤੇ ਦੂਜੇ ਪਾਸੇ ਉਸ ਬਾਰੇ ਕੁਝ ਜਾਨਣਾ ਜਾਂ ਸੁਣਨਾ ਨਹੀਂ ਚਾਹੁੰਦਾ। ਆਪਣੀ ਬਾਹਰਲੀ ਸ਼ਕਲ ਵਿਚ, ਆਦਤਾਂ ਵਿਚ ਅਤੇ ਗੱਲਬਾਤ ਵਿਚ ਉਹ ਆਪਣੇ ਆਪ ਨੂੰ ਸਮਾਜ ਤੋਂ ਵੱਖ ਅਤੇ ਉਸ ਹੱਥੋਂ ਦੁਖਿਆ ਹੋਇਆ ਪ੍ਰਗਟ ਕਰਦਾ ਹੈ। ਪਰ ਜਿੱਥੇ ਹੋਰ ਲੋਕ ਅਤੇ ਜੱਥੇਬੰਦੀਆਂ ਆਪਣੇ ਦੁਸ਼ਮਣ ਬਾਰੇ ਜਾਨਣ ਲਈ ਬੇਸ਼ੁਮਾਰ ਰੁਪਈਆ ਖਰਚ ਕਰਨ ਨੂੰ ਤਿਆਰ ਹਨ, ਉੱਥੇ ਇਹ ਉਸ ਵੱਲ ਅੱਖ ਭਰ ਕੇ ਵੇਖਣਾ ਵੀ ਨਹੀਂ ਚਾਹੁੰਦਾ। ਵਧ ਰਹੀ ਸਾਇੰਸ ਦੀ ਸਹਾਇਤਾ ਨਾਲ ਦਿਨੋਂ ਦਿਨ ਬਦਲਦੇ ਸਮਾਜ ਨੂੰ ਬੁੱਝ ਸਕਣਾ ਸੌਖਾ ਨਹੀਂ। ਪੀਅਰਜ਼ ਇਨਸਾਈਕਲੋਪੀਡੀਆ ਦੀ ਸੱਜਰੀ ਐਡੀਸ਼ਨ ਦੇ ਮੁਖਬੰਦ ਵਿਚ ਲਿਖਿਆ ਹੈ ਕਿ ਇਹ ਕੋਈ ਨਹੀਂ ਦੱਸ ਸਕਦਾ ਕਿ ਪਿਛਲੇ ਪੰਦਰਾਂ ਸਾਲਾਂ ਵਿਚ ਪੱਛਮੀ ਦੇਸ ਐਨੇ ਅਮੀਰ ਕਿਸ ਤਰ੍ਹਾਂ ਹੋ ਗਏ ਹਨ। ਪਰ ਇਸਦਾ ਮਤਲਬ ਇਹ ਹੈ ਕਿ ਅਸੀਂ ਇਸ ਕੰਮ ਵਿਚ ਹੋਰ ਵਧੇਰੀ ਦਿਲਸਪੀ ਲਈਏ ਅਤੇ ਮਿਹਨਤ ਕਰੀਏ ਨਾ ਕਿ ਇਹ ਕਿ ਲੁਕ ਕੇ ਇਸਨੂੰ ਗਾਲ੍ਹਾਂ ਕੱਢਣ ਉੱਤੇ ਹੀ ਸਬਰ ਕਰ ਛੱਡੀਏ ਅਤੇ ਫਿਰ ਇਹ ਸ਼ਿਕਾਇਤ ਕਰੀਏ ਕਿ ਸਾਡਾ ਜੀਅ ਨਹੀਂ ਲਗਦਾ। ❑❑

['ਸਿਰਜਣਾ' ਅਕਤੂਬਰ-ਦਸੰਬਰ 1968]

ਪੰਜਾਬੀ ਨਾਵਲ ਦੀ ਇਕ ਸਦੀ ਤੇ ਮੇਰੇ ਨਾਵਲ: ਪਿਆਰਾ ਸਿੰਘ ਭੋਗਲ

ਮੈਂ ਪਿਛਲੇ 20 ਕੁ ਸਾਲਾਂ ਵਿਚ ਪੰਜ ਨਾਵਲ ਲਿਖੇ ਹਨ। 'ਸ਼ੇਰ ਦੀ ਸਵਾਰੀ' (1995), 'ਸ਼ਹਿਰ' (1998), 'ਸੰਸਾਰ' (2003), 'ਪਰਿਵਾਰ' (2007) ਅਤੇ 'ਰੁਪਏ ਪੈਸੇ' (2014)।

ਪੰਜਾਬੀ ਦਾ ਪਹਿਲਾ ਮੌਲਿਕ ਨਾਵਲ 'ਸੁੰਦਰੀ' ਸਨ 1898 ਈ. ਵਿਚ ਛਪਿਆ ਸੀ। ਇੰਝ ਪੰਜਾਬੀ ਨਾਵਲ ਦੀ ਉਮਰ ਸੌ ਸਾਲ ਤੋਂ ਉੱਪਰ ਹੋ ਚੁੱਕੀ ਹੈ। ਇਨ੍ਹਾਂ ਸਾਲਾਂ ਵਿਚ ਪੰਜਾਬੀ ਨਾਵਲ ਨੇ ਕਾਫੀ ਪ੍ਰੌਢਤਾ ਹਾਸਲ ਕੀਤੀ। ਬਹੁਤ ਸਾਰੇ ਚੰਗੇ ਨਾਵਲ ਲਿਖੇ ਗਏ। ਤਾਂ ਵੀ ਸੌ ਤੋਂ ਵੱਧ ਸਾਲਾਂ ਦਾ ਪੰਜਾਬੀ ਨਾਵਲ ਪ੍ਰਸੰਨ ਨਹੀਂ। ਉਦਾਸ ਹੈ। ਇਹ ਆਪਣੇ ਲੋਕਾਂ ਦੀ ਹੋਣੀ ਤੇ ਚਰਿੱਤਰ ਬਾਰੇ ਸੰਤੁਸ਼ਟ ਨਹੀਂ।

ਪਹਿਲੇ 50 ਸਾਲਾਂ ਦਾ ਪੰਜਾਬੀ ਨਾਵਲ ਇਸ ਨਮੋਸ਼ੀ ਦਾ ਸ਼ਿਕਾਰ ਹੈ ਕਿ ਪੰਜਾਬ ਗ਼ੁਲਾਮ ਹੈ। ਭਾਈ ਵੀਰ ਸਿੰਘ ਦੇ ਨਾਵਲ ਇਸ ਸੋਗ ਵਿਚੋਂ ਪੈਦਾ ਹੋਏ ਕਿ ਸਿੱਖਾਂ ਨੇ ਰਾਜ ਭਾਗ ਹੀ ਨਹੀਂ ਗੁਆ ਲਿਆ, ਉਨ੍ਹਾਂ ਨੇ ਆਪਣਾ ਚਰਿੱਤਰ ਵੀ ਤਿਆਗ ਦਿੱਤਾ ਹੈ। ਭਾਈ ਵੀਰ ਸਿੰਘ ਆਪਣੇ ਚੌਹਾਂ ਨਾਵਲਾਂ ਵਿਚ ਸਿੱਖਾਂ ਦੇ ਚਰਿੱਤਰ ਦਾ ਪੁਨਰ-ਨਿਰਮਾਣ ਕਰਦੇ ਨਜ਼ਰ ਆਉਂਦੇ ਹਨ। ਉਨ੍ਹਾਂ ਦੇ ਨਾਇਕ-ਨਾਇਕਾਵਾਂ ਆਦਰਸ਼ਵਾਦੀ ਸੱਚੇ ਵਿਚ ਢਲੇ ਨਜ਼ਰ ਆਉਂਦੇ ਹਨ। ਨਾਨਕ ਸਿੰਘ ਦੇ ਨਾਵਲ ਇਸ ਫ਼ਿਕਰਮੰਦੀ ਵਿਚੋਂ ਪੈਦਾ ਹੋਏ ਕਿ ਭਾਰਤ ਤਾਂ ਹੀ ਸੁਤੰਤਰ ਹੋ ਸਕਦਾ ਹੈ ਤੇ ਵਿਕਾਸ ਦੇ ਰਾਹ ਤੁਰ ਸਕਦਾ ਹੈ, ਜੇ ਸਾਡੇ ਲੋਕ ਕੁਰਬਾਨੀ ਦੇ ਪੁੰਜ ਤੇ ਸਮਾਜ-ਸੁਧਾਰਕ ਬਣਨਗੇ। ਉਸ ਦੇ ਨਾਇਕ-ਨਾਇਕਾਵਾਂ ਸਮਾਜਕ ਕਲਿਆਣ ਲਈ ਕਸ਼ਟ ਝਲਦੇ ਹਨ। ਜਦੋਂ ਭਾਰਤ ਸੁਤੰਤਰ ਹੋ ਗਿਆ ਤਾਂ ਪੰਜਾਬੀ ਨਾਵਲਕਾਰਾਂ ਨੂੰ ਭਾਰਤ ਦੀ ਗ਼ਰੀਬੀ, ਆਰਥਿਕ ਲੁੱਟ-ਖਸੁੱਟ ਅਤੇ ਸਾਂਸਕ੍ਰਿਤਕ ਪਛੜੇਵੇਂ ਦੀ ਚਿੰਤਾ ਹੋ ਗਈ। ਜਸਵੰਤ ਸਿੰਘ ਕੰਵਲ ਦੇ ਨਾਵਲਾਂ ਦੇ ਨਾਇਕ-ਨਾਇਕਾਵਾਂ ਸ਼ੋਸ਼ਣ, ਨਾਬਰਾਬਰੀ ਤੇ ਅਤਿਆਚਾਰ ਵਿਰੁੱਧ ਸੰਘਰਸ਼ ਕਰਦੇ ਹਨ।

ਇੰਝ ਸਾਡੇ ਪ੍ਰਸਿੱਧ ਤੇ ਸਤਿਕਾਰਯੋਗ ਨਾਵਲਕਾਰਾਂ ਨੂੰ ਆਪਣੇ ਆਲ਼ੇ-ਦੁਆਲ਼ੇ ਵਿਚ ਕੁਝ ਵੀ ਚੰਗਾ ਵਾਪਰਦਾ ਨਜ਼ਰ ਨਹੀਂ ਆਉਂਦਾ। ਇਹ ਆਪਣੇ ਸਮਕਾਲੀ ਸਮਾਜ ਨਾਲ ਇਕਸੁਰ ਨਹੀਂ। 20ਵੀਂ ਸਦੀ ਦਾ ਪੰਜਾਬੀ ਸਮਾਜ ਤੇਜ਼ੀ ਨਾਲ ਬਦਲਿਆ। ਲੱਖਾਂ ਲੋਕ ਬਦਲ ਰਹੇ ਸਮਾਜ ਵਿਚ ਅੱਗੇ ਵਧੇ। ਸ: ਨਾਨਕ ਸਿੰਘ ਆਪ ਬਹੁਤ ਘੱਟ ਵਿੱਦਿਆ ਪ੍ਰਾਪਤ ਕੀਤੀ ਹੋਣ ਦੇ ਬਾਵਜੂਦ ਪੰਜਾਬੀ ਦੇ ਨਾ ਕੇਵਲ ਵੱਡੇ ਨਾਵਲਕਾਰ ਬਣੇ, ਸਗੋਂ ਸਮਾਜ ਦੇ ਸਤਿਕਾਰਯੋਗ ਵਿਅਕਤੀ ਬਣੇ। ਉਨ੍ਹਾਂ ਦਾ ਨਾਂਅ ਪੰਜਾਬੀ ਸਮਾਜ ਵਿਚ ਘਰ-ਘਰ ਪਹੁੰਚਿਆ। ਇਹ ਗੱਲ 1900 ਈ: ਤੋਂ ਪਹਿਲਾਂ ਦੇ ਪੰਜਾਬ ਵਿਚ ਸੰਭਵ ਨਹੀਂ ਸੀ। 20ਵੀਂ ਸਦੀ ਪੰਜਾਬੀ ਪੁਰਖ ਨੂੰ, ਕੁਝ ਹੱਦ ਤਕ ਪੰਜਾਬੀ ਨਾਰੀ ਨੂੰ, ਤਰੱਕੀ ਦੇ ਨਵੇਂ ਮੌਕੇ ਦੇ ਰਹੀ ਸੀ। ਸਿੱਖਿਆ ਫੈਲੀ। ਨਵੇਂ ਕੰਮ ਧੰਦੇ ਪੈਦਾ ਹੋਏ। ਆਵਾਜਾਈ ਦੇ ਸੁਖਾਲ਼ੇ ਸਾਧਨ ਪੈਦਾ ਹੋਣ ਦੇ ਕਾਰਨ, ਲੱਖਾਂ ਪੰਜਾਬੀ, ਪਿੰਡ ਅਤੇ ਕਸਬੇ ਛੱਡ ਕੇ, ਵੱਡੇ ਸ਼ਹਿਰਾਂ ਵਿਚ, ਦੂਜੇ ਸੂਬਿਆਂ ਵਿਚ ਅਤੇ ਪਰਦੇਸਾਂ ਵਿਚ ਗਏ। ਇੰਝ ਲੱਖਾਂ ਉਨ੍ਹਾਂ ਟੱਬਰਾਂ ਨੂੰ ਖੁਸ਼ਹਾਲੀ ਮਿਲੀ, ਜੋ ਸਦੀਆਂ ਤੋਂ ਗ਼ਰੀਬ ਸਨ। ਹੁਣ ਘਾਹੀ ਦੇ ਪੁੱਤਰ ਦਾ ਘਾਹੀ ਬਣੇ ਰਹਿਣਾ ਕੋਈ ਜ਼ਰੂਰੀ

ਨਹੀਂ ਸੀ। ਉਹ ਸਮਾਜਕ ਖੁੱਲ੍ਹਾਂ ਪੈਦਾ ਹੋਈਆਂ, ਜੋ ਪੂਰੇ ਮੱਧਕਾਲ ਵਿਚ ਵਿਵਰਜਤ ਸਨ। ਜ਼ਾਤ-ਪਾਤ ਨਹੀਂ ਟੁੱਟੀ, ਪਰ ਛੂਤ-ਛਾਤ ਅਲੋਪ ਹੋਈ। ਅੰਤਰ-ਜਾਤੀ ਮੇਲ-ਜੋਲ ਵਧਿਆ। ਇਕ ਨਵੀਂ ਨਕੋਰ ਮੱਧ ਸ਼੍ਰੇਣੀ ਪੈਦਾ ਹੋਈ, ਜੋ ਆਪਣੀ ਤਕਦੀਰ ਆਪ ਬਣਾਉਣ ਵਿਚ ਵਿਸ਼ਵਾਸ ਰੱਖਦੀ ਸੀ। 20ਵੀਂ ਸਦੀ ਦਾ ਅਸਲੀ ਨਾਇਕ ਉਹ ਮੱਧ ਵਰਗੀ ਮਨੁੱਖ ਹੈ, ਜੋ ਹੁਣ ਸੰਸਾਰ ਨੂੰ ਦੁੱਖਾਂ ਦਾ ਘਰ ਨਹੀਂ ਮੰਨਦਾ, ਗੁਰਦੁਆਰੇ, ਮੰਦਿਰ, ਮਸੀਤ ਤੇ ਚਰਚ ਜਾਂਦਾ ਹੈ, ਪਰ ਸਭ ਕੁਝ ਰੱਬ ਉੱਤੇ ਨਹੀਂ ਛੱਡਦਾ। ਆਪ ਉੱਦਮ ਕਰਦਾ ਹੈ। ਇਸ ਮੱਧ ਸ਼੍ਰੇਣੀ ਵਿਚ ਭ੍ਰਿਸ਼ਟ, ਸਵਾਰਥੀ ਤੇ ਅੱਯਾਸ਼ ਲੋਕ ਵੀ ਪੈਦਾ ਹੋਏ ਪਰ ਜਿਨ੍ਹਾਂ ਲੋਕਾਂ ਨੇ ਪੰਜਾਬੀ ਸਮਾਜ ਨੂੰ ਮੱਧਕਾਲੀਨ ਬੰਦਸ਼ਾਂ ਵਿਚੋਂ ਕੱਢ ਕੇ, ਨਵੀਂ ਮਨੁੱਖਵਾਦੀ ਸੱਭਿਅਤਾ ਦੀਆਂ ਖੁੱਲ੍ਹਾਂ ਵੱਲ ਤੋਰਿਆ, ਉਹ ਜੀਵਨ ਦੇ ਰਸ ਮਾਨਣਾ ਚਾਹੁੰਦੇ ਸਨ ਪਰ ਅੱਯਾਸ਼ ਤੇ ਲੁਟੇਰੇ ਨਹੀਂ ਸਨ। ਇਨਸਾਨ ਦੋਸਤ ਤੇ ਇਲਮਦਾਨ ਲੋਕ ਸਨ। ਇਨ੍ਹਾਂ ਵਿਚ ਹੀ ਕਈ ਸੁਤੰਤਰਤਾ-ਸੰਗਰਾਮੀਏ, ਸਫਲ ਉਦਯੋਗਪਤੀ ਤੇ ਵਪਾਰੀ, ਲਗਪਗ ਸਾਰੇ ਸਿੱਖਿਆ ਸ਼ਾਸਤਰੀ, ਲਗਪਗ ਸਾਰੇ ਲੇਖਕ ਤੇ ਪੱਤਰਕਾਰ ਪੈਦਾ ਹੋਏ।

ਸਾਡੀ ਸ਼ਿਕਾਇਤ ਹੈ ਕਿ ਪੰਜਾਬੀ ਨਾਵਲਕਾਰਾਂ ਨੇ ਇਸ ਨਵੀਂ ਮੱਧ ਸ਼੍ਰੇਣੀ ਦੇ ਚਰਿੱਤਰ ਨੂੰ ਨਹੀਂ ਪਛਾਣਿਆ, ਹਾਲਾਂਕਿ ਉਹ ਆਪ ਇਸ ਸ਼੍ਰੇਣੀ ਦਾ ਭਾਗ ਸਨ। ਸ: ਨਾਨਕ ਸਿੰਘ ਦੇ ਲਗਪਗ ਸਾਰੇ ਪਾਤਰ ਇਸੇ ਸ਼੍ਰੇਣੀ ਵਿਚੋਂ ਆਏ। ਸ: ਨਾਨਕ ਸਿੰਘ ਸੁਧਾਰਵਾਦ ਦੇ ਜੋਸ਼ ਵਿਚ ਆਪਣੇ ਪਾਤਰਾਂ ਨੂੰ ਜਾਂ ਤਾਂ ਏਨੇ ਨੇਕ ਬਣਾ ਦਿੰਦੇ ਰਹੇ, ਜਿੰਨਾ ਨੇਕ ਕੋਈ ਮਨੁੱਖ ਹੋ ਹੀ ਨਹੀਂ ਸਕਦਾ, ਜਾਂ ਲੋੜ ਤੋਂ ਵੱਧ ਕਠੋਰ ਤੇ ਭ੍ਰਿਸ਼ਟ ਬਣਾ ਦਿੰਦੇ ਰਹੇ। ਸਾਡੇ ਕਈ ਨਾਵਲਕਾਰਾਂ ਦਾ ਵਸਤੂ-ਸੰਸਾਰ ਹੈ ਹੀ ਮੱਧ ਸ਼੍ਰੇਣੀ ਦਾ ਜੀਵਨ, ਜਿਵੇਂ ਸੁਖਬੀਰ, ਨਰਿੰਜਨ ਤਸਨੀਮ, ਸੁਰਜੀਤ ਸਿੰਘ ਸੇਠੀ, ਡਾ. ਅਮਰਜੀਤ ਸਿੰਘ, ਦਰਸ਼ਨ ਸਿੰਘ ਅਤੇ ਐੱਸ. ਸੋਜ਼ ਦੇ ਨਾਵਲਾਂ ਦਾ। ਇਨ੍ਹਾਂ ਦੇ ਕਈ ਨਾਵਲ ਉੱਚ ਪੱਧਰ ਦੇ ਹਨ। ਕਈ ਨਾਵਲਾਂ ਵਿਚ ਇਸ ਸ਼੍ਰੇਣੀ ਦੇ ਜੀਵਨ ਦੇ ਅਤੇ ਪੰਜਾਬੀ ਜਨ-ਜੀਵਨ ਦੇ ਹਲੂਣ ਦੇਣ ਵਾਲੇ ਝਲਕਾਰੇ ਹਨ ਪਰ ਇਹ ਲੇਖਕ ਆਪਣੀ ਸ਼੍ਰੇਣੀ ਬਾਰੇ ਹੀ ਖਿਮਾ-ਯਾਚਕ (apologetic) ਰਹੇ। ਪਰਿਵਰਤਨਸ਼ੀਲ ਪੰਜਾਬੀ ਮੱਧ ਵਰਗ ਦੇ ਦਲੇਰ ਚਿੱਤਰਕਾਰ ਨਹੀਂ ਬਣੇ।

ਇੰਝ ਪਿਛਲੇ ਇਕ ਸੌ ਸਾਲ ਤੋਂ ਵੱਧ ਸਮੇਂ ਦਾ ਪੰਜਾਬੀ ਨਾਵਲ ਉਸ 'ਪੰਜਾਬੀ-ਬੰਦੇ' ਦੇ ਚਰਿੱਤਰ ਤੋਂ ਵਿਰਵਾ ਹੈ, ਜਿਸ ਨੇ ਪੰਜਾਬੀ ਸਮਾਜ ਨੂੰ ਆਧੁਨਿਕ ਬਣਾਉਣ ਦਾ ਉਪਰਾਲਾ ਕੀਤਾ ਹੈ। ਇਹ ਪੰਜਾਬੀ ਬੰਦਾ ਤਰੱਕੀ ਤੇ ਤਬਦੀਲੀ ਲਈ ਉਤਾਵਲਾ ਹੈ। ਇਹ ਗ਼ਰੀਬੀ, ਪਛੜੇਵੇਂ ਤੇ ਅਗਿਆਨਤਾ ਤੋਂ ਛੁਟਕਾਰਾ ਪ੍ਰਾਪਤ ਕਰਨਾ ਚਾਹੁੰਦਾ ਹੈ। ਇਸੇ ਨੇ ਸਕੂਲ ਤੇ ਕਾਲਿਜ ਕਠਿਨ ਹਾਲਾਤ ਵਿਚ ਚਲਾਏ। ਨਵੇਂ ਕੰਮ-ਧੰਦੇ ਸਥਾਪਤ ਕੀਤੇ। ਸੜਕਾਂ, ਪੁਲ, ਜੇਲ੍ਹਾਂ ਤੇ ਹਸਪਤਾਲ ਇਸੇ ਪੰਜਾਬੀ ਬੰਦੇ ਨੇ ਬਣਾਏ। ਇਸੇ ਨੇ ਰਾਜਨੀਤੀ ਵਿਚ ਆ ਕੇ ਕਦੇ-ਕਦੇ ਸੁਹਿਰਦਤਾ ਤੇ ਪ੍ਰਤੀਬੱਧਤਾ ਦਿਖਾਈ। ਬਹੁਤੇ ਨਾਗਰਿਕ ਅਧਿਕਾਰੀ ਇਸੇ ਪੰਜਾਬੀ ਬੰਦੇ ਦੀ ਪ੍ਰਤੀਨਿਧਤਾ ਕਰਦੇ ਹਨ। ਪੰਜਾਬੀ ਲੇਖਕ ਇਨ੍ਹਾਂ ਨੂੰ ਨੇੜਿਓਂ ਦੇਖਦੇ ਰਹੇ, ਪਰ ਇਨ੍ਹਾਂ ਦੇ ਉੱਦਮੀ ਚਰਿੱਤਰ ਪੇਸ਼ ਕਰਨ ਵਿਚ ਅਸਫਲ ਰਹੇ ਹਨ।

ਅਸਲ ਵਿਚ ਪੰਜਾਬੀ ਨਾਵਲਕਾਰ ਆਦਰਸ਼ਾਂ ਅਤੇ ਸਿਧਾਂਤਾਂ ਤੋਂ ਏਨੇ ਪ੍ਰੇਰਤ ਰਹੇ ਕਿ ਉਹ ਆਪਣੇ ਆਲ਼ੇ-ਦੁਆਲ਼ੇ, ਤੇ ਖ਼ੁਦ ਆਪਣੇ ਜੀਵਨ ਵਿਚ, ਵਾਪਰ ਰਹੇ ਹਾਂ-ਪੱਖੀ ਵਰਤਾਰੇ ਨੂੰ ਵਾਸਤਵਕ ਰੂਪ ਵਿਚ ਨਾ ਸਮਝ ਸਕੇ ਤੇ ਨਾ ਆਪਣੇ ਨਾਵਲਾਂ ਵਿਚ ਪੇਸ਼ ਕਰ

ਸਕੇ। ਰਾਲਫ ਫਾਕਸ ਨੇ ਆਪਣੀ ਕਿਤਾਬ 'ਨਾਵਲ ਅਤੇ ਲੋਕ' ਵਿਚ ਲਿਖਿਆ ਸੀ ਕਿ ਨਾਵਲਕਾਲ ਨੂੰ ਦਾਰਸ਼ਨਿਕ ਹੋਣਾ ਚਾਹੀਦਾ ਹੈ। ਨਾਵਲ ਲਿਖਣਾ ਦਾਰਸ਼ਨਿਕ ਕਾਰਜ ਹੈ। ਇਸ ਲਈ ਨਾਵਲਕਾਰ ਨਾ ਕੇਵਲ ਬੁੱਧੀਮਾਨ ਹੋਣਾ ਚਾਹੀਦਾ ਹੈ, ਸਗੋਂ ਉਸ ਪਾਸ ਆਪਣੇ ਆਲ਼ੇ-ਦੁਆਲ਼ੇ ਦੇ ਰਾਜਨੀਤਕ, ਆਰਥਿਕ ਤੇ ਸਮਾਜਕ ਪ੍ਰਬੰਧ ਨੂੰ ਸਮਝਣ ਵਾਲੀ ਦਾਰਸ਼ਨਿਕ ਦ੍ਰਿਸ਼ਟੀ ਵੀ ਹੋਣੀ ਚਾਹੀਦੀ ਹੈ। ਪੰਜਾਬੀ ਨਾਵਲਕਾਰਾਂ ਦਾ ਸਿਧਾਂਤਵਾਦੀ ਹੋਣਾ ਗ਼ਲਤ ਨਹੀਂ ਸੀ। ਗ਼ਲਤ ਤਾਂ ਸਿਰਫ ਇਹ ਗੱਲ ਸੀ ਕਿ ਉਨ੍ਹਾਂ ਦੇ ਸਿਧਾਂਤ ਉਨ੍ਹਾਂ ਨੂੰ ਆਪਣੇ ਆਲ਼ੇ-ਦੁਆਲ਼ੇ ਦੇ ਯਥਾਰਥਕ-ਵਰਤਾਰੇ ਤੋਂ ਪਰ੍ਹੇ ਧੱਕ ਕੇ ਮਨੋ-ਕਲਪਣਾ ਦੇ ਸੰਸਾਰ ਵਿਚ ਲੈ ਜਾਂਦੇ ਸਨ। ਨਾਵਲਕਾਰਾਂ ਦੀ ਇਹ ਕਲਪਣਾ ਮਨੁੱਖੀ ਹਿਤ ਦੇ ਮੋਹ ਵਿਚੋਂ ਹੀ ਪੈਦਾ ਹੁੰਦੀ ਸੀ ਪਰ ਜਿਹੜਾ ਮਨੁੱਖੀ ਹਿਤ ਦਾ ਕੰਮ ਉਨ੍ਹਾਂ ਦੇ ਆਲ਼ੇ-ਦੁਆਲ਼ੇ ਉਨ੍ਹਾਂ ਜਿਹੇ ਸਾਧਾਰਨ ਲੋਕ ਕਰ ਰਹੇ ਸਨ, ਉਸ ਵੱਲ ਅੱਖਾਂ ਮੀਟੀ ਰੱਖਦੇ ਸਨ। ਉਨ੍ਹਾਂ ਨੂੰ ਇਹ ਸਾਧਾਰਨ ਲੋਕ 'ਨਾਇਕ' ਤੇ 'ਨਾਇਕਾਵਾਂ' ਬਣਨ ਦੇ ਯੋਗ ਨਹੀਂ ਪ੍ਰਤੀਤ ਹੁੰਦੇ ਸਨ।

ਇਹਨਾਂ ਸਤਰਾਂ ਦੇ ਲੇਖਕ ਨੇ ਪੰਜਾਬੀ ਨਾਵਲ ਦਾ ਰੁਖ਼ ਉਸ ਪੰਜਾਬੀ ਬੁੱਧੀਮਾਨ ਤੇ ਸੰਵੇਦਨਸ਼ੀਲ ਵਿਅਕਤੀ ਵੱਲ ਮੋੜਨ ਦਾ ਯਤਨ ਕੀਤਾ ਹੈ, ਜਿਸ ਨੇ ਪੰਜਾਬੀ ਸਮਾਜ ਨੂੰ 19ਵੀਂ ਸਦੀ ਵਿਚੋਂ 20ਵੀਂ ਸਦੀ ਵਿਚ ਲਿਆਂਦਾ ਸੀ ਤੇ ਹੁਣ 20ਵੀਂ ਸਦੀ ਵਿਚੋਂ 21ਵੀਂ ਸਦੀ ਵੱਲ ਲਿਜਾ ਰਿਹਾ ਹੈ।

ਇਹ ਪੰਜਾਬੀ ਪਾਤਰ, ਅੱਜ ਦੇ ਪਦਾਰਥਵਾਦ ਦੇ ਯੁੱਗ ਦੀਆਂ ਪ੍ਰਵਿਰਤੀਆਂ ਦੇ ਮੁਤਾਬਕ, ਸਵਾਰਥੀ ਹੈ। ਆਪਣੀ 'ਤਰੱਕੀ' ਲਈ ਮਿਹਨਤ ਕਰਦਾ ਹੈ। ਮੁਕਾਬਲੇ ਦੀ ਦੌੜ ਵਿਚ ਪੈਂਦਾ ਹੈ। ਦੂਜਿਆਂ ਤੋਂ ਅੱਗੇ ਨਿਕਲਣ ਦਾ ਯਤਨ ਕਰਦਾ ਹੈ। ਆਪਣੀ ਲਿਆਕਤ ਨਾਲ ਘੱਟ-ਲਾਇਕਾਂ ਨੂੰ ਪਛਾੜਦਾ ਹੈ। ਪਰ ਆਪਣੇ ਇਨ੍ਹਾਂ ਯਤਨਾਂ ਨਾਲ ਸੰਸਾਰ ਨੂੰ ਵਧੇਰੇ ਮੋਕਲ਼ਾ ਬਣਾਉਂਦਾ ਹੈ। ਹੱਦਾਂ ਤੋੜਦਾ ਹੈ। ਇਕ ਮਨੁੱਖ ਨੂੰ ਦੂਜੇ ਮਨੁੱਖ ਦੇ ਨੇੜੇ ਲਿਆਉਂਦਾ ਹੈ। ਦਰਦ ਤੇ ਮੁਹੱਬਤ ਦਾ ਮਾਹੌਲ ਸਿਰਜਦਾ ਹੈ। ਮਨੁੱਖ ਨੂੰ ਸੱਭਿਆ ਵਿਅਕਤੀ ਹੀ ਨਹੀਂ, ਸਾਂਸਕ੍ਰਿਤਕ ਵਿਅਕਤੀ ਬਣਾਉਣ ਦਾ ਯਤਨ ਕਰਦਾ ਹੈ। ਇਹ ਪਾਤਰ ਸੰਸਾਰ ਦਾ ਰਸੀਆ ਹੈ। ਚਾਹੁੰਦਾ ਹੈ, ਹੋਰ ਲੋਕ ਵੀ ਰਸੀਏ ਬਣਨ। ਉਂਝ ਉਸ ਦਾ ਸਵਾਰਥ ਪਰਸਵਾਰਥੀ ਮਾਨਸਿਕਤਾ ਸਿਰਜਣ ਵੱਲ ਰੁਚਿਤ ਹੈ। ਉਸ ਨੇ ਸਮਾਜਕ ਕਲਿਆਣ ਤੇ ਰਾਜਨੀਤਕ ਕ੍ਰਾਂਤੀ ਦਾ ਝੰਡਾ ਨਹੀਂ ਚੁੱਕਿਆ ਹੋਇਆ। ਉਹ ਵਿਅਕਤੀਵਾਦੀ ਹੈ। ਹਰ ਵਿਅਕਤੀ ਦੀ ਆਜ਼ਾਦੀ ਦਾ ਹਾਮੀ ਹੈ। ਉਹ ਨਹੀਂ ਚਾਹੁੰਦਾ, ਹੋਰ ਲੋਕ ਖਾਹਮਖਾਹ ਉਸ ਦੇ ਮਾਮਲਿਆਂ ਵਿਚ ਦਖ਼ਲ ਦੇਣ। ਪਰ ਉਸ ਦੇ ਵਿਚਾਰ ਤੇ ਵਿਵਹਾਰ ਅਜਿਹੇ ਸਮਾਜ ਤੇ ਸੱਭਿਆਚਾਰ ਦੀ ਅਚੇਤ ਤੇ ਸੁਚੇਤ ਸਿਰਜਣਾ ਵਿਚ ਸਹਾਈ ਹੁੰਦੇ ਹਨ, ਜਿਸ ਵਿਚ ਸਭ ਵਿਅਕਤੀ ਯੋਗਤਾ ਵਧਾ ਸਕਣ, ਯੋਗਤਾ ਮੁਤਾਬਕ ਤਰੱਕੀ ਕਰ ਸਕਣ। ਆਪਣੀ ਪਸੰਦ ਅਨੁਸਾਰ ਜੀਵਨ ਜੀਊ ਸਕਣ। ਘੱਟ ਤੋਂ ਘੱਟ ਹਰ ਜ਼ਿੰਮੇਵਾਰੀ ਵਾਲ਼ੇ ਪਦ ਉਤੇ ਉਹ ਲੋਕ ਬੈਠ ਸਕਣ, ਜਿਨ੍ਹਾਂ ਵਿਚ ਕਾਬਲੀਅਤ ਵੀ ਹੈ ਤੇ ਨਾਲ-ਨਾਲ ਇਨਸਾਨੀ ਦਰਦ ਵੀ।

000

ਪੰਜਾਬੀ ਨਾਵਲ ਦੀ ਗੱਲ ਕਰਦਿਆਂ ਸਾਡਾ ਧਿਆਨ ਪੱਛਮ ਵੱਲ ਜਾ ਰਿਹਾ ਹੈ, ਕਿਉਂਕਿ ਨਾਵਲ ਦੀ ਵਿਧਾ ਦਾ ਜਨਮ ਇੰਗਲੈਂਡ ਅਤੇ ਯੂਰਪੀਨ ਦੇਸ਼ਾਂ ਵਿਚ ਹੋਇਆ। 1450 ਈ: ਤੋਂ ਬਾਅਦ ਯੂਰਪ ਵਿਚ ਪੁਨਰ-ਜਾਗ੍ਰਤੀ ਆਈ ਤੇ ਵਿਗਿਆਨ ਦੀਆਂ ਕਾਢਾਂ

ਤੇ ਲੱਭਤਾਂ ਪ੍ਰਗਟ ਹੋਈਆਂ। ਇਨ੍ਹਾਂ ਵਿਚ ਬ੍ਰਹਿਮੰਡ ਦਾ ਰਹੱਸ ਖੋਲ੍ਹਣ ਵਾਲੀਆਂ ਕਾਢਾਂ ਤੇ ਲੱਭਤਾਂ ਵੀ ਸਨ। ਪ੍ਰਿੰਟਿੰਗ ਪ੍ਰੈੱਸ ਦੀ ਕਾਢ ਨਾਲ ਕਿਤਾਬਾਂ ਤੇ ਅਖ਼ਬਾਰ ਛਪਣ ਲੱਗੇ। ਗਿਆਨ ਦਾ ਹੜ੍ਹ ਆ ਗਿਆ। ਸ਼ੈਕਸਪੀਅਰ (1564-1616 ਈ:) ਦੇ ਨਾਟਕਾਂ ਵਿਚ ਪਲਾਟ ਦੀ ਥਾਂ ਚਰਿੱਤਰ ਨੂੰ ਮਹੱਤਵ ਮਿਲਣ ਨਾਲ ਸੰਸਾਰ ਸਾਹਿਤ ਵਿਚ ਪਹਿਲੀ ਵਾਰ 'ਮਨੁੱਖ' ਸਾਹਿਤ ਦਾ ਮੁੱਖ ਪਾਤਰ ਬਣ ਗਿਆ। 'ਯਰਾਰਥ' ਦੀ ਆ ਰਹੀ ਸਮਝ ਨੇ ਕਵਿਤਾ ਦੇ ਨਾਲ-ਨਾਲ, ਵਾਰਤਕ ਲਿਖਣ ਦੀ ਪ੍ਰਵਿਰਤੀ ਵਧਾਈ। ਵਾਰਤਕ ਕਵਿਤਾ ਦੇ ਬਰਾਬਰ ਆ ਖੜ੍ਹੀ ਹੋਈ। ਵਾਰਤਕ ਵਿਚ ਦੋ ਨਵੇਂ ਰੂਪਾਕਾਰ ਪ੍ਰਗਟ ਹੋਏ-ਨਿਬੰਧ ਤੇ ਨਾਵਲ। ਨਿਬੰਧ ਨੇ ਤਰਕਸ਼ੀਲਤਾ ਵਧਾਈ ਤੇ ਨਾਵਲ ਨੇ ਕਵਿਤਾ ਦੀ ਥਾਂ ਵਾਰਤਕ ਵਿਚ ਬ੍ਰਿਤਾਂਤ ਲਿਖਣ ਦੀ ਨਵੀਂ ਪ੍ਰਕਿਰਤੀ ਪੈਦਾ ਕੀਤੀ। ਸ਼ੈਕਸਪੀਅਰ ਦੇ ਨਾਟਕਾਂ ਵਾਂਗ ਹੀ ਨਾਵਲ ਹੁਣ ਦੇਵਤਿਆਂ, ਅਵਤਾਰਾਂ ਤੇ ਰਾਜਿਆਂ ਨੂੰ ਨਿਹਕਲੰਕ ਤੇ ਕਰਾਮਾਤੀ ਵਿਅਕਤੀ ਬਣਾ ਕੇ ਪੇਸ਼ ਕਰਨ ਦੀ ਮਹਾਂ ਕਾਵਾਂ ਵਾਲੀ ਰੱਟ ਛੱਡ ਰਿਹਾ ਸੀ। ਉਹ ਹੁਣ ਨਵੇਂ ਉੱਭਰ ਰਹੇ ਆਮ ਮਨੁੱਖ ਤੇ ਨਵੀਆਂ ਉੱਭਰ ਰਹੀਆਂ ਜਮਾਤਾਂ ਦਾ ਵਾਹਣ ਬਣ ਰਿਹਾ ਸੀ। 16ਵੀਂ ਤੇ 17ਵੀਂ ਸਦੀ ਦੇ ਇੰਗਲੈਂਡ ਵਿਚ ਪਾਰਲੀਮੈਂਟ ਵਿਚ ਰਾਜਿਆਂ ਤੇ ਖਾਨਦਾਨੀ ਅਮੀਰ ਭੂਮੀਪਤੀਆਂ ਦੀ ਤਾਕਤ ਖੋਹ ਲਈ ਗਈ ਤੇ ਨਵੀਂ ਉੱਭਰੀ ਵਪਾਰੀ ਤੇ ਉਦਯੋਗਪਤੀ ਜਮਾਤ, ਬਰਜੁਆਜ਼ੀ, ਨੇ ਤਾਕਤ ਹਥਿਆ ਲਈ। ਪਰਿਵਰਤਨ ਸੌਖਾ ਨਹੀਂ ਸੀ। ਪਾਰਲੀਮੈਂਟ ਦੇ ਇਕ ਧੜੇ ਦੇ ਆਗੂ ਕਰੌਮਵੈੱਲ ਨੇ ਇੰਗਲੈਂਡ ਦੇ ਬਾਦਸ਼ਾਹ ਚਾਰਲਸ ਪਹਿਲੇ ਦਾ ਸਿਰ ਲੰਦਨ ਦੇ ਚੌਰਾਹੇ ਵਿਚ ਰੱਖ ਕੇ 29 ਜਨਵਰੀ, 1649 ਈ: ਨੂੰ ਵੱਢ ਦਿੱਤਾ ਸੀ। ਬਰਜੁਆਜ਼ੀ ਦੇ ਨਾਲ-ਨਾਲ ਵਿਸ਼ਾਲ ਪੜ੍ਹਿਆ-ਲਿਖਿਆ ਅਤੇ ਨਵੇਂ ਕਿੱਤੇ ਅਪਣਾ ਰਿਹਾ ਮੱਧ ਵਰਗ ਛਾ ਗਿਆ। ਇਸੇ ਮੱਧ ਵਰਗ ਵਿਚੋਂ ਨਾਵਲਕਾਰ ਪ੍ਰਗਟ ਹੋਏ। ਇਹ ਯਾਦ ਰੱਖਣ ਵਾਲੀ ਗੱਲ ਹੈ, ਜਦੋਂ ਵੀ ਸੰਸਾਰ ਵਿਚ ਆਰਥਿਕ ਪ੍ਰਬੰਧ ਬਦਲੇ, ਨਵੀਂ ਉੱਭਰੀ ਜਮਾਤ ਪਹਿਲਾਂ ਪਹਿਲਾਂ ਪ੍ਰਗਤੀਵਾਦੀ ਭੂਮਿਕਾ ਨਿਭਾਉਂਦੀ ਹੈ। ਇੰਗਲੈਂਡ ਅਤੇ ਯੂਰਪ ਵਿਚ ਵੀ ਬਰਜੁਆਜ਼ੀ ਤੇ ਮੱਧ ਵਰਗ ਦੀ ਭੂਮਿਕਾ ਪਹਿਲੀਆਂ ਸਦੀਆਂ ਵਿਚ ਪ੍ਰਗਤੀਵਾਦੀ ਸੀ। ਨਾਵਲ ਨੇ ਇਨ੍ਹਾਂ ਪ੍ਰਗਤੀਵਾਦੀ ਪ੍ਰਵਿਰਤੀਆਂ ਨੂੰ ਵਸਤੂ ਬਣਾਇਆ। ਇਸੇ ਕਰਕੇ ਰਾਲਫ਼ ਫਾਕਸ ਆਪਣੀ ਸੰਸਾਰ ਪ੍ਰਸਿੱਧ ਪੁਸਤਕ 'ਨਾਵਲ ਅਤੇ ਲੋਕ' ਵਿਚ ਲਿਖਦਾ ਹੈ, 1750 ਈ: ਤਕ ਅੰਗਰੇਜ਼ੀ ਨਾਵਲ ਦਾ ਸੁਨਹਿਰੀ ਯੁੱਗ ਸੀ। ਇਸ ਸਮੇਂ ਵਿਚ ਡੇਨੀਅਲ ਡੈਫੋ ਅਤੇ ਹੈਨਰੀ ਫੀਲਡਿੰਗ ਨੇ ਉੱਤਮ ਨਾਵਲ ਲਿਖੇ। ਡੇਨੀਅਲ ਡੈਫੋ ਤੇ ਫੀਲਡਿੰਗ ਦੋਵੇਂ ਮੱਧ ਵਰਗੀ ਬੁੱਧੀਮਾਨ ਸਨ। ਡੈਫੋ ਨੇ ਕਈ ਪਾਪੜ ਵੇਲੇ। ਰਾਜਨੀਤਕ ਪੈਂਫਲਿਟ ਲਿਖੇ। ਪਰ ਜਦੋਂ ਆਪਣਾ ਨਾਵਲ 'ਰਾਬਿਨਸਨ ਕਰੂਸੋ'1719 ਈ: ਵਿਚ ਛਪਵਾਇਆ ਤਾਂ ਉਹਦਾ ਨਾਂਅ ਇਤਿਹਾਸ ਵਿਚ ਅਮਰ ਹੋ ਗਿਆ।

ਹੈਨਰੀ ਫੀਲਡਿੰਗ (1707-1754) ਦੇ ਨਾਵਲ 'ਜੋਜ਼ਫ ਐਂਡਰੀਊਜ਼' (1742 ਈ:) ਅਤੇ 'ਟੌਮ ਜੋਨਜ਼' (1749) ਉਸ ਦੇ ਸ਼ਾਹਕਾਰ ਹਨ। 'ਜੋਜ਼ਫ ਐਂਡਰੀਊਜ਼' ਬਦਲ ਰਹੇ ਸਮਾਜ ਅਤੇ ਬਦਲ ਰਹੇ ਅੰਗਰੇਜ਼ੀ ਕਿਰਦਾਰ ਦਾ ਬਿਰਤਾਂਤ ਪੇਸ਼ ਕਰਦਾ ਹੈ। ਫੀਲਡਿੰਗ ਨੇ ਇਹ ਨਾਵਲ ਕਿਵੇਂ ਲਿਖ ਲਿਆ, ਇਸ ਦਾ ਪਿਛੋਕੜ ਜਾਨਣਾ ਜ਼ਰੂਰੀ ਹੈ। ਫੀਲਡਿੰਗ ਦੇ ਸਮਕਾਲੀ ਰਿਚਰਡਜ਼ਸਨ ਨੇ 1740 ਵਿਚ 'ਪੈਮਿਲਾ' ਨਾਵਲ ਲਿਖਿਆ ਸੀ। ਇਕ ਨੌਜਵਾਨ ਅਮੀਰ ਭੂਮੀਪਤੀ, ਜਿਸ ਦਾ ਪੂਰਾ ਨਾਂਅ ਲੇਖਕ ਨੇ ਨਹੀਂ ਲਿਖਿਆ; ਸਿਰਫ ਰੋਮਨ ਲਿੱਪੀ ਦਾ ਅੱਖਰ 'ਬੀ' ਉਸ ਦੇ ਨਾਂਅ ਲਈ ਵਰਤਿਆ ਹੈ, ਆਪਣੀ ਸੁੰਦਰ ਜਵਾਨ ਨੌਕਰਾਣੀ ਪੈਮਿਲਾ ਦੀ ਦੇਹ ਦਾ ਰਸ ਚੂਸਣ ਲਈ ਉਤਾਵਲਾ ਹੈ। ਪਰ ਪੈਮਿਲਾ ਵਾਰ-ਵਾਰ ਖਤ ਲਿਖ ਕੇ ਮਾਲਕ ਨੂੰ ਪ੍ਰੇਰਦੀ ਹੈ, ਮੈਂ ਤੁਹਾਨੂੰ ਪ੍ਰੇਮ ਕਰਦੀ ਹਾਂ। ਤੁਹਾਡੀ

ਵਫ਼ਾਦਾਰ ਹਾਂ। ਆਪਣੇ-ਆਪ ਨੂੰ ਸਮਰਪਣ ਕਰਨ ਲਈ ਤਿਆਰ ਹਾਂ। ਪਰ ਤੁਸੀਂ ਮਾੜਾ ਕੰਮ ਕਰਕੇ ਆਪਣੇ ਤੇ ਮੇਰੇ ਪ੍ਰੇਮ ਨੂੰ ਦਾਗ਼ ਨਾ ਲਾਉ। ਪ੍ਰੇਮ ਦੀ ਲਾਜ ਰੱਖੋ। ਅਖੀਰ ਮਾਲਕ ਝੁਕ ਜਾਂਦਾ ਹੈ। ਪੈਮਿਲਾ ਨਾਲ ਵਿਆਹ ਕਰਾ ਲੈਂਦਾ ਹੈ। ਇਹ ਨਾਵਲ ਛਪਦੇ ਸਾਰ ਪ੍ਰਸਿੱਧ ਹੋ ਗਿਆ ਤੇ ਇਕ ਸਾਲ ਦੇ ਵਿਚ-ਵਿਚ ਇਸ ਦੇ ਕਈ ਐਡੀਸ਼ਨ ਛਪੇ। ਰੋਮ ਦੇ ਪੋਪ ਨੇ ਕਿਹਾ, ਪਾਦਰੀਆਂ ਦੇ ਉਪਦੇਸ਼ਾਂ ਤੋਂ ਵਧੇਰੇ 'ਪੈਮਿਲਾ' ਨਾਵਲ ਸੁਧਾਰ ਦਾ ਕੰਮ ਕਰਦਾ ਹੈ।

ਫੀਲਡਿੰਗ ਨੂੰ ਰਿਚਰਡਜ਼ਸਨ ਦਾ ਇਹ ਨਾਵਲ ਪੜ੍ਹ ਕੇ ਗੁੱਸਾ ਚੜ੍ਹਿਆ। ਉਸ ਨੂੰ 'ਪੈਮਿਲਾ' ਦਾ ਕਿਰਦਾਰ ਬਨਾਵਟੀ ਅਤੇ ਅਣਯਥਾਰਥਕ ਲੱਗਾ। ਉਸ ਨੇ 'ਪੈਮਿਲਾ' ਦਾ ਮਖੌਲ ਉਡਾਉਣ ਲਈ ਕਾਹਲੀ ਨਾਲ 'ਸ਼ੈਮਿਲਾ' ਨਾਵਲ ਲਿਖਿਆ ਤੇ 1741 ਵਿਚ ਛਪਵਾਇਆ। ਪਰ ਤਸੱਲੀ ਫਿਰ ਵੀ ਨਾ ਹੋਈ। 1742 ਵਿਚ 'ਜੋਜ਼ਫ ਐਂਡਰੀਊਜ਼' ਛਪਵਾਇਆ। ਇਹ ਸਿਰਫ 'ਪੈਮਿਲਾ' ਉਤੇ ਤਨਜ਼ ਨਹੀਂ, ਤਾਂ ਵੀ ਇਕ ਪਾਸੇ ਅਮੀਰ ਭੂਮੀਪਤੀਆਂ ਦਾ ਨਿਘਾਰ ਤੇ ਦੂਜੇ ਪਾਸੇ ਉੱਠ ਰਹੀ ਉੱਦਮੀ ਜਮਾਤ, ਜੋ ਆਪਣੀ ਤਕਦੀਰ ਆਪ ਘੜਨ ਲਈ ਉਤਾਵਲੀ ਹੈ, ਦਾ ਕਿਰਦਾਰ ਉਭਾਰਿਆ। ਜੋਜ਼ਫ 17 ਸਾਲ ਦਾ ਸਿਹਤਮੰਦ, ਉੱਦਮੀ, ਭਵਿੱਖਤ ਵੱਲ ਦੇਖਣ ਵਾਲਾ ਘਰੋਗੀ ਨੌਕਰ ਹੈ। ਅਮੀਰ ਭੂਮੀਪਤੀ ਮਾਲਕ-ਦੇ ਘਰ ਸ਼ਾਨਦਾਰ ਲਾਇਬਰੇਰੀ ਹੈ। ਪਰ ਇਹ ਮਾਲਕ ਸ਼ੇਣੀ ਕਿਤਾਬਾਂ ਪੜ੍ਹਦੀ ਨਹੀਂ। ਪੁਸਤਕਾਲਾ ਉਨ੍ਹਾਂ ਦੇ ਐਸ਼ਵਰਜ ਦਾ ਚਿੰਨ੍ਹ ਹੈ। ਪਰ ਜੋਜ਼ਫ ਲਈ ਕਿਤਾਬਾਂ ਦਾ ਭੰਡਾਰ ਗਿਆਨ ਦਾ ਖਜ਼ਾਨਾ ਹੈ। ਉਸ ਨੇ ਕਿਤਾਬਾਂ ਖੂਬ ਪੜ੍ਹੀਆਂ ਹਨ। ਮਾਲਕ ਦੀ ਜਵਾਨ ਪਤਨੀ ਆਪਣੇ ਇਸ ਸਿਹਤਮੰਦ ਨੌਕਰ ਉੱਤੇ ਮਰ ਮਿਟਦੀ ਹੈ। ਉਹ ਉਸ ਨੂੰ ਉਕਸਾਉਂਦੀ ਹੈ, ਤੂੰ ਮੇਰਾ ਆਸ਼ਕ ਬਣ। ਜੋਜ਼ਫ ਨੂੰ ਜਵਾਨ ਨਾਰੀਆਂ ਮਾੜੀਆਂ ਨਹੀਂ ਲਗਦੀਆਂ। ਪਰ ਉਸ ਨੂੰ ਆਪਣੀਆਂ ਤਰਜੀਹਾਂ ਦਾ ਪਤਾ ਹੈ। ਉਹ ਆਪਣੀ ਮਾਲਕਣ ਦੇ ਮਾਇਆ ਜਾਲ ਵਿਚ ਫਸਣ ਤੋਂ ਟਾਲ਼ਾ ਵਟ ਜਾਂਦਾ ਹੈ। ਕ੍ਰੋਧ ਵਿਚ ਆਈ ਮਾਲਕਣ ਆਪਣੇ ਮੁਣਸ਼ੀ ਨੂੰ ਕਹਿ ਕੇ ਉਸ ਦੀ ਨੌਕਰੀ ਖ਼ਤਮ ਕਰ ਦਿੰਦੀ ਹੈ ਤੇ ਘਰੋਂ ਕੱਢ ਦਿੰਦੀ ਹੈ। ਉਸ ਦਾ ਖਿਆਲ ਹੈ, ਭੁੱਖਾ ਮਰੇਗਾ ਤੇ ਮੇਰੇ ਪਾਸ ਆਏਗਾ। ਪਰ ਜੋਜ਼ਫ ਅਬਰਾਹਮ ਪਾਰਸਨ (ਪਾਦਰੀ) ਦੇ ਸਾਥ ਵਿਚ ਸਫ਼ਰ ਉਤੇ ਤੁਰ ਪੈਂਦਾ ਹੈ। ਅੱਗੋਂ ਸਾਰਾ ਨਾਵਲ ਜੋਜ਼ਫ ਦੀਆਂ ਕਠਿਨਾਈਆਂ, ਚੁਸਤੀਆਂ, ਸਫਲਤਾਵਾਂ ਤੇ ਅਸਫਲਤਾਵਾਂ ਦਾ ਬਿਰਤਾਂਤ ਹੈ। ਕਹਾਣੀ ਦਾ ਤੀਜਾ ਹਿੱਸਾ ਪਿੰਡਾਂ ਵਿਚ, ਇਕ ਹੋਰ ਤੀਜਾ ਹਿੱਸਾ ਸੜਕ ਤੇ ਸਫ਼ਰ ਕਰਦਿਆਂ ਤੇ ਆਖਰੀ ਤੀਜਾ ਹਿੱਸਾ ਲੰਦਨ ਸ਼ਹਿਰ ਵਿਚ ਸਥਾਪਤ ਹੋਣ ਦੇ ਯਤਨ ਵਿਚ ਵਾਪਰਦਾ ਹੈ। ਸੁਭਾਵਕ ਹੀ ਨਾਵਲ ਬਦਲ ਰਹੇ ਅੰਗਰੇਜ਼ੀ ਸਮਾਜ ਤੇ ਉੱਭਰ ਰਹੇ ਨਵੀਂ ਪ੍ਰਕਾਰ ਦੇ ਪੁਰਖਾਂ ਤੇ ਨਾਰੀਆਂ ਦੀ ਗੈਲਰੀ ਬਣ ਗਿਆ ਹੈ। ਨਾਵਲ ਵਿਚ ਹਾਸਰਸ, ਵਿਅੰਗਾਤਮਕ ਘਟਨਾ ਵਰਨਣ ਅਤੇ ਯਥਾਰਥ ਦੇ ਸੋਚਾਂ ਵਿਚ ਪਾਉਣ ਵਾਲੇ ਵਰਤਾਰੇ ਘੁਲੇ-ਮਿਲੇ ਹਨ। ਡੇਨੀਅਲ ਡੈਫੋ ਦੇ 'ਰਾਬਿਨਸਨ ਕਰੂਸੋ' ਤੋਂ ਬਾਅਦ ਹੈਨਰੀ ਫੀਲਡਿੰਗ ਦੇ 'ਜੋਜ਼ਫ ਐਂਡਰੀਊਜ਼' ਤੇ 'ਟੌਮ ਜੋਨਜ਼' ਨੇ ਅੰਗਰੇਜ਼ੀ ਨਾਵਲ ਨੂੰ ਯਥਾਰਥਵਾਦੀ ਨਾਵਲ ਦੇ ਤੌਰ 'ਤੇ ਸਥਾਪਤ ਕਰ ਦਿੱਤਾ। ਅਗਲੇ ਨਾਵਲਕਾਰ ਫੀਲਡਿੰਗ ਦੇ ਕੰਮ ਤੋਂ ਵਾਰ-ਵਾਰ ਪ੍ਰਭਾਵਤ ਵੀ ਹੁੰਦੇ ਰਹੇ, ਪ੍ਰੇਰਿਤ ਵੀ ਹੁੰਦੇ ਰਹੇ।

000

ਆਪਣੇ ਨਾਵਲਾਂ ਵਿਚ ਮੈਂ 20ਵੀਂ ਸਦੀ ਦਾ ਪੰਜਾਬੀ ਸਮਾਜ ਬਦਲਦਾ, ਸੰਘਰਸ਼ ਕਰਦਾ, ਹਾਲਾਤ ਦਾ ਟਾਕਰਾ ਕਰਦਾ, ਨਾ-ਮੁਆਫਕ ਬੰਦਸ਼ਾਂ ਤੋੜਦਾ ਅਤੇ ਨਵੀਆਂ ਮਨੁੱਖ-ਹਿਤੈਸ਼ੀ ਖੁੱਲ੍ਹਾਂ ਲੈਂਦਾ ਦਿਖਾਇਆ ਹੈ। 'ਸ਼ਹਿਰ' ਨਾਵਲ ਦਾ ਮੁੱਖ ਪਾਤਰ ਚੰਚਲ

ਸਿੰਘ ਇਕ ਸੰਘਰਸ਼ਸ਼ੀਲ ਹਟਵਾਣੀਏ ਦਾ ਪੁੱਤਰ ਹੈ, ਜੋ ਖੁਸ਼ਹਾਲੀ ਪ੍ਰਾਪਤ ਕਰਦਾ-ਕਰਦਾ ਬੇਵਕਤ ਮੌਤ ਮਰ ਜਾਂਦਾ ਹੈ। ਪਿੱਛੇ ਤਿੰਨ ਪੁੱਤਰ ਤੇ ਇਕ ਧੀ ਲਾਵਾਰਿਸ ਹਨ। ਵੱਡਾ ਪੁੱਤਰ, ਜੋ ਐੱਮ.ਈ.ਐੱਸ. ਵਿਚ ਕਲਰਕ ਹੈ, ਪਿਉ ਦੀ ਥਾਂ ਸੰਭਾਲਦਾ ਹੈ। ਪਰ ਦੋਚਿੱਤੀ ਵਿਚ ਹੈ, ਵਪਾਰ ਕਰੇ ਕਿ ਨੌਕਰੀ? ਇਸੇ ਦੋਚਿੱਤੀ ਵਿਚ ਪਿਉ ਦਾ ਵਪਾਰ ਸਮੇਟ ਦਿੰਦਾ ਹੈ ਤੇ ਆਪਣੀ ਨੌਕਰੀ ਉੱਤੇ ਤੁਰ ਜਾਂਦਾ ਹੈ। ਛੋਟਾ ਪੁੱਤਰ ਵੀ ਕਲਰਕ ਦੀ ਨੌਕਰੀ ਲੈ ਲੈਂਦਾ ਹੈ। ਤੀਜਾ ਪੁੱਤਰ ਚੰਚਲ ਸਿੰਘ ਆਪਣੇ ਵੱਡੇ ਭਰਾਵਾਂ ਨਾਲ ਮਿਲਦਾ ਵੀ ਹੈ, ਵੱਖਰਾ ਵੀ ਹੈ। ਉਹ ਆਪਣੇ ਭਰਾਵਾਂ ਵਾਂਗ ਆਪਣੀ ਤਰੱਕੀ ਤੇ ਖੁਸ਼ਹਾਲੀ ਦਾ ਚਾਹਵਾਨ ਹੈ, ਪਰ ਉਸ ਦੀਆਂ ਦਿਲਚਸਪੀਆਂ ਸੀਮਤ ਨਹੀਂ। ਗਿਆਨ ਦਾ ਮੁਤਲਾਸ਼ੀ, ਸੋਚਵਾਨ ਤੇ ਡੂੰਘੇ ਅਹਿਸਾਸ ਵਾਲਾ ਵਿਅਕਤੀ ਹੈ। ਭਰਾਵਾਂ ਤੋਂ ਉਲਟ ਮੈਟ੍ਰਿਕ ਪਾਸ ਕਰਕੇ ਪੜ੍ਹਾਈ ਛੱਡਣ ਲਈ ਤਿਆਰ ਨਹੀਂ ਹੁੰਦਾ। ਕਠਿਨ ਹਾਲਾਤ ਵਿਚ ਪੜ੍ਹਾਈ ਜਾਰੀ ਰੱਖਦਾ ਹੈ। ਬੀ.ਏ. ਕਰਦਾ ਹੈ। ਨੌਕਰੀ ਕਰ੍ਦਾ-ਕਰਦਾ ਐੱਮ.ਏ. ਇੰਗਲਿਸ਼ ਉੱਚੇ ਨੰਬਰਾਂ ਵਿਚ ਪਾਸ ਕਰਦਾ ਹੈ ਤੇ ਕਾਲਿਜ ਲੈਕਚਰਾਰ ਬਣਦਾ ਹੈ। ਸਕਾਲਰ ਤੇ ਸੁਯੋਗ ਪ੍ਰਾਧਿਆਪਕ ਬਣਨਾ ਚਾਹੁੰਦਾ ਹੈ। ਮੁੱਖ ਗੱਲ ਹੈ ਕਿ ਭਾਵੇਂ ਉਹ ਕਿਸੇ ਸੁਧਾਰਕ ਤੇ ਕ੍ਰਾਂਤੀਕਾਰੀ ਲਹਿਰ ਵਿਚ ਨਹੀਂ ਪੈਂਦਾ, ਉਹ ਸਮਾਜ ਦੀਆਂ ਅਨਿਆਈਂ ਤੇ ਭ੍ਰਿਸ਼ਟ ਸ਼ਕਤੀਆਂ ਦਾ ਵੀ ਵਿਰੋਧੀ ਹੈ। ਉਸ ਦੇ ਗੂੜ੍ਹੇ ਮਿੱਤਰਾਂ ਵਿਚ ਤੇਜ ਰਾਮ ਸ਼ਾਮਲ ਹੈ, ਜੋ ਮਜ਼ਦੂਰ ਆਗੂ ਹੈ ਤੇ ਇਕ ਮਿੱਲ ਦੇ ਮਜ਼ਦੂਰਾਂ ਦੀਆਂ ਜਾਇਜ਼ ਮੰਗਾਂ ਦੀ ਪੂਰਤੀ ਲਈ ਲੰਮੀ ਭੁੱਖ ਹੜਤਾਲ ਕਰਦਾ ਹੈ। ਇਕ ਹੋਰ ਮਿੱਤਰ ਰਣਧੀਰ ਸਿੰਘ ਹੈ, ਜੋ ਦਲਿਤ ਪ੍ਰੈੱਸ ਵਰਕਰ ਤੋਂ ਅੱਗੇ ਵਧ ਕੇ ਪੰਜਾਬ ਦਾ ਵਿਧਾਨਕਾਰ ਬਣਦਾ ਹੈ। 'ਸ਼ਹਿਰ' ਨਾਵਲ ਦੀ ਮੁੱਖ ਕਹਾਣੀ ਤਾਂ ਚੰਚਲ ਸਿੰਘ ਦੀ ਹੀ ਵਿਥਿਆ ਹੈ। ਚੰਚਲ ਸਿੰਘ ਪਹਿਲਾਂ ਇਕ ਛੋਟੇ ਹਫ਼ਤਾਵਾਰ ਅਖ਼ਬਾਰ ਦਾ ਸੰਪਾਦਨ ਕਰਦਾ ਹੈ, ਤੇ ਫਿਰ ਵੱਡੇ ਸ਼ਹਿਰ ਜਾ ਕੇ ਵੱਡੇ ਦੈਨਿਕ ਅਖ਼ਬਾਰ ਦਾ ਸੀਨੀਅਰ ਉਪ-ਸੰਪਾਦਕ ਬਣਦਾ ਹੈ। ਇਨ੍ਹਾਂ ਪਰਚਿਆਂ ਵਿਚ ਕੰਮ ਕਰਦਿਆਂ ਵੱਡੇ ਧਨਵਾਨਾਂ ਤੇ ਵੱਡੇ ਰਾਜਨੀਤਕ ਵਿਅਕਤੀਆਂ ਦੇ ਕਠੋਰ ਤੇ ਲਾਲਚੀ ਕਾਰਨਾਮਿਆਂ ਨੂੰ ਨੇੜਿਉਂ ਵਾਚਣ ਤੇ ਅਖ਼ਬਾਰ ਰਾਹੀਂ ਰੌਸ਼ਨੀ ਵਿਚ ਲਿਆਉਣ ਦੇ ਸੁਯੋਗ ਤੇ ਦਲੇਰ ਯਤਨ ਕਰਦਾ ਹੈ। ਐੱਮ.ਏ. ਅੰਗਰੇਜ਼ੀ ਦੀ ਜਮਾਤ ਵਿਚ ਪੜ੍ਹਦਿਆਂ ਤੇ ਪਿੱਛੋਂ ਇਸੇ ਜਮਾਤ ਨੂੰ ਪੜ੍ਹਾਉਂਦਿਆਂ ਸ਼ਹਿਰ ਦੇ ਹੋਰ ਖੁਸ਼ਹਾਲ ਲੋਕਾਂ ਅਤੇ ਯੂਨੀਵਰਸਿਟੀ ਪ੍ਰਬੰਧ ਵਿਚ ਆਪਣਾ ਜੱਫਾ ਬਣਾਈ ਬੈਠੇ ਨੇੜ-ਦ੍ਰਿਸ਼ਟੀ ਵਾਲੇ ਸਵਾਰਥੀ ਸਿੱਖਿਆ-ਦਾਤਿਆਂ ਨਾਲ ਟਕਰਾਉਂਦਾ ਹੈ।

ਇਹ ਨਾਵਲ ਜਿੱਥੇ ਮੱਧ ਵਰਗ ਦੇ ਜੀਵਨ ਦੇ ਯਥਾਰਥ ਦੇ ਕੁਝ ਪੱਖ ਪੇਸ਼ ਕਰਦਾ ਹੈ, ਉੱਥੇ ਨਾਲ-ਨਾਲ ਪੰਜਾਬ ਦੇ ਬੁੱਧੀਮਾਨ ਵਰਗ ਦੇ ਅਲੱਗ-ਅਲੱਗ ਰੂਪ ਵੀ ਚਿਤਰਦਾ ਹੈ। ਬੁੱਧੀਮਾਨ ਵਰਗ ਦਾ ਇਕ ਘੱਟ-ਗਿਣਤੀ ਹਿੱਸਾ ਹਾਲਾਤ ਬਾਰੇ ਚਿੰਤਾ ਵੀ ਕਰਦਾ ਹੈ, ਚਿੰਤਨ ਵੀ ਕਰਦਾ ਹੈ। ਚਾਹੁੰਦਾ ਹੈ, ਇਹ ਵਰਗ ਇਨਸਾਨ- ਦੋਸਤ ਬਣੇ। ਇਨਸਾਨੀਅਤ ਦੀ ਬਿਹਤਰੀ ਲਈ ਕੰਮ ਕਰੇ। ਪਰ ਬਹੁਤੇ ਕਥਿਤ ਬੁੱਧੀਮਾਨ ਲੋਕ ਸਿਰਫ ਆਪਣੇ ਹਿਤ ਹੀ ਪਾਲਦੇ ਹਨ।

'ਸੰਸਾਰ' ਨਾਵਲ ਦੀ ਮੁੱਖ ਪਾਤਰ ਸੁਸ਼ੀਲ ਕੌਰ ਵੀ ਚੰਚਲ ਸਿੰਘ ਵਾਂਗ ਬੁੱਧੀਮਾਨ ਪਾਤਰ ਹੈ। ਉਹ ਇਕ ਅਜਿਹੇ ਸਕੂਲ ਅਧਿਆਪਕ ਦੀ ਬੇਟੀ ਹੈ, ਜੋ ਪੁੱਤਰ ਦੇ ਜਨਮ ਦੀ ਚਾਹਨਾ ਕਰਦਾ-ਕਰਦਾ ਕਈ ਧੀਆਂ ਦਾ ਬਾਪ ਬਣ ਗਿਆ ਹੈ। ਉਸ ਦੀ ਮਾਂ ਸੁਸ਼ੀਲ ਵਾਂਗ ਹੀ ਸੁੰਦਰ ਨਾਰੀ ਸੀ, ਪਰ ਉਪਰੋ-ਥਲੀ ਦੇ ਕਈ ਜਣੇਪਿਆਂ ਨਾਲ ਰੋਗਣ ਔਰਤ ਬਣ ਗਈ ਹੈ। ਘਰ ਦੇ ਨਾਸਾਜ਼ਗਾਰ ਹਾਲਾਤ ਨੇ ਸੁਸ਼ੀਲ ਕੌਰ ਨੂੰ ਵੀ ਚੰਚਲ ਸਿੰਘ ਵਾਂਗ ਉਮਰ ਨਾਲੋਂ

ਵੱਧ ਸਿਆਣੀ ਅਤੇ ਵੱਧ ਫ਼ਿਕਰਮੰਦ ਬਣਾ ਦਿੱਤਾ ਹੈ। ਬੀ.ਏ. ਬੀ.ਐੱਡ. ਕਰਕੇ ਸਕੂਲ ਅਧਿਆਪਕਾ ਬਣਦੀ ਹੈ, ਲਿਆਕਤ ਨਾਲ ਹਰਮਨ-ਪਿਆਰੀ ਅਧਿਆਪਕਾ ਸਿੱਧ ਹੁੰਦੀ ਹੈ। ਬੱਚੇ ਉਸ ਪਾਸ ਟਿਊਸ਼ਨਾਂ ਪੜ੍ਹਨ ਲਈ ਕਤਾਰ ਬੰਨ੍ਹੀ ਰੱਖਦੇ ਹਨ। ਪਰ ਕਾਲਿਜ ਅਧਿਆਪਕ ਸ: ਜਸਵੰਤ ਸਿੰਘ ਦਾ ਤੁਣਕਾ ਵੱਜਣ ਕਰਕੇ ਚੰਗੀ ਤਨਖਾਹ ਤੇ ਟਿਊਸ਼ਨਾਂ ਦੀ ਉਪਰਲੀ ਕਮਾਈ ਛੱਡ ਕੇ ਯੂਨੀਵਰਸਿਟੀ ਵਿਚ ਐੱਮ.ਏ. ਇਤਿਹਾਸ ਦੀ ਵਿਦਿਆਰਥਣ ਬਣ ਜਾਂਦੀ ਹੈ। ਲਾਇਕ ਹੈ ਹੀ। ਇਤਿਹਾਸ ਵਿਭਾਗ ਦੇ ਸੁਯੋਗ ਅਧਿਆਪਕ ਉਸ ਨੂੰ ਪ੍ਰੇਰਦੇ ਹਨ, ਐੱਮ.ਏ. ਕਰਕੇ ਸਿਰਫ ਪ੍ਰਾਧਿਆਪਕ ਨਾ ਬਣ, ਇਤਿਹਾਸ ਦੀ ਖੋਜਣ ਬਣ। ਉਹ ਖੋਜ ਲਈ 'ਕਾਲਿਜ ਪੱਧਰ ਤਕ ਪਹੁੰਚੀਆਂ ਪੰਜਾਬੀ ਔਰਤਾਂ ਦੀ ਮੁਕਤੀ' ਦੇ ਵਿਸ਼ੇ ਉੱਤੇ ਖੋਜ ਕਰਦੀ ਹੈ। ਪੀਐੱਚ.ਡੀ. ਦੀ ਡਿਗਰੀ ਹਾਸਲ ਕਰਕੇ ਯੂਨੀਵਰਸਿਟੀ ਵਿਚ ਹੀ ਪ੍ਰਾਧਿਆਪਕਾ ਭਰਤੀ ਹੁੰਦੀ ਹੈ। ਚੰਚਲ ਸਿੰਘ ਵਾਂਗ ਸੁਸ਼ੀਲ ਵੀ ਸਫਲ ਤੇ ਲੋਕਪ੍ਰਿਯ ਬਣਦੀ ਹੈ, ਪਰ ਨਾਰੀ ਹੋਣ ਕਰਕੇ ਉਸ ਦਾ ਸੰਘਰਸ਼ ਭਰਪੂਰ ਜੀਵਨ ਕੰਡਿਆਲਾ ਰਾਹ ਸਿੱਧ ਹੁੰਦਾ ਹੈ। ਪਹਿਲਾਂ ਕਾਲਿਜ ਵਿਚ ਪੜ੍ਹਦਿਆਂ, ਪਿੱਛੋਂ ਸਕੂਲ ਵਿਚ ਪੜ੍ਹਾਉਂਦਿਆਂ ਅਤੇ ਅੰਤ ਯੂਨੀਵਰਸਿਟੀ ਵਿਚ ਪੜ੍ਹਦਿਆਂ ਤੇ ਖੋਜ ਕਰਦਿਆਂ ਸੁਸ਼ੀਲ ਦੇ ਸੰਪਰਕ ਵਿਚ ਕਈ ਦਰਜਨ ਪੁਰਖ ਤੇ ਨਾਰੀਆਂ, ਖਾਸ ਤੌਰ 'ਤੇ ਨਾਰੀਆਂ, ਆਉਂਦੇ ਹਨ। ਸੁਸ਼ੀਲ ਦੀ ਹੱਡ ਬੀਤੀ ਤੇ ਉਸ ਦੇ ਸੰਪਰਕ ਵਿਚ ਆਏ ਪੁਰਖ-ਨਾਰੀਆਂ ਦੀ ਹੱਡ ਬੀਤੀ ਤੇ ਵਤੀਰੇ ਆਧੁਨਿਕ ਪੰਜਾਬੀ ਸਮਾਜ ਦਾ ਯਥਾਰਥ ਉਘਾੜਦੇ ਹਨ। ਨਾਵਲ ਸਿੱਧ ਕਰਦਾ ਹੈ, ਆਧੁਨਿਕ ਸਮਾਜ ਪੁਰਾਣੇ ਮੱਧ ਕਾਲੀਨ ਸਮਾਜ ਨਾਲੋਂ ਅਨੇਕ ਪੱਖਾਂ ਤੋਂ ਵਧੇਰੇ ਮਨੁੱਖ-ਹਿਤੈਸ਼ੀ ਹੈ। ਵਧੇਰੇ ਸੱਭਿਆ ਹੈ। ਇਹ ਮਨੁੱਖ ਨੂੰ ਅੱਗੇ ਵਧਣ ਤੇ ਸਫਲਤਾ ਪ੍ਰਾਪਤ ਕਰਨ ਵਿਚ ਸਹਾਈ ਹੁੰਦਾ ਹੈ। ਤਾਂ ਵੀ ਪ੍ਰਬੰਧ ਵਿਚ ਵੀ ਖਾਮੀਆਂ ਹਨ, ਤੇ ਅਨੇਕ ਵਿਅਕਤੀਆਂ ਦੇ ਵਤੀਰੇ ਵਿਚ ਵੀ।

ਆਪਣਾ ਬਿਲਕੁਲ ਨਵਾਂ ਨਾਵਲ 'ਰੁਪਏ ਪੈਸੇ' ਮੈਂ 1947 ਤੋਂ 1970 ਈ: ਤਕ ਦਾ ਪੰਜਾਬ ਧਿਆਨ ਵਿਚ ਰੱਖ ਕੇ ਲਿਖਿਆ ਹੈ। ਇਸ ਵਿਚ 1947 ਦੀ ਵੰਡ ਦਾ ਦੁਖਾਂਤ ਨਹੀਂ ਚਿਤਰਿਆ। ਪਰ ਵੰਡ ਵੇਲੇ ਸ਼ਰਨਾਰਥੀ ਬਣ ਕੇ ਪੂਰਬੀ ਪੰਜਾਬ ਵਿਚ ਆਏ ਟੱਬਰਾਂ ਦਾ ਪੁਨਰ-ਵਸੇਬੇ ਦਾ ਸੰਘਰਸ਼ ਪੇਸ਼ ਕੀਤਾ ਹੈ। ਮੇਰੇ ਪਿਛਲੇ ਨਾਵਲਾਂ ਵਾਂਗ ਹੀ ਇਸ ਵਿਚ ਵੀ ਪਦਾਰਥਕ ਆਰਥਿਕ ਹਾਲਾਤ ਦੇ ਵੇਰਵਿਆਂ ਦੀ ਪੇਸ਼ਕਾਰੀ ਉੱਤੇ ਜ਼ੋਰ ਨਹੀਂ, ਜ਼ੋਰ ਹੈ, ਇਨ੍ਹਾਂ ਹਾਲਾਤ ਵਿਚ ਜਿਊਣ ਲਈ ਜੂਝ ਰਹੇ ਪੁਰਖਾਂ-ਨਾਰੀਆਂ ਦੇ ਚਰਿੱਤਰ ਚਿੱਤਰਣ ਉੱਤੇ। ਮੈਂ ਹਮੇਸ਼ਾ ਇਹ ਮੰਨ ਕੇ ਨਾਵਲ ਲਿਖਦਾ ਹਾਂ ਕਿ ਹਾਲਾਤ ਤੇ ਕਿਰਦਾਰ ਇਕ-ਦੂਜੇ ਨਾਲ ਜੁੜੇ ਹੁੰਦੇ ਹਨ। ਪਾਤਰ ਦਾ ਵਿਅਕਤਿਤਵ, ਜੋ ਯਥਾਰਥ ਪੇਸ਼ ਕਰਦਾ ਹੈ, ਉਹ ਘਟਨਾਵੀ-ਵਿਸਥਾਰ ਨਹੀਂ। ਮਿਸਾਲ ਦੇ ਤੌਰ 'ਤੇ ਇਸ ਨਾਵਲ ਵਿਚ ਇੱਟਾਂ ਦੇ ਭੱਠੇ ਦਾ ਮਾਲਕ ਤੇਜਾ ਸਿੰਘ ਤੇ ਉਸ ਦੇ ਭੱਠੇ ਦਾ ਮੁਨਸ਼ੀ ਮਹਿੰਦਰ ਸਿੰਘ ਤੇ ਗੁਰਦੁਆਰੇ ਦਾ ਗ੍ਰੰਥੀ ਮੋਹਨ ਸਿੰਘ ਗੁਜਰਾਂਵਾਲੇ ਤੋਂ ਆਏ ਹੋਏ ਤੇ ਇਧਰ ਆ ਕੇ ਨੇੜੇ-ਨੇੜੇ ਵਸੇ ਹੋਏ ਸ਼ਰਨਾਰਥੀ ਹਨ। ਇਕ-ਦੂਜੇ ਨੂੰ ਜਾਣਦੇ ਹਨ। ਤੇਜਾ ਸਿੰਘ ਅਮੀਰ ਤਾਂ ਹੈ ਹੀ, ਕਠੋਰ, ਸੰਵੇਦਨਾ ਤੋਂ ਖਾਲੀ ਤੇ ਬੜਬੋਲਾ ਹੈ। ਧਨ ਤੇ ਸੰਪਤੀ ਇਕੱਠੀ ਕਰ ਲੈਂਦਾ ਹੈ। ਪਰ ਦੁਖੀ ਹੈ। ਮਹਿੰਦਰ ਸਿੰਘ ਤੇ ਗ੍ਰੰਥੀ ਮੋਹਨ ਸਿੰਘ ਵੀ ਬਹੁਤੇ ਸੁਖੀ ਨਹੀਂ। ਸੰਘਰਸ਼ ਕਰਕੇ ਵੀ ਕਾਫੀ ਖੁਸ਼ਹਾਲ ਨਹੀਂ। ਮੋਹਨ ਸਿੰਘ ਨੂੰ ਆਪਣੀ ਵਿਆਹੀ ਧੀ ਪ੍ਰਕਾਸ਼ੋ ਦੇ ਕਸ਼ਟ ਹੀ ਟਿਕਣ ਨਹੀਂ ਦਿੰਦੇ। ਉਸ ਦਾ ਜੁਆਈ, ਜੋ ਆਪਣੇ-ਆਪ ਨੂੰ ਧਰਮੀ-ਕਰਮੀ ਦੱਸਦਾ ਹੈ, ਆਪਣੇ ਅਲਗਰਜ਼-ਪੁਣੇ ਰਾਹੀਂ ਆਪਣਾ ਟੱਬਰ ਰੋਲ਼ ਛੱਡਦਾ ਹੈ, ਤੇ ਪਿਛੋਂ ਬੇਵਕਤ ਮੌਤ ਮਰ ਜਾਂਦਾ ਹੈ। ਬਾਪੂ

ਸਰੂਪ ਸਿੰਘ, ਜੋ ਗੁਜਰਾਂਵਾਲੇ ਵਿਚ ਵੀ ਮੋਢੇ ਉਤੇ ਕੱਪੜਿਆਂ ਦੀ ਡੱਗੀ ਚੁੱਕ ਕੇ ਕੱਪੜੇ ਵੇਚਦਾ ਸੀ, ਇਧਰ ਆ ਕੇ ਵੀ ਇਹੋ ਕਿੱਤਾ ਜਾਰੀ ਰੱਖਦਾ ਹੈ, ਉਸ ਦੇ ਪੁੱਤਰ ਮੁਨਸ਼ੀ ਮਹਿੰਦਰ ਸਿੰਘ, ਗ੍ਰੰਥੀ ਮੋਹਨ ਸਿੰਘ, ਇਨ੍ਹਾਂ ਦਾ ਛੋਟਾ ਭਰਾ ਦਿਲਬਾਗ ਸਿੰਘ, ਜੋ ਮੈਟ੍ਰਿਕ ਪਾਸ ਹੋਣ ਕਰਕੇ ਪੀ. ਡਬਲਿਊ. ਡੀ. ਵਿਚ ਕਲਰਕ ਹੈ, ਅੱਗੋਂ ਇਨ੍ਹਾਂ ਤਿੰਨਾਂ ਦੇ ਪੁੱਤਰ ਗੁਰਬਖਸ਼ ਸਿੰਘ, ਹਰਬਖਸ਼ ਸਿੰਘ, ਗੁਰਦਿਆਲ ਸਿੰਘ, ਹਰਦਿਆਲ ਸਿੰਘ ਤੇ ਗੁਰਿੰਦਰ ਸਿੰਘ ਜੋ ਵਡੇਰਿਆਂ ਨਾਲੋਂ ਜ਼ਿਆਦਾ ਪੜ੍ਹ ਜਾਂਦੇ ਹਨ, ਬਿਹਤਰ ਰੁਜ਼ਗਾਰ ਪ੍ਰਾਪਤ ਕਰਦੇ ਹਨ, ਬਦਲ ਰਹੇ ਪੰਜਾਬ ਤੇ ਉੱਨਤ ਹੋ ਰਹੇ ਪੰਜਾਬ ਦਾ ਯਥਾਰਥ ਤਾਂ ਉਘਾੜਦੇ ਹਨ ਪਰ ਮੇਰਾ ਧਿਆਨ ਵਸਤੂ-ਵੇਰਵੇ ਦੇਣ ਵੱਲ ਨਹੀਂ, ਇਨਸਾਨੀ ਕਿਰਦਾਰਾਂ ਦੀ ਗਹਿਰਾਈ ਫਰੋਲਣ ਵੱਲ ਹੈ। ਮੇਰਾ ਨਿਸ਼ਾਨਾ ਇਹ ਜਾਨਣ ਵੱਲ ਹੈ ਕਿ ਇਹ ਕਿਸ ਪ੍ਰਕਾਰ ਦੇ ਇਨਸਾਨ ਹਨ? ਮਨੁੱਖੀ ਸਮਾਜ ਵੱਲ ਇਨ੍ਹਾਂ ਦਾ ਵਤੀਰਾ ਕੀ ਹੈ? ਕੀ ਇਹ ਸੰਸਾਰ ਨੂੰ ਬਿਹਤਰ ਬਣਾ ਰਹੇ ਹਨ ਜਾਂ ਰੁਜ਼ਗਾਰ ਕਮਾ ਕੇ ਸਿਰਫ ਆਪਣਾ ਢਿੱਡ ਹੀ ਭਰ ਰਹੇ ਹਨ? ਪੀ.ਡਬਲਿਊ.ਡੀ. ਮਹਿਕਮਾ ਭ੍ਰਿਸ਼ਟਾਚਾਰ ਲਈ ਬਦਨਾਮ ਹੈ। ਦਿਲਬਾਗ ਸਿੰਘ ਈਮਾਨਦਾਰ ਕਰਮਚਾਰੀ ਹੈ। ਪਰ ਮੇਰਾ ਨਾਵਲ ਭ੍ਰਿਸ਼ਟਾਚਾਰ ਤੇ ਈਮਾਨਦਾਰੀ ਦੀ ਸਮੱਸਿਆ ਤਕ ਸੀਮਤ ਨਹੀਂ। ਗ਼ਰੀਬੀ ਤੇ ਅਮੀਰੀ ਦੇ ਫ਼ਰਕ ਦੱਸਣ ਤਕ ਸੀਮਤ ਨਹੀਂ। ਮੈਂ ਇਹ ਪਦਾਰਥਕ ਤੇ ਆਰਥਿਕ ਮਸਲੇ ਨਜ਼ਰਅੰਦਾਜ਼ ਨਹੀਂ ਕਰਦਾ। ਪਰ ਮੇਰੀ ਮੁੱਖ ਦਿਲਚਸਪੀ ਇਨਸਾਨਾਂ ਵਿਚ ਹੈ। ਉਨ੍ਹਾਂ ਦੀਆਂ ਸੋਚਾਂ ਤੇ ਭਾਵਨਾਵਾਂ ਵਿਚ ਹੈ। ਮੈਂ ਅੰਤਰ-ਚੇਤਨਾ ਦੀ ਝਾਤ ਪੁਆਉਣ ਵਾਲਾ ਨਾਵਲਕਾਰ ਵੀ ਨਹੀਂ। ਚੇਤਨਾ ਦੀਆਂ ਤਹਿਆਂ ਫੋਲਦਾ ਹੀਂ। ਰੁਪਏ ਪੈਸੇ ਲਈ ਆਪਣੇ ਪਾਤਰਾਂ ਦਾ ਸੰਘਰਸ਼ ਵੀ ਪੇਸ਼ ਕਰਦਾ ਹਾਂ। ਆਰਥਿਕ ਤੇ ਪਦਾਰਥਕ ਲੁੱਟ ਵੀ ਚਿਤਰਦਾ ਹਾਂ। ਪਰ ਧਿਆਨ ਕੇਂਦਰਤ ਇਨਸਾਨਾਂ ਦੇ ਇਨਸਾਨੀਪੁਣੇ ਉੱਤੇ ਕਰਦਾ ਹਾਂ। ਮੇਰਾ ਵਿਸ਼ਵਾਸ ਹੈ ਕਿ ਮਨੁੱਖਾਂ ਨੇ ਹੀ ਮਨੁੱਖੀ ਸਮਾਜ ਦੇ ਮਸਲੇ ਹੱਲ ਕਰਨੇ ਹਨ। ਗ਼ਰੀਬੀ, ਬੇਰੁਜ਼ਗਾਰੀ, ਪਛੜੇਵਾਂ, ਜ਼ਾਤ-ਪਾਤ, ਫ਼ਿਰਕੂ-ਪਾੜਾ ਸਭ ਮਸਲੇ ਮਨੁੱਖੀ ਦੁਨੀਆ ਲਈ ਕਲੰਕ ਹਨ। ਮੇਰੇ ਨਾਵਲਾਂ ਦੇ ਪਾਤਰ ਇਨ੍ਹਾਂ ਮਸਲਿਆਂ ਬਾਰੇ ਚੇਤੰਨ ਹਨ। ਜੇ ਕੋਈ ਸੰਘਰਸ਼ ਛਿੜਦਾ ਹੈ ਤਾਂ ਉਸ ਵਿਚ ਕੁੱਦਦੇ ਵੀ ਹਨ। ਸਿਧਾਂਤਾਂ ਤੇ ਆਦਰਸ਼ਾਂ ਵੱਲ ਵੀ ਉਨ੍ਹਾਂ ਦਾ ਧਿਆਨ ਹੈ। ਮੇਰੀ ਨਾਵਲਕਾਰੀ ਸਮਾਜ ਵੱਲ, ਸਮੂਹਕ ਜੀਵਨ ਵੱਲ, ਧਿਆਨ ਦਿੰਦੀ ਹੋਈ ਮਨੁੱਖ-ਕੇਂਦਰਤ ਹੈ। ਮੈਂ ਇਹ ਮੰਨਦਾ ਹਾਂ, ਮਨੁੱਖ ਮੂਲ ਰੂਪ ਵਿਚ ਸਵਾਰਥੀ ਹੈ। ਪਹਿਲਾਂ ਆਪਣਾ ਹਿਤ ਦੇਖਦਾ ਹੈ ਪਰ ਮੇਰਾ ਇਹ ਵੀ ਵਿਸ਼ਵਾਸ ਹੈ ਕਿ ਪਰ-ਹਿਤ ਤੋਂ ਬਿਲਕੁਲ ਨਿਰਲੇਪ ਵਿਅਕਤੀ ਵੀ ਕਦੇ ਖੁਸ਼ ਨਹੀਂ ਹੋ ਸਕਦਾ। ਸਵੈ-ਹਿਤ ਵੱਲ ਧਿਆਨ ਦਿੰਦਿਆਂ ਪਰ-ਹਿਤ ਬਾਰੇ ਚਿੰਤਾ ਤੇ ਚਿੰਤਨ ਕਰਨ ਵਾਲਾ ਮਨੁੱਖ ਹੀ ਅਸਲੀ ਮਨੁੱਖ ਹੈ। ਇਹੋ ਜਿਹਾ ਮਨੁੱਖ ਹੀ ਸੰਸਾਰ ਨੂੰ ਬਿਹਤਰ ਸੰਸਾਰ ਬਣਾ ਸਕਦਾ ਹੈ। ਮੇਰੇ ਨਾਵਲ ਇਨਸਾਨੀ ਸਮਾਜ ਦੀ ਖੋਜ ਹਨ। ਮੇਰੇ ਨਾਇਕ-ਨਾਇਕਾਵਾਂ ਆਦਰਸ਼ਕ ਸੱਚੇ ਵਿਚ ਢਲੇ ਹੋਏ ਮਨੁੱਖ ਨਹੀਂ। ਉਹ ਸਿਧਾਂਤਾਂ ਤੇ ਆਦਰਸ਼ਾਂ ਦੇ ਕੱਟੜ ਪੈਰੋਕਾਰ ਵੀ ਨਹੀਂ। ਆਪਣੀਆਂ ਤੇ ਆਪਣੇ ਪਰਿਵਾਰ ਦੀਆਂ ਲੋੜਾਂ ਵੱਲ ਧਿਆਨ ਦੇਣ ਵਾਲੇ ਲੋਕ ਹਨ। ਉਨ੍ਹਾਂ ਦਾ ਸੰਘਰਸ਼ ਨਿੱਜੀ ਸੰਘਰਸ਼ ਹੈ। ਤਾਂ ਵੀ ਉਹ ਬੇਦਰਦ ਲੋਕ ਨਹੀਂ। ਇਨਸਾਨ-ਦੋਸਤ ਹਨ। ਪਿਆਰ-ਮੁਹੱਬਤ ਦੇ ਰਿਸ਼ਤਿਆਂ ਨੂੰ ਬਹੁਤ ਮਹੱਤਵ ਦਿੰਦੇ ਹਨ। ਕਦੇ-ਕਦੇ ਤਾਂ ਚਿੰਤਾਵਾਂ ਦੀਆਂ ਪੰਡਾਂ ਚੁੱਕੀ ਫਿਰਦੇ ਹਨ। ਤਾਂ ਵੀ ਜਿਊਣਾ ਨਹੀਂ ਭੁੱਲਦੇ। ਆਪਣਾ ਜਿਊਣਾ ਵੀ, ਨਿਕਟਵਰਤੀਆਂ ਦਾ ਜਿਊਣਾ ਵੀ।

ਮੇਰਾ ਨਾਵਲ 'ਰੁਪਏ ਪੈਸੇ' ਪਾਤਰਾਂ ਦੀ ਗਿਣਤੀ, ਪਾਤਰਾਂ ਦੀ ਵੰਨ-ਸੁਵੰਨਤਾ,

ਪਾਤਰਾਂ ਦੇ ਵਿਵਹਾਰਕ ਵੇਰਵਿਆਂ ਅਤੇ ਘਟਨਾਵਾਂ ਦੀ ਵੰਨ-ਸੁਵੰਨਤਾ ਦੇ ਲਿਹਾਜ਼ ਨਾਲ ਮੇਰੇ ਪਹਿਲੇ ਨਾਵਲਾਂ ਨਾਲੋਂ ਵਧੇਰੇ ਸੰਘਣਾ ਹੈ। ਇਹ 1947 ਤੋਂ 1970 ਤਕ ਦੇ ਮੁੜ-ਵਸੇਬੇ ਲਈ ਸੰਘਰਸ਼ ਕਰ ਰਹੇ ਪੰਜਾਬ ਨੂੰ ਧਿਆਨ ਵਿਚ ਰੱਖ ਕੇ ਲਿਖਿਆ ਗਿਆ ਨਾਵਲ ਜ਼ਰੂਰ ਹੈ, ਪਰ ਇਨਸਾਨੀ ਫ਼ਿਤਰਤ ਤੇ ਸਮਾਜਕ-ਯਥਾਰਥ ਨੂੰ ਸਮਝਣ ਲਈ ਵਿਸ਼ਾਲ ਚਿਤਰ-ਪੱਟ ਵਾਲੀ ਲਿਖਤ ਹੈ। ਸਰਕਾਰ ਤੇ ਪਰਜਾ, ਭ੍ਰਿਸ਼ਟਾਚਾਰ ਤੇ ਇਮਾਨਦਾਰੀ, ਅਮੀਰੀ ਤੇ ਗ਼ਰੀਬੀ, ਧਰਮ ਤੇ ਜ਼ਾਤਾਂ, ਨੈਤਿਕਤਾ ਤੇ ਪਾਖੰਡ, ਬਜ਼ੁਰਗ ਤੇ ਜਵਾਨ, ਔਰਤਾਂ ਦੇ ਮਰਦ, ਆਰਥਿਕਤਾ ਤੇ ਉਸ ਨਾਲ ਜੂਝ ਰਿਹਾ ਇਨਸਾਨ ਇਸ ਨਾਵਲ ਵਿਚ ਅੰਤਰ-ਸੰਬੰਧਤ ਹਨ। ਇਹ ਛਿੱਲੜ ਹਨ, ਜਿਨ੍ਹਾਂ ਵਿਚ ਅਸਲ ਚੀਜ਼ ਗਿਰੀ ਹੁੰਦੀ ਹੈ। ਗਿਰੀ ਮੇਰੇ ਲਈ ਮਨੁੱਖ ਹੈ, ਜੋ ਸਵਾਰਥੀ ਹੁੰਦਾ ਹੋਇਆ ਇਨਸਾਨੀ ਦੁਨੀਆ ਬਾਰੇ ਫ਼ਿਕਰਮੰਦ ਹੈ, ਜੋ ਇਨਸਾਨੀ ਸਮਾਜ ਦੇ ਚੰਗੇਰੇ ਭਵਿੱਖਤ ਬਾਰੇ ਸੋਚਦਾ ਹੈ। ਉਹ ਸੰਸਾਰ ਨੂੰ ਬਿਹਤਰ ਸੰਸਾਰ ਬਣਾਉਣਾ ਚਾਹੁੰਦਾ ਹੈ।

ਪਿੱਛੇ ਵਰਣਤ ਤਿੰਨ ਨਾਵਲਾਂ ਦੇ ਮੁੱਖ ਪਾਤਰ ਬੁੱਧੀਮਾਨ ਹਨ। ਜੇ ਘੱਟ ਪੜ੍ਹੇ-ਲਿਖੇ ਹਨ ਤਾਂ ਹੋਰ ਪੜ੍ਹਨ ਦਾ ਯਤਨ ਕਰਦੇ ਹਨ। ਇਨ੍ਹਾਂ ਪਾਤਰਾਂ ਦਾ ਸੰਘਰਸ਼ ਸਰੀਰਕ ਨਾਲੋਂ ਬੌਧਿਕ ਵੱਧ ਹੈ। ਪਰ ਮੇਰੇ ਨਾਵਲ 'ਪਰਿਵਾਰ' ਦੇ ਦੋਵੇਂ ਮੁੱਖ ਪਾਤਰ ਜੁਗਿੰਦਰ ਸਿੰਘ ਤੇ ਉਸ ਦਾ ਪੁੱਤਰ ਸਰਵਣ ਸਿੰਘ ਬੁੱਧੀਮਾਨ ਵਿਅਕਤੀ ਨਹੀਂ। ਉਨ੍ਹਾਂ ਨੂੰ ਅਸੀਂ ਘੱਟ ਅਕਲਮੰਦ ਲੋਕ ਕਹਿ ਸਕਦੇ ਹਾਂ। ਅੰਗਰੇਜ਼ੀ ਭਾਸ਼ਾ ਵਿਚ ਇਨ੍ਹਾਂ ਨੂੰ mediocre ਬੰਦੇ ਕਹਿੰਦੇ ਹਨ। ਪਰ ਨਾਵਲ ਦੀ ਕਹਾਣੀ ਸਿੱਧ ਕਰਦੀ ਹੈ ਕਿ ਇਹੋ ਜਿਹੇ ਘੱਟ ਬੁੱਧੀਮਾਨ ਲੋਕ ਵੀ ਕਠਿਨ ਸੰਘਰਸ਼ ਕਰਦੇ ਹਨ ਤੇ ਜ਼ਿੰਦਗੀ ਦੀ ਬਿਹਤਰੀ ਵਿਚ ਹਿੱਸਾ ਪਾਉਂਦੇ ਹਨ। ਪੰਜਾਬ ਦੇ ਨੱਬੇ ਫ਼ੀਸਦੀ ਲੋਕ ਇਸੇ ਵਰਗ ਵਿਚ ਆਉਂਦੇ ਹਨ। ਉਨ੍ਹਾਂ ਨੇ ਪਿਛਲੀ ਇਕ ਸਦੀ ਵਿਚ ਹਾਲਾਤ ਨਾਲ ਟੱਕਰ ਲਈ। ਆਪਣਾ ਜੀਵਨ ਵੀ ਬਦਲਿਆ। ਪੰਜਾਬ ਨੂੰ ਵੀ ਬਦਲਿਆ। ਅਸਲ ਵਿਚ ਮਿਸਤਰੀ ਜੁਗਿੰਦਰ ਸਿੰਘ, ਜੋ ਬਹੁਤ ਘੱਟ ਪੜ੍ਹਿਆ ਵਿਅਕਤੀ ਹੈ ਤੇ ਉਸ ਦਾ ਪੁੱਤਰ ਸਰਵਣ, ਜੋ ਬੀ.ਕਾਮ ਕਰਦਾ ਹੈ, ਸਰਵਣ ਦੀ ਮਾਂ, ਜੋ ਬਿਲਕੁਲ ਅਨਪੜ੍ਹ ਹੈ, ਜ਼ਿੰਦਗੀ ਦੇ ਕਸ਼ਟਾਂ ਵਿਚ ਸੰਘਰਸ਼ ਕਰਦੇ ਹੋਏ ਡੂੰਘੀ ਚਿੰਤਾ ਤੇ ਚਿੰਤਨ ਵਿਚੋਂ ਲੰਘਦੇ ਹਨ। ਇਨਸਾਨੀ ਸਿਆਣਪ ਦੀ ਉੱਚੀ ਮਿਸਾਲ ਪੇਸ਼ ਕਰਦੇ ਹਨ। ਅਨਪੜ੍ਹ ਰਾਮ ਕੌਰ, ਜਿਸ ਨੇ ਸਰਵਣ ਦੀ ਟਾਈਫਾਈਡ ਦੀ ਲੰਮੀ ਬਿਮਾਰੀ ਵਿਚ ਪੁੱਤਰ ਦੇ ਦਰ ਉਤੇ ਮੌਤ ਖੜ੍ਹੀ ਦੇਖੀ, ਪੁੱਤਰ ਦੇ ਬਚ ਜਾਣ ਤੋਂ ਬਾਅਦ ਨੂੰਹ ਨੂੰ ਜੋ ਗੱਲਾਂ ਕਹਿੰਦੀ ਹੈ, ਉਨ੍ਹਾਂ ਵਿਚ ਦਾਰਸ਼ਨਿਕਤਾ ਹੈ। ਰਾਮ ਕੌਰ ਦੇ ਦਾਰਸ਼ਨਿਕ ਬੋਲ ਸਾਡੀ ਉਸ ਲੋਕ-ਸਿਆਣਪ ਦਾ ਪ੍ਰਮਾਣ ਹਨ, ਜੋ ਹਜ਼ਾਰਾਂ ਸਾਲਾਂ ਦੇ ਜੀਵਨ-ਸੰਘਰਸ਼ ਵਿਚ ਸਾਡੇ ਲੋਕਾਂ ਨੇ ਸਿੱਖੀ ਤੇ ਸਾਡੀ ਸੱਭਿਅਤਾ ਤੇ ਸਿਆਣਪ ਦਾ ਹਿੱਸਾ ਬਣਾਈ।

ਮੈਂ ਆਪਣੇ ਨਾਵਲਾਂ ਵਿਚ ਉਹ ਕੁਝ ਪੇਸ਼ ਕੀਤਾ ਹੈ, ਜੋ ਪੰਜਾਬੀ ਨਾਵਲ ਵਿਚ ਪਹਿਲਾਂ ਨਹੀਂ ਸੀ। ਤਾਂ ਵੀ ਮੈਂ ਸੰਤੁਸ਼ਟ ਨਹੀਂ ਹਾਂ। ਮੈਂ ਅੱਗੋਂ ਹੋਰ ਨਾਵਲ ਲਿਖਾਂਗਾ, ਤੇ ਪੰਜਾਬ ਜਨ-ਜੀਵਨ ਦੇ ਅਣਛੋਹੇ ਵਰਤਾਰਿਆਂ ਦੇ ਹੋਰ ਝਲਕਾਰੇ ਪੇਸ਼ ਕਰਾਂਗਾ। ਮੈਨੂੰ ਪ੍ਰਤੀਤ ਹੁੰਦਾ ਹੈ, ਪੰਜਾਬੀ ਬੰਦਾ ਨਾਨਾ ਪ੍ਰਕਾਰ ਦੇ ਹਾਲਾਤ ਵਿਚੋਂ ਲੰਘਦਾ ਹੈ। ਉਸ ਦੀਆਂ ਸੋਚਾਂ ਤੇ ਅਹਿਸਾਸ ਹੋਰ ਘੋਖ ਮੰਗਦੇ ਹਨ। ਉਸ ਨੇ ਸੁੱਖ ਹਾਸਲ ਕੀਤੇ ਹਨ, ਪਰ ਉਸ ਦੇ ਦੁੱਖਾਂ, ਉਦਾਸੀਆਂ ਤੇ ਨਿਰਾਸਤਾਵਾਂ ਦਾ ਵੀ ਕੋਈ ਅੰਤ ਨਹੀਂ। ਇਹੋ ਜਿਹੇ ਵਿਰਲੇ-ਵਿਰਲੇ ਪੰਜਾਬੀ ਵੀ ਬਹੁਤ ਹਨ, ਜੋ ਜੀਵਨ ਦੇ ਦਰਸ਼ਨ ਦੀ ਤਲਾਸ਼ ਵਿਚ ਹਨ। ਮੈਂ ਜੀਵਨ-ਦਰਸ਼ਨ ਦੇ ਮੁਤਲਾਸ਼ੀ ਪੰਜਾਬੀ ਪਾਤਰਾਂ ਦੀ ਤਲਾਸ਼ ਵਿਚ ਹਾਂ। ❑❑

[628, ਗ੍ਰੀਨ ਮਾਡਲ ਟਾਊਨ, ਜਲੰਧਰ 144 001, ਫੋਨ : 98720-42611]

ਈਕੋਲੋਜੀ, ਚੀਨ ਅਤੇ ਜਗਤ-ਸਰਦਾਰੀ: ਨਿਬੰਧ: ਸੁਰਜੀਤ ਹਾਂਸ

ਇਕ ਗੱਲ ਸ਼ਬਦਾਂ ਬਾਰੇ। ਸੁਣਨ ਵਿਚ economics ਅਤੇ ecology ਦੀ ਕੋਈ ਸਾਂਝ ਲਗਦੀ ਹੈ ਜਿਹੜੀ ਦੂਰ ਦੀ ਗੱਲ ਹੈ। ਯੂਨਾਨੀ ਲਫਜ਼ ਈਕੋਸ (ecos) ਮਾਅਨੇ 'ਘਰ' ਤੋਂ ਬਣੇ ਤਿੰਨ ਵਿਸ਼ੇ ਹਨ। ਪਰਿ (ਸਭ ਪਾਸੇ)-ਆ (ਤਕ)-ਵਰਣ (ਦਰਿਆ) environment ਜਾਂ ਚੌਗਿਰਦਾ ਹੈ। ਪਰਿਆਵਰਣ ਤੋਂ ਅੱਗੇ ਸਮੂਹ ਜੀਵਾਂ ਦਾ ਜਗਤ ਨਾਲ ਸੰਬੰਧ ecology ਜੀਵ-ਆਯਨ (ਘਰ) ਜੀਵਾਯਨ ਹੈ। ਚੀਨ ਜੀਵਾਯਨ ਸਿਰਜਦਾ ਵਿਸ਼ਵ ਆਗੂ ਹੋਣਾ ਚਾਹੁੰਦਾ ਹੈ। ਨਿੱਜੀ 'ਅਨੁਵਾਦਤ ਪ੍ਰਸ਼ਬਦਾਂ' ਨੂੰ ਪ੍ਰਮਾਣਤ ਸਮਝਣਾ ਕਾਹਲ ਦੀ ਭੁੱਲ ਹੈ। 'ਸਰਮਾਇਆ', 'ਸਰਮਾਏਦਾਰ', 'ਸਰਮਾਏਦਾਰੀ ਨੂੰ ਪ੍ਰਮਾਣਕ ਹੋਣ ਲਈ 11ਵੀਂ ਸਦੀ ਤੋਂ 20ਵੀਂ ਸਦੀ ਆ ਗਈ ਸੀ। ਇਸੇ ਕਰਕੇ ਇਹਨਾਂ ਨਾਲ ਅੰਗਰੇਜ਼ੀ ਲਿਖੀ ਹੈ। ਵਿਕਾਸ ਦੀ ਮਹੱਤਾ ਦਾ ਅਨੁਮਾਨ ਪਰਿਆਵਰਨ ਦੀ ਮੁਸ਼ਕਲ ਤੋਂ ਲੱਗ ਸਕਦਾ ਹੈ। ਚੀਨ 'ਚ ਹਰ ਸਾਲ ਹਵਾ ਦੇ ਪ੍ਰਦੂਸ਼ਨ ਕਾਰਨ 5 ਲੱਖ ਬੰਦੇ ਮਰਦੇ ਹਨ। ਕੁਝ ਆਲੋਚਕਾਂ ਦਾ ਖਿਆਲ ਹੈ ਕਿ ਚੀਨ ਦੀ ਪੈਦਾਵਾਰ ਦੀ ਤੇਜ਼ ਵ੍ਰਿਧੀ ਦੀ ਕਮਾਈ ਬਹੁਤੀ ਕਰਕੇ ਇਲਾਜ ਦੇ ਖਰਚਿਆਂ 'ਤੇ ਲੱਗ ਜਾਣੀ ਹੈ, ਨਾਲੇ ਜੀਅ-ਪ੍ਰਤੀ ਉਤਪਾਦਨ ਥੱਲੇ ਆ ਜਾਣਾ ਹੈ। ਦੂਸਰੇ ਪਾਸੇ ਵਿਕਾਸ ਦੀ ਵ੍ਰਿਧੀ ਦਾ ਮਤਲਬ ਹੈ ਜੋ ਕਾਰੋਬਾਰ ਦੇ ਮਾਲਕ ਅਮੀਰ ਹੋਈ ਜਾਂਦੇ ਹਨ, ਆਮ ਲੋਕ ਖੀਣ ਹੋਈ ਜਾਂਦੇ ਹਨ, ਅਤੇ ਘਾਟਾ ਪਰਿਆਵਰਨ ਨੂੰ ਪੈਂਦਾ ਹੈ। ਪਰਿਆਵਰਨਕ ਮੁਸ਼ਕਲਾਂ ਦੀ ਚੰਡਤਾ ਚੀਨ ਦੀ ਜੁਗਰਾਫੀਏ ਦੀ ਦੇਣ ਹੈ। ਚੀਨ ਦੀ ਆਬਾਦੀ ਦੁਨੀਆ ਦੀ ਆਬਾਦੀ ਦਾ ਵੀਹ ਫੀਸਦੀ ਹੈ, ਕ੍ਰਿਸ਼ੀ-ਯੋਗ ਜ਼ਮੀਨ 9 ਫੀਸਦੀ ਹੈ, ਤਾਜ਼ਾ ਪਾਣੀ ਦਾ ਹਿੱਸਾ 6 ਫੀਸਦੀ ਹੈ ਹਿੱਸੇ ਬਹਿੰਦੀ ਭੋਂ ਅੱਧੀ ਤੋਂ ਵੀ ਘੱਟ, ਫੇਰ ਹਿੱਸੇ ਬਹਿੰਦਾ ਪਾਣੀ ਦੋ-ਤਿਹਾਈ। ਇਸ ਕਰਕੇ ਚੀਨੀ ਪਰਿਆਵਰਨ ਦਾ ਸੰਕਟ ਦੁਨੀਆਂ 'ਚ ਪਹਿਲੇ ਨੰਬਰ 'ਤੇ ਹੈ। ਤਾਂ ਹੀ ਚੀਨ ਨੇ ਅਮਰੀਕਾ ਦੇ ਈਕੋਲੋਜੀ ਮਾਰਕਸਵਾਦ ਦਾ ਰੁਖ ਕੀਤਾ ਹੈ।

ਚੀਨੀ ਸਰਕਾਰ ਹਰ ਸਾਲ ਜੀਵਾਯਨ ਕਾਨੂਨ ਨੂੰ ਕਾਨੂਨਸਾਜ਼ ਸਭਾ 'ਚ ਨੰਬਰ ਇਕ 'ਤੇ ਰਖਦੀ ਹੈ। ਲੇਖ ਦਾ ਹੋਰ ਵੇਰਵਾ ਅਮਰੀਕੀ ਸਮ-ਸਮਾਜੀ ਮਾਸਕ 'ਮੰਥਲੀ ਰਿਵਿਊ' Monthly Review (ਨਵੰਬਰ 2014) ਵਿਚ ਸੁਲੱਭ ਹੈ।

ਸਨ 1995 ਤੋਂ ਪਹਿਲਾਂ ਅਮਰੀਕਾ ਵਿਚ ਕਿਸੇ ਨੂੰ ਸਿਰਜਣਾਤਮਕ ਉੱਤਰ-ਆਧੁਨਿਕਤਾ ਦਾ ਕੋਈ ਖਿਆਲ ਨਹੀਂ ਸੀ। । 'ਮੰਥਲੀ ਰਿਵਿਊ' 'ਚ ਲਿਖਣ ਵਾਲੇ ਤਿੰਨ ਚੀਨੀ ਵਿਦਵਾਨ, ਦਾਰਸ਼ਨਿਕ ਚਿੰਤਕ ਹਨ। ਚੀਨ ਅਮਰੀਕੀ ਜੀਵਾਯਨਕ ਮਾਰਕਸਵਾਦ ਨੂੰ ਸਿਰਜਣਾਤਮਕ ਉੱਤਰ-ਆਧੁਨਿਕਤਾ 'ਚ ਸਮੋ ਕੇ ਈਕਾਲੋਜੀ ਸਭਯਤਾ ਸਿਰਜਣ ਦਾ ਅਲਮ-ਬਰਦਾਰ ਹੋਣਾ ਚਾਹੁੰਦਾ ਹੈ।

ਚੀਨ ਦੇ ਵਿਦਿਅਕ ਅਦਾਰਿਆਂ ਨੇ **Western Marxism: An Introduction. Classical and Contemporary Sources**, Benn Agger; **Natural Causes: Essays in Ecological Marxism,** James O Conner; **The Domination of Nature**, William Leiss; **Marx's Ecology, Ecology Against Capitalism,** Foster ਤੋਂ ਇਲਾਵਾ 9 ਕਿਤਾਬਾਂ ਅਤੇ ਮਾਰਕਸਵਾਦ ਦੇ 600 ਲੇਖਾਂ ਦਾ ਅਨੁਵਾਦ ਕੀਤਾ ਹੈ।

ਆਧੁਨਿਕਤਾ ਬਾਰੇ ਦੋ ਲਫਜ਼ ਪਾਠਕ ਦੀ ਸਹਾਇਤਾ ਲਈ ਹਨ। ਸੋਲ੍ਹਵੀਂ ਸਦੀ ਵਿਚ ਇਤਾਲਵੀ ਚਿਤਰਕਾਰ-ਚਿੰਤਕ ਵਸਾਰੀ (Vasari) ਆਪਣੇ ਸਮੇਂ ਦੀ ਚਿਤਰਕਾਰੀ ਨੂੰ

ਯਵਨ ਚਿਤਰਕਾਰੀ ਨਾਲੋਂ ਉਤਮ ਕਹਿੰਦਾ ਹੈ। ਅਠਾਰਵੀਂ ਸਦੀ ਵਿਚ ਅੰਗਰੇਜ਼ ਸਵਿਫਟ (Swift) ਆਧੁਨਿਕ ਅੰਗਰੇਜ਼ੀ ਸਾਹਿਤ ਨੂੰ ਪ੍ਰਾਚੀਨ ਸਾਹਿਤ ਦੇ ਪੱਧਰ ਦੇ ਬਰਾਬਰ ਦਾ ਕਹਿੰਦਾ ਹੈ। ਕੁਝ ਸਾਲ ਹੋਏ ਫਰਾਂਸੀਸੀ ਪਰਾਤੱਤਵਿਗਿਆਨੀ ਕਾਵੀਂ (Cauvin) ਨੇ ਕਿਹਾ ਕਿ ਅੱਜ ਤੋਂ ਕੋਈ 5500 ਸਾਲ ਪਹਿਲਾਂ ਕ੍ਰਿਸ਼ੀ ਦੀ ਕਾਢ ਨੇ ਆਧੁਨਿਕ ਸ਼ੇਣੀ ਸਮਾਜ ਦੀ ਨੀਂਹ ਰੱਖੀ ਸੀ।

ਸਾਧਾਰਨ ਰੂਪ ਵਿਚ ਆਧੁਨਿਕਤਾ ਨੂੰ 18-ਵੀਂ ਸਦੀ ਦੀ ਫਰਾਂਸੀਸੀ ਪ੍ਰਕਾਸ਼ (Enlightenment) ਲਹਿਰ ਦੀ ਉਪਜ ਮੰਨਿਆ ਜਾਂਦਾ ਹ। ਪ੍ਰਕਾਸ਼ ਲਹਿਰ ਤਰਕ ਦੀ ਮਾਨਤਾ ਅਤੇ ਵਿਅਕਤੀ ਦੇ ਹੱਕਾਂ ਦੀ ਲਹਿਰ ਸੀ, ਜਿਸਦਾ ਨਾਅਰਾ ਸੀ Liberty, Equality & Fraternity, ਜਿਸਨੂੰ ਫਰਾਂਸੀਸੀ ਇਨਕਲਾਬ (1789) ਨੇ ਮੂਰਤੀਮਾਨ ਕੀਤਾ। ਜਿਸ ਜਿਸ ਮੁਲਕ 'ਤੇ ਨੈਪੋਲੀਅਨ (1769-1821) ਨੇ ਚੜ੍ਹਾਈ ਕੀਤੀ, ਜਰਮਨੀ, ਰੂਸ ਆਦਿ, ਉਹ ਪਰੰਪਰਾ (ਜਾਗੀਰਦਾਰੀ) ਦੇ ਅਨੁਯਾਈਂ ਹੋ ਗਏ; ਇਹੀ ਉੱਤਰ-ਆਧੁਨਿਕਤਾ ਹੈ। ਜੋ ਸਰਮਾਏਦਾਰੀ ਦੇ ਘਾਟੇ ਅਤੇ ਸਾਮਰਾਜੀ ਵਧੀਕੀਆਂ ਨਾਲ ਸਮਾਜਵਾਦੀ ਤਕਲੀਫਾਂ ਅਤੇ ਸਮਾਜਵਾਦੀ-ਸਾਮਰਾਜੀ ਵਧੀਕੀਆਂ ਰਲਣ ਲੱਗੀਆਂ ਤਾਂ ਸਿਰਜਣਾਤਮਕ ਉੱਤਰ-ਆਧੁਨਿਕਤਾ ਦੀ ਗੱਲ ਸੁਣਨ ਵਾਲੀ ਹੋ ਗਈ। ਇੰਝ ਚੀਨੀ ਜੀਵਾਯਨਕ ਮਾਰਕਸਵਾਦ ਦਾ ਸਿਰਜਣਾਤਮਕ ਉੱਤਰ-ਆਧੁਨਿਕਤਾ ਨਾਲ ਜੁੜਨਾ ਸਮਝ ਆਉਂਦਾ ਹੈ। ਇਹ ਟਕਸਾਲੀ ਅਰਥਾਂ 'ਚ ਵਿਚਾਰਧਾਰਾ (ideology) ਹੈ ਜੋ ਕਿਸੇ ਵਰਗ ਦਾ ਹਿਤ ਪੂਰਦੀ ਹੋਈ ਕਿਸੇ ਹੱਦ ਤਕ ਯਥਾਰਥ 'ਤੇ ਪਰਦਾ ਵੀ ਪਾਉਂਦੀ ਹੈ।

ਮੇਰਾ ਖਿਆਲ ਨਹੀਂ ਜੋ ਕੁਦਰਤ 'ਤੇ ਜਿੱਤ ਪ੍ਰਾਪਤ ਕਰਨਾ, ਮਨੁੱਖ ਨੂੰ ਪ੍ਰਕਿਰਤੀ ਤੋਂ ਭਿੰਨ ਸਮਝਣਾ ਪ੍ਰਕਾਸ਼ ਲਹਿਰ ਦਾ ਵਿਚਾਰ ਹੈ। ਸਾਧਾਰਨ ਬੋਲ ਚਾਲ ਵਿਚ ਸਾਇੰਸ ਦੀਆਂ ਪ੍ਰਾਪਤੀਆਂ ਨੂੰ ਕੁਦਰਤ ਉੱਤੇ ਜਿੱਤ ਕਿਹਾ ਜਾਂਦਾ ਹੈ। ਜਿਹੜੀ ਗੱਲ ਭਾਸ਼ਾ ਦੇ ਰੂਪ ਵਿਚ ਮਨ ਲਗਦੀ ਹੈ, ਉਹ ਜ਼ਰੂਰੀ ਤੌਰ 'ਤੇ ਵਿਗਿਆਨਕ ਨਹੀਂ ਹੁੰਦੀ। ਵੀਹਵੀਂ ਸਦੀ ਦੇ ਅੱਧ ਵਿਚ ਪੋਲੀਓ, ਮਲੇਰੀਆ ਦੇ ਖਾਤਮੇ ਨੇ ਗ਼ਲਤ ਖਿਆਲ ਪੈਦਾ ਕੀਤਾ ਸੀ ਕਿ ਕਿ ਮਾਣਸ ਕਿਸੇ ਦਿਨ ਰੋਗ ਨੂੰ ਫਤਿਹ ਕਰ ਲਵੇਗਾ, ਭਾਵੇਂ ਵਿਗਿਆਨਕ ਜਗਤ ਜਾਣਦਾ ਸੀ ਕਿ ਰੋਗ-ਦ (ਰੋਗ ਉਜਾਉਣ ਵਾਲੇ ਅਣੂ-ਜੀਵ) ਪਸ਼ੂ-ਪਤਿ ਨਾਲੋਂ ਕਿਤੇ ਜ਼ਿਆਦਾ ਰਫਤਾਰ ਨਾਲ ਬਦਲਦੇ ਰਹਿੰਦੇ ਹਨ। ਏਡਜ਼ ਤੇ ਈਬੋਲਾ ਬੀਮਾਰੀਆਂ ਨਵੀਆਂ ਹਨ। ਜੀਵਾਯਨ (ecology) ਨੂੰ ਕੇਵਲ ਪ੍ਰਕਿਰਤੀ ਕਹਿਣਾ ਭੁਲੇਖੇ ਵਾਲੀ ਗੱਲ ਹੈ।

ਉੱਤਰਆਧੁਨਿਕਤਾ ਅਸੂਲੀ ਤੌਰ 'ਤੇ_ਆਧੁਨਿਕਤਾ ਦੀ ਕੇਵਲ ਤਰਕ 'ਤੇ ਨਿਰਭਰਤਾ ਦੇ ਖਿਲਾਫ ਸੀ, ਲਾਗੇ ਹੈ। ਸਾਇੰਸ ਤਰਕ-ਨਿਰਭਰਤਾ ਨੂੰ ਤਿਆਗ ਨਹੀਂ ਸਕਦੀ। ਵਿਗਿਆਨ ਤੇ ਆਧੁਨਿਕਤਾ ਦਾ ਸਮਾਨਾਂਤਰ ਵਿਕਾਸ ਹੋਇਆ ਹੈ ਪਰ ਇਹ ਦੋਵੇਂ ਵੱਖਰੀਆਂ ਗੱਲਾਂ ਹਨ।

ਚੀਨੀ ਸਿਰਜਣਾਤਮਕ ਉੱਤਰ-ਆਧੁਨਿਕਤਾ, ਸੰਭਵ ਹੈ ਸਾਡੇ ਬੁੱਧੀਮਾਨਾਂ, ਚਿੰਤਕਾਂ ਦੇ ਗੋਚਰ ਹੋਈ ਹੋਵੇ ਪਰ ਮੇਰੀ ਇਹਦੇ ਬਾਰੇ ਕੋਈ ਪੂਰਵ ਜਾਣਕਾਰੀ ਨਹੀਂ ਸੀ। ਇਹਦਾ ਮਤਲਬ ਹੈ ਕਿ ਸਿਰਜਣਾਤਮਕ ਉੱਤਰ-ਆਧੁਨਿਕਤਾ ਨਾ ਤਾਂ ਅਸੂਲੀ ਤੌਰ 'ਤੇ, ਨਾ ਆਪਣੇ ਰਵੱਯੀਏ 'ਚ ਵਿਗਿਆਨ-ਵਿਰੋਧੀ ਹੋ ਸਕਦੀ ਹੈ। ਜੀਵਾਯਨ ਦੀ ਸਮੱਸਿਆ ਵਿਗਿਆਨ ਦੀ ਉਪਜ ਨਹੀਂ ਹੈ; ਜੀਵਾਯਨ ਦੀ ਸਮੱਸਿਆ ਤਾਂ ਸਗੋਂ ਵਿਗਿਆਨ ਦੀ ਦਰਯਾਫਤ ਹੈ। ਨਾ ਹੀ (ਈਕਾਲੋਜੀ) ਜੀਵਾਯਨ ਦੀ ਦੁਬਿਧਾ ਆਧੁਨਿਕਤਾ ਦੀ ਉਪਜ ਹੈ, ਸਗੋਂ ਵਿਸ਼ੇਸ਼ ਕਿਸਮ ਦੀ ਆਧੁਨਿਕਤਾ, ਅਰਥਾਤ ਕਾਰਯਹੀਣ (defunct) ਸਰਮਾਏਦਾਰੀ ਦੀ ਪੈਦਾਵਾਰ ਹੈ, ਜੋ ਸਮਾਜਵਾਦ ਹੀ ਠੀਕ ਕਰ ਸਕਦਾ ਹੈ। ਇਹੀ ਅਮਰੀਕੀ ਜੀਵਾਯਨਕ ਮਾਰਕਸਵਾਦ ਹੈ।

ਸਿਰਜਣਾਤਮਕ ਉੱਤਰ-ਆਧੁਨਿਕਤਾ ਨੂੰ ਹੋਰ ਤਰ੍ਹਾਂ ਵੀ ਕਿਹਾ ਜਾਂਦਾ ਹੈ। ਇਹ ਪਹਿਲੀ ਪ੍ਰਕਾਸ਼ ਲਹਿਰ ਨੂੰ, ਫਰਾਂਸੀਸੀ ਇਨਕਲਾਬ ਵਾਲੀ ਨੂੰ, ਦੂਜੀ ਪ੍ਰਕਾਸ਼ ਲਹਿਰ, ਰੂਸੀ ਇਨਕਲਾਬ ਵਾਲੀ ਨਾਲ ਰਲਾਉਣਾ ਚਾਹੁੰਦੀ ਹੈ।

000

ਜੀਵਾਯਨਕ ਸਭਯਤਾ ecological civilization ਦਾ ਆਧਾਰ ਜੀਵਾਯਨਕ ਮਾਰਕਸਵਾਦ ਅਤੇ ਸਿਰਜਣਾਤਮਕ ਉੱਤਰ-ਆਧੁਨਿਕਤਾ ਹੈ। ਚੀਨ ਨੇ ਸਿਰਜਣਾਤਮਕ ਉੱਤਰ-ਆਧੁਨਿਕਤਾ ਦੇ ਵੀਹ ਖੋਜ-ਕੇਂਦਰ ਖੋਲ੍ਹੇ ਹਨ। ਇਹਦੇ ਬਾਰੇ 70 ਅੰਤਰ-ਰਾਸ਼ਟਰੀ ਕਾਨਫਰੰਸਾਂ ਚੀਨ ਅਮਰੀਕਾ ਵਿਚ ਹੋਈਆ ਹਨ। ਜੀਵਾਯਨਕ ਸਭਿਅਤਾ ਬਾਰੇ 360 ਤੋਂ ਵੱਧ ਲੈਕਚਰਾਂ ਆਦਿ ਦਾ ਜ਼ਿਕਰ ਹੈ। ਚਿੰਤਨ ਦਾ ਕੋਸ਼ ਭਾਸ਼ਾ ਹੁੰਦੀ ਹੈ। ਚੀਨੀ ਚਿੰਤਨ ਦਾ ਹੰਭਲਾ ਅਗਿਆਤ ਹੀ ਭਾਸ਼ਾਈ ਪ੍ਰਾਪਤੀ ਹੋ ਜਾਣਾ ਹੈ ਕਿਉਂਜੁ ਉਪਰੋਕਤ ਵਿਚਾਰ ਭਾਸ਼ਾ ਵਿਚ ਪਹਿਲਾਂ ਸੁਲੱਭ ਨਹੀਂ ਸਨ। ਚਿੰਤਨ ਦੇ ਨਿਰੂਪਨ ਦੇ ਰਾਹ ਵਿਚ ਨੀਮ ਮੁਸ਼ਕਲਾਂ ਵੀ ਆ ਜਾਂਦੀਆਂ ਹਨ (ਜਿਹਨਾਂ ਦਾ ਅੱਗੇ ਚੱਲ ਕੇ ਜ਼ਿਕਰ ਹੈ), ਜਿਹਨਾਂ ਦੇ ਭਾਵੁਕ ਸਮਾਧਾਨ ਲਈ ਭਾਸ਼ਾਈ ਰਿੱਧੀ ਦੀ ਲੋੜ ਸਾਹਮਣੇ ਆਉਂਦੀ ਹੈ। ਜਾਂ ਫਿਰ ਅ-ਗਮ (ਅ-ਗੋਚਰ) ਸੰਸੇ ਪ੍ਰਗਟ ਹੋਣ ਲਗਦੇ ਹਨ। ਇਕ ਤਰ੍ਹਾਂ ਚਿੰਤਨ ਦਾ ਵਿਕਾਸ ਭਾਸ਼ਾਈ ਪ੍ਰਫੁੱਲਤਾ ਵਿਚ ਬਦਲ ਜਾਂਦਾ ਹੈ।

ਜੀਵਾਯਨਕ ਸਭਿਅਤਾ ਲਈ ਚਿੰਤਨ ਦੇ ਅੰਗ ਸੰਗ ਚੀਨ ਨੇ ਵਿਹਾਰਕ ਉਦਮ ਵੀ ਕੀਤਾ ਹੈ। 'ਹਰੀ' ਸ਼ਕਤੀ ਲਈ ਚੀਨ ਦੁਨਿਆ ਦਾ ਲੀਡਰ ਹੈ ਜੋ wind turbine ਅਤੇ solar pe als ਦਾ ਸਭ ਤੋਂ ਵੱਡਾ ਨਿਰਮਾਤਾ ਹੈ। ਇਹਨੇ 2007 ਵਿਚ 24 ਬਿਲੀਅਨ ਪਲਾਸਟਿਕ ਬੈਗਾਂ ਦੀ ਉਪਜ ਬੰਦ ਕਰ ਦਿੱਤੀ ਜੋ 48 ਲੱਖ ਟੰਨ ਪਟਰੋਲੀਅਮ ਦੀ ਬੱਚਤ ਦੇ ਬਰਾਬਰ ਹੈ। ਬੇਜਿੰਗ ਸ਼ਹਿਰ ਦੀ ਸਰਕਾਰ ਨੇ 125 ਡਾਲਰ ਧੂਧੁੰਦ (smog) ਦੀ ਰੋਕ ਥਾਮ ਲਈ ਖਰਚਣੇ ਸ਼ੁਰੂ ਕੀਤੇ।

ਲੇਖ ਦੇ ਚੀਨੀ ਮਾਰਕਸੀ ਕਰਤਾ ਸਿਰਜਣਾਤਮਕ ਉੱਤਰ-ਆਧੁਨਿਕਤਾ ਵਿਚ ਪਰੰਪਰਾ ਨੂੰ ਸਮੋਣ ਦਾ ਜ਼ਿਕਰ ਕਰਦੇ ਹਨ ਅਤੇ ਧਰਮ ਦੀ ਪ੍ਰੇਰਨਾ ਨੂੰ ਅੰਗੀਕਾਰ ਕਰਨ ਲਈ ਕਹਿੰਦੇ ਹਨ । ਇਹ ਦੋਵੇਂ ਵੰਗਾਰਮਈ ਪ੍ਰਸ਼ਨ ਹਨ।

ਪਰੰਪਰਾ ਸਦੀਵੀ ਹੋਣ ਦੀ ਥਾਉਂ ਸ-ਕਾਲਕ ਹੁੰਦੀ ਹੈ। ਪ੍ਰਾਚੀਨ ਹਿੰਦੂ ਯੱਗ ਹਿੰਸਕ ਸੀ, ਫੇਰ ਕਿਸੇ ਸਾਂਸਕ੍ਰਿਤਕ ਕ੍ਰਾਂਤੀ ਕਾਰਨ ਅਹਿੰਸਾਵਾਦੀ ਹੋ ਗਿਆ। ਅਫਰੀਕਾ ਦੇ ਚੀਫ (ਮੁਖੀ) ਪੱਛਮੀ ਕਬਜ਼ੇ ਦੀ ਕਾਢ ਹਨ। ਕਈ ਦੇਸਾਂ ਵਿਚ ਤੀਆ-ਸੁੰਨਤ ਦੀ ਕਬਾਇਲੀ ਪਿਰਤ ਧਰਮ ਵਿਚ ਫਸ ਗਈ ਹੈ। ਪੋਪ (Pope) ਨੂੰ ਲੌਕਿਕ ਰਾਜ ਦੀ ਦਾਤ ਦੀ ਜਾਅਲੀ ਪਰੰਪਰਾ ਕਈ ਸਦੀਆਂ ਪ੍ਰਚਲਤ ਰਹੀ। ਜਾਅਲੀ ਪਰੰਪਰਾ ਹਰ ਧਰਮ, ਸਾਮਜ ਵਿਚ ਲੱਭ ਜਾਂਦੀ ਹੈ।

ਭਾਰਤ ਵਿਚ ਭੂਤਪੂਰਵ ਅਮਰੀਕੀ ਰਾਜਦੂਤ ਗੈਲਬਰੇਥ ਅੰਗਰੇਜ਼ੀ ਪਰੰਪਰਾ ਦੀ ਹਾਸੋਹੀਣੀ ਕਾਢ ਬਾਰੇ ਲਿਖਦਾ ਹੈ। ਭਾਰੇ ਸਰੀਰ ਦਾ ਲਾਰਡ ਮਲਿਕਾ ਨੂੰ ਝੁਕ ਕੇ ਸਲਾਮ ਕਰਨ ਲੱਗਿਆ (ਲੋਟ ਪੋਟ) ਰੁੜ੍ਹ ਗਿਆ। ਸਬੱਬੀਂ ਉਹਦਾ ਨਾਉਂ ਵੀ ਰੋਲ (roll-ਰੁੜ੍ਹਨਾ) ਸੀ। ਅੰਗਰੇਜ਼ਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਰੋਲ ਵੰਸ਼ ਦੀ ਬਾਦਸ਼ਾਹ ਨੂੰ ਸਲਾਮ ਕਰਨ ਦੀ ਇਹੀ ਪਰੰਪਰਾ ਹੈ।

ਬਹੁਤਾ ਮਹੱਤਵਪੂਰਨ ਪਰ ਦਿਲਚਸਪ ਮੁਆਮਲਾ ਪਰੰਪਰਾਵਾਂ ਦੀ ਟੱਕਰ ਦਾ ਹੈ। ਜਿਵੇਂ ਦਸਤਰਖਾਨ ਅਤੇ ਮੇਜ਼ 'ਤੇ ਭੋਜ ਦਾ ਹੈ। ਕੌਮੀ ਪੌਸ਼ਾਕ ਅਤੇ ਪੱਛਮੀ ਸੂਟ ਦਾ ਸਵਾਲ ਅੰਤਰ-ਰਾਸ਼ਟਰੀ ਕਾਨਫਰੰਸਾਂ 'ਤੇ ਵੀ ਨਜ਼ਰ ਆ ਜਾਂਦਾ ਹੈ। ਸੰਨ 1920 ਦੇ ਕਰੀਬ ਪੰਜਾਬੀ ਅਖਬਾਰਾਂ 'ਚ ਚਰਚਾ ਸੁਲੱਭ ਹੈ ਕਿ ਦਫਤਰ ਵਿਚ ਸੂਟ ਪਾਉਣ ਵਾਲਾ ਸਿੱਧਾ ਦਾਖਲ ਹੋ ਸਕਦਾ ਸੀ ਪਰ ਜੁੱਤੀ ਵਾਲੇ ਨੇ ਜੋੜਾ ਲਾਹ ਕੇ ਅੰਦਰ ਵੜਨਾ ਹੁੰਦਾ ਸੀ।

ਮੈਂ ਕੋਕਾ ਕੋਲਾ ਦਵਾਈ ਸਮਝ ਕੇ ਵੀ ਨਹੀਂ ਪੀ ਸਕਦਾ; ਸਾਡਾ ਸੂਫੀ ਇਹਦੇ ਬਿਨਾਂ ਰਹਿੰਦਾ ਨਹੀਂ। ਮੈਂ ਉਹਨੂੰ ਇਹਦੇ ਪ੍ਰਤੀ ਕੀ ਤੇ ਕਿਵੇਂ ਕਹਾਂ? ਉਹ ਮੈਨੂੰ ਇਹਦੇ ਹੱਕ 'ਚ ਕਿਵੇਂ ਮਨਾਵੇ? ਏਸ ਸਮਾਜ ਵਿਗਿਆਨਕ (sociological) ਵਿਲੱਖਣਤਾ ਦੇ ਅਨੁਭਵ ਨੂੰ ਕਿੰਝ ਭਾਵੁਕ (ਭਾਸ਼ਾਈ) ਜਾਮਾ ਪਹਿਨਾਉਣਾ ਹੈ? ਭਾਸ਼ਾ ਨੇ ਅਣਜੰਮੇ ਭਾਵਾਂ ਨੂੰ ਵੀ ਰੂਪਮਾਨ ਕਰਨਾ ਹੁੰਦਾ ਹੈ।

ਪ੍ਰਗਤੀ ਤਾਂ ਆਦਿਮੂਲ ਵਸੇਬਿਆਂ ਨੂੰ ਮੁਕਾਈ ਜਾਂਦੀ ਹੈ; ਇਹਦਾ ਭਾਵੁਕ ਵਰਨਣ ਕਿੱਥੇ ਹੈ? ਕੁਝ ਸਾਲ ਹੋਏ ਚੀਨ ਮਾਤਰੀ-ਪ੍ਰਧਾਨ ਵਸੋਂ ਨੂੰ ਮੁਕਾਉਣ ਲੱਗਿਆ ਹੋਇਆ ਸੀ। ਪੁਰਖ-ਪ੍ਰਧਾਨ ਬਣ ਰਹੇ ਭਾਈਚਾਰੇ ਦੇ ਵਿਅਕਤੀ 'ਤੇ ਕੀ ਬੀਤਦੀ ਸੀ?

ਸਿਰਜਣਾਤਮਕ ਆਧੁਨਿਕਤਾ ਤਾਂ ਠੀਕ ਹੈ ਪਰ ਪਰੰਪਰਾ ਨੂੰ ਇਹਦੇ 'ਚ ਰਲਾਉਣ ਦਾ ਮੁਆਮਲਾ ਜੇ ਅਸੰਭਵ ਨਹੀਂ ਵੀ, ਤਾਂ ਅਤਿ ਮੁਸ਼ਕਿਲ ਜ਼ਰੂਰ ਹੈ।

ਧਰਮ ਨੂੰ ਕੇਵਲ ਇਲਹਾਮ ਜਾਂ 'ਧੁਰ ਕੀ ਬਾਣੀ' ਤਕ ਸੀਮਤ ਰੱਖਣਾ ਬਹੁਤਾ ਸਹਾਈ । ਇਹਦੀ ਗਹਿਰਾਈ ਐਂ ਵਿਸ਼ਾਲਤਾ ਹੈਰਾਨਕੁਨ ਹੈ। ਸਪੇਨੀ ਅਰਬ ਫਲਸਫੀ ਇਬਨ ਰੁਸ਼ਦ (1126-90) ਅਨੁਸਾਰ ਜਾਂ ਤਾਂ ਸਾਰਿਆਂ ਦਾ ਪਾਰ ਉਤਾਰਾ ਹੋਊਗਾ ਜਾਂਕਿਸੇ ਦਾ ਵੀ ਨਹੀਂ ਹੋਣਾ।

ਮਹਾਯਾਨ ਬੁੱਧ ਮੱਤ ਅਨੁਸਾਰ ਮਿੱਤਰਚਾਰੇ ਨੂੰ ਜੰਜਾਲ ਵਿਚ ਛੱਡ ਕੇ ਮੁਕਤ ਹੋਣਾ ਖੁਦਗ਼ਰਜ਼ੀ ਹੈ। ਮੋਖ ਦੁਆਰ ਪੁੱਜੇ ਵਿਅਕਤੀ ਨੂੰ ਆਪਣੇ ਭਾਈ ਭੈਣਾਂ ਦੀ ਉਡੀਕ ਵਿਚ ਆਪਣਾ ਨਿਰਵਾਣ ਮੁਲਤਵੀ ਕਰ ਦੇਣਾ ਚਾਹੀਦਾ ਹੈ। ਅਜਿਹੇ ਮਾਣਸ ਨੂੰ ਬੋਧੀਸਤਵ ਕਹਿੰਦੇ ਹਨ।

ਈਸਾਈ ਧਰਮ 'ਚ ਰੱਬ ਦਾ ਮੁਕੱਦਮਾ ਪੇਸ਼ ਹੁੰਦਾ ਹੈ। ਉਹ ਦੁਨੀਆਂ 'ਚ ਵਰਤ ਰਹੇ ਪਾਪ ਨੂੰ ਮੁਕਾਉਣਾ ਨਹੀਂ ਚਾਹੁੰਦਾ, ਤਾਂ ਉਹ ਰਹੀਮ ਨਹੀਂ। ਜੇ ਉਹ ਇਹਨੂੰ ਮੁਕਾਉਣ ਦੇ ਸਮਰੱਥ ਨਹੀਂ, ਤਾਂ ਉਹ ਸਰਬ ਸ਼ਕਤੀਮਾਨ ਨਹੀਂ। ਇਸਾਈ ਫਲਸਫੇ ਵਿਚ ਰੱਬ ਨੂੰ ਜਾਇਜ਼ ਠਹਿਰਾਉਣ ਦਾ ਮਸਲਾ ਹੈ ਜਿਸਨੂੰ theodicy ਕਹਿੰਦੇ ਹਨ।

ਤਰਕਵਾਦ ਅਨੁਸਾਰ ਅੱਜ ਤਾਈਂ ਪ੍ਰਲੋਕ ਤੋਂ ਲੋਕ ਬਣਾਉਣਾ ਦੁਖਾਂਤੀ ਰਿਹਾ ਹੈ, ਦੂਸਰੇ ਇਹਦਾ ਆਧਾਰ ਪਰਖਣਯੋਗ ਨਹੀਂ। ਲੋਕ ਤੋਂ ਪ੍ਰਲੋਕ ਦੀ ਸਿਰਜਣਾ ਹੁੰਦੀ ਹੈ। ਇਹ ਅਪੂਰਨ ਜਾਂ ਤਸੱਲੀਬਖਸ਼ ਨਾ ਵੀ ਹੋਵੇਪਰ ਕਾਲ-ਏ;ਫਹਿਮ ਤਾਂ ਹੁੰਦਾ ਹੈ। ਗੁਰੂ ਪੰਥ ਦਾ ਵਿਕਲਪ ਅਜਿਹੇ ਉਦਮ ਦੀ ਆਗਿਆ ਦਿੰਦਾ ਹੈ।

ਸਿਰਜਣਾਤਮਕ ਉੱਤਰ-ਆਧੁਨਿਕਤਾ ਦੀ ਆਕਾਂਖਾ ਤਾਂ ਸ਼ੁਭ ਹੈ ਪਰ ਪ੍ਰਾਪਤੀ _ ਆਗੇ ਆਗੇ ਦੇਖੀਏ ਹੋਤਾ ਹੈ ਕਿਆ। ਸੋਸ਼ਲਿਸਟ ਸਰਮਾਏਦਾਰ ਚੀਨ ਜੀਵਾਯਨ ਸਭਿਅਤਾ ਸਿਰਜਦਾ ਸਮ-ਸਮਾਜ ਦੀ ਪ੍ਰਾਪਤੀ ਕਰੇਗਾ। ਪਰੰਪਰਕ ਮਾਰਕਸਵਾਦੀ ਸ਼ਾਇਦ ਸਮ-ਸਮਾਜਵਾਦ ਨੂੰ ਜੀਵਾਯਨ ਦੀ ਰਕਸ਼ਾ ਦਾ ਸਾਧਨ ਮਿਥਦਾ ਹੈ।

ਸਮਾਜ ਦੇ ਪਰਿਵਰਤਨ ਨਾਲ ਚਿੰਤਨ ਬਦਲ ਜਾਂਦਾ ਹੈ; ਚਿੰਤਨ ਭਾਸ਼ਾ ਦੇ ਵਿਕਾਸ ਦਾ ਕਾਰਨ ਬਣ ਜਾਂਦਾ। ਸਾਨੂੰ ਪੰਜਾਬੀ ਭਾਸ਼ਾ ਦੇ ਵਿਕਾਸ ਹਿਤ ਪੰਜਾਬ ਵਿਚ ਕਿਸੇ ਦਾਰਸ਼ਨਿਕ ਸਮਾਜੀ ਪਰਿਵਰਤਨ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ। ਭਾਸ਼ਾਈ ਵਿਕਾਸ ਚਿੰਤਨ ਦਾ ਅਨੁਯਾਈਂ ਹੁੰਦਾ ਹੈ। ਬਿਆਨਾਂ, ਕਾਨਫਰੰਸਾਂ, ਜਲੂਸਾਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਬੇਮੁਹਾਰਾ ਛੱਡ ਦਿੱਤਾ ਹੈ। ਸਾਡਾ ਫਿਕਰ ਪੰਜਾਬੀ ਸ਼ਿਸ਼ਾਂ, ਪਾਠਕਾਂ ਨੂੰ ਗਿਆਨ ਦੇ ਵਿਸ਼ਿਆਂ ਅਤੇ ਸਾਇੰਸਾਂ ਦੇ ਬੁਨਿਆਦੀ ਅਸੂਲਾਂ ਦੀ ਜਾਣ ਪਹਿਚਾਣ ਕਰਾਉਣਾ ਹੋ ਸਕਦਾ ਹੈ ਤਾਂ ਜੁ ਉਹ ਪ੍ਰੌਢ ਅਧਿਐਨ ਦੇ ਪਰਿਣਾਮ-ਸਰੂਪ ਉਚੇਰੇ ਚਿੰਤਨ ਦੇ ਸਵਾਮੀ ਹੋ ਸਕਣ ਤੇ ਇੰਝ ਸਮਾਜ ਨੂੰ ਸੰਵਾਰਨ ਦੇ ਸਮਰੱਥ ਹੋਣ। ਵਿਸ਼ਵ ਵਿਦਿਆਲਿਆਂ ਦੇ ਸਾਰੇ ਪੰਜਾਬੀ ਮਹਿਕਮਿਆਂ ਅਤੇ ਸਭ ਮਜ਼ਮੂਨਾਂ ਦੇ ਵਿਦਵਾਨਾਂ ਨੂੰ ਇਸ ਕੰਮ ਵਿਚ ਜੁਟਣਾ ਪੈਣਾ ਹੈ, ਨਹੀਂ ਤਾਂ ਅੱਲਾ ਅੱਲਾ...❑❑

[144, ਸੈਕਟਰ 65, ਫੇਜ਼ 11, ਐੱਸ.ਏ.ਐੱਸ. ਨਗਰ- ਮੁਹਾਲੀ 160 062]

ਲਾਲੀ : ਸਿਮਰਤੀ ਨਿਬੰਧ : ਗੁਰਦੇਵ ਚੌਹਾਨ

28 ਦਸੰਬਰ 2014 ਨੂੰ ਸਵੇਰੇ ਉੱਠਿਆ ਤਾਂ ਫੇਸ ਬੁੱਕ ਤੋਂ ਪਤਾ ਲੱਗਾ ਕਿ ਹਰਦਿਲਜੀਤ ਸਿੰਘ ਲਾਲੀ ਸਾਡੇ ਵਿਚਕਾਰੋਂ ਸਦਾ ਲਈ ਉੱਠ ਗਿਆ ਹੈ। ਕੁਝ ਘੰਟੇ ਪਹਿਲਾਂ ਹੀ ਕੰਵਲ ਧਾਲੀਵਾਲ ਨੇ ਇਹ ਖਬਰ ਫੇਸ ਬੁੱਕ'ਤੇ ਸਾਂਝੀ ਕੀਤੀ ਸੀ। ਗੁਰਦਿਆਲ ਬੱਲ ਨਾਲ ਆਪਣਾ ਦਿਲ ਸਾਂਝਾ ਕੀਤਾ ਅਤੇ ਫਿਰ ਨਵਤੇਜ ਭਾਰਤੀ ਨਾਲ। ਦੋਹਾਂ ਨੇ ਲਾਲੀ ਦੀ ਸੰਗਤ ਮਾਣੀ ਹੈ। ਨਵਤੇਜ ਨੇ ਤਾਂ ਸਾਡੇ ਸਭ ਨਾਲੋਂ ਕਿਧਰੇ ਵੱਧ। ਨਵਤੇਜ ਨੇ ਤਾਂ ਪਹਿਲਾਂ ਰਾਤ ਨੂੰ ਹੀ ਗੁੱਗਲ ਪਲੱਸ ਉੱਤੇ ਮੇਰੇ ਲਈ ਮੈਸੇਜ ਛੱਡ ਦਿੱਤਾ ਸੀ, ਜਿਹੜਾ ਮੈਂ ਅਜੇ ਖੋਲ੍ਹਿਆ ਨਹੀਂ ਸੀ ਅਤੇ ਬਾਅਦ ਵਿਚ ਪੜ੍ਹਿਆ।

ਮੈਂ ਲਾਲੀ ਨੂੰ ਭੂਤਵਾੜੇ ਦੇ ਦਿਨਾਂ ਤੋਂ ਬਹੁਤ ਬਾਅਦ ਹੀ ਜਾਨਣ ਦਾ ਮਾਣ ਲੈ ਸਕਿਆ ਹਾਂ। ਜਿੱਥੋਂ ਤੀਕ ਮੈਨੂੰ ਯਾਦ ਹੈ ਲਾਲੀ ਨਾਲ ਮੇਰੀ ਪਹਿਲੀ ਮੁਲਾਕਾਤ ਚੰਡੀਗੜ੍ਹ ਪ੍ਰਤਾਪ ਮਹਿਤਾ ਦੀ 17 ਸੈਕਟਰ ਵਿਚ ਸਥਿਤ, ਲੋਕਾਇਤ ਪ੍ਰਕਾਸ਼ਨ ਵਾਲੀ ਦੁਕਾਨ'ਤੇ ਹੋਈ ਸੀ, ਜਿੱਥੇ ਉਹ ਅਕਸਰ ਜਦੋਂ ਚੰਡੀਗੜ੍ਹ ਗੇੜਾ ਮਾਰਦਾ ਤਾਂ ਜ਼ਰੂਰ ਆਉਂਦਾ ਸੀ। ਇੱਥੋਂ ਹੀ ਮੈਂ ਲਾਲੀ ਤੋਂ ਇਲਾਵਾ,ਮਰਹੂਮ ਰਵਿੰਦਰ ਰਵੀ ਅਤੇ ਦਰਬਾਰਾ ਸਿੰਘ ਅਤੇ ਹੋਰ ਬਹੁਤ ਸਾਰੇ ਸਾਹਿਤਕਾਰਾਂ ਨੂੰ ਮਿਲ ਅਤੇ ਜਾਣ ਸਕਿਆ ਸਾਂ।

ਇਕ ਹੋਰ ਰਾਤ ਭਰ ਚੱਲਣ ਵਾਲੀ ਮਹਿਫਲ ਮੇਰੀ ਯਾਦ ਵਿਚ ਬੈਠੀ ਹੈ ਜਿਹੜੀ ਭਾਵੇਂ ਬਹੁਤ ਵਰ੍ਹੇ ਬਆਦ ਦੀ ਗੱਲ ਹੈ ਪਰ ਉਹ ਮੇਰੇ ਲਈ ਯਾਦਗਾਰੀ ਹੋ ਨਿਬੜੀ ਸੀ। ਇਹ ਚੰਡੀਗੜ੍ਹ ਪ੍ਰੈੱਸ ਕਲੱਬ ਦੇ ਸਾਹਮਣੇ ਵਾਲੀ ਇਕ ਵੱਡੀ ਕੋਠੀ ਵਿਚ ਹੋਈ ਸੀ। ਇਹ ਗੱਲ ਕੋਈ ਨੱਬੇਵਿਆਂ ਦੇ ਮੱਧ ਦੀ ਹੋਵੇਗੀ। ਠੀਕ ਤਰ੍ਹਾਂ ਯਾਦ ਨਹੀਂ। ਪਰ ਇਹ ਜ਼ਰੂਰ ਯਾਦ ਹੈ ਕਿ ਇਸ ਸਾਹਿਤਕ ਮਹਾਂਭੋਜ ਵਿਚ ਕੰਵਲ ਧਾਲੀਵਾਲ ਸੀ, ਜਿਹੜਾ ਉਹਨਾਂ ਦਿਨਾਂ ਵਿਚ ਇੰਡੀਅਨ ਐਕਸਪ੍ਰੈੱਸ ਵਿਚ ਸਬ ਐਡੀਟਰ ਸੀ, ਦੀਵਾਨ ਮੰਨਾ ਸੀ, ਜਸਪਾਲ ਸੀ, ਅਮਰ ਗਿਰੀ ਸੀ ਅਤੇ ਕਈ ਹੋਰ ਸਨ। ਮੈਨੂੰ ਯਾਦ ਹੈ ਕੋਈ ਅੱਧੀ ਰਾਤ ਦਾ ਸਮਾਂ ਹੋਵੇਗਾ ਜਦੋਂ ਮੈਂ ਇਸ ਅਲੋਕਾਰੀ ਮਹਿਫਲ ਨੂੰ ਵਿਚਕਾਰੋਂ ਛੱਡ ਕੇ ਘਰ ਗਿਆ ਹੋਵਾਂਗਾ। ਕੇਵਲ ਇਤਨਾ ਯਾਦ ਹੈ ਕਿ ਜੇਕਰ ਮੇਰੇ ਪਾਸ ਘਰ ਜਾਣ ਦਾ ਆਪਣਾ ਵੱਖਰਾ ਸਾਧਨ ਹੁੰਦਾ ਤਾਂ ਮੈਂ ਇਹ ਮਹਿਫਲ ਵਿਚਕਾਰੋਂ ਛੱਡ ਕੇ ਕਦੇ ਨਾ ਜਾਂਦਾ। ਲਾਲੀ ਕੁਝ ਘੰਟਿਆਂ ਵਿਚ ਹੀ ਤੁਹਾਨੂੰ ਸੰਸਾਰ ਸਾਹਿਤ ਅਤੇ ਸੰਸਾਰ ਸਿਨੇਮਾ ਅਤੇ ਥੀਏਟਰ ਦੇ ਦਰਸ਼ਨ ਕਰਾ ਦਿੰਦਾ ਸੀ।

ਇਸ ਮੁਲਾਕਾਤ ਤੋਂ ਬਾਅਦ ਤਾਂ ਮੈਂ ਲਾਲੀ ਦਾ ਜਾਣੋ ਭਗਤ ਹੀ ਬਣ ਗਿਆ ਸੀ। ਮੇਰਾ ਮਿੱਤਰ, ਡਾਕਟਰ ਜਸਪਾਲ ਸਿੰਘ ਉਦੋਂ ਰੀਜਨਲ ਇੰਸਟੀਚਿਊਟ ਆਫ ਇੰਗਲਿਸ਼ ਚੰਡੀਗੜ੍ਹ ਵਿਚੋਂ ਤਬਦੀਲ ਹੋ ਕੇ ਡਾਕਟਰ ਅੰਬੇਦਕਰ ਇੰਸਟੀਚਿਊਟ, ਮੁਹਾਲੀ ਵਿਚ ਜਾ ਲੱਗਾ ਸੀ।ਉਹ ਪ੍ਰੋਫੈਸਰ ਹਰਜੀਤ ਗਿੱਲ ਦਾ ਵਿਦਿਆਰਥੀ ਰਿਹਾ ਸੀ, ਜੋ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਜਾਣ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਗਿਆਨ ਵਿਭਾਗ ਦਾ ਸੰਸਥਾਪਕ ਅਤੇ ਮੁੱਖੀ ਰਿਹਾ ਸੀ। ਉਹਨੇ ਹੀ ਇਸ ਵਿਭਾਗ ਦਾ ਨਾਂ ਐਂਥਰੋਪੋਲੋਜੀਕਲ ਲਿੰਗੂਇਸਟਿਕਸ ਰੱਖਿਆ ਸੀ, ਜਿਹੜਾ ਨਾਂ ਭਾਰਤ ਵਿਚ ਭਾਸ਼ਾ ਵਿਗਿਆਨ ਲਈ ਰੱਖਿਆ ਜਾਣ ਵਾਲਾ ਪਹਿਲਾ ਨਾਂ ਸੀ। ਇਸੇ ਵਿਭਾਗ ਵਿਚ ਲਾਲੀ

ਪੜ੍ਹਾਉਂਦਾ ਸੀ। ਲਾਲੀ ਦੇ ਗਿਆਨ ਸਾਗਰ ਤੋਂ ਮੁਤਾਅਸਰ ਹੋ ਕੇ ਹੀ ਮੈਂ ਉਸ ਦਾ ਭਗਤ ਹੋ ਗਿਆ ਸਾਂ ਅਤੇ ਆਪਣੀ ਬੇਟੀ, ਜਸਮੀਤ, ਨੂੰ ਇਸੇ ਕਰਕੇ ਲਿੰਗੂਇਸਟਿਕਸ ਵਿਭਾਗ ਵਿਚ ਐੱਮ.ਏ. ਵਿਚ ਦਾਖ਼ਲ ਕਰਾ ਦਿੱਤਾ ਸੀ, ਜਿੱਥੋਂ ਉਸ ਨੇ ਬਾਅਦ ਵਿਚ ਐੱਮ.ਫਿਲ ਵੀ ਕੀਤੀ ਸੀ। ਲਾਲੀ ਜਸਮੀਤ ਦੇ ਵਿਆਹ ਵਿਚ ਵੀ ਸ਼ਰੀਕ ਹੋਇਆ ਸੀ। ਜਦ 1994 ਵਿਚ ਮੇਰੀ ਪਟਿਆਲੇ ਲੋਕਲ ਆਡਟ ਆਫੀਸਰ,ਆਰਮੀ, ਵਜੋਂ ਨਿਯੁਕਤੀ ਹੋਈ ਤਾਂ ਮੈਨੂੰ ਨਿਊ ਲਾਲ ਬਾਗ ਪਟਿਆਲਾ ਵਿਚ ਸਰਕਾਰੀ ਮਕਾਨ ਅਲਾਟ ਹੋ ਗਆ। ਮੇਰਾ ਟੱਬਰ ਅਜੇ ਮੁਹਾਲੀ ਹੀ ਸੀ ਅਤੇ ਮੈਂ ਇਕੱਲਾ ਸਾਂ। ਇਹ ਦੋ ਸਾਲ ਮੇਰੇ ਲਈ ਜਾਣੋ ਸਾਹਿਤਕ ਸੰਗਤ ਕਾਰਣ ਸਵਰਗ ਸੀ। ਸ਼ਾਮ ਹੋਣ ਦੀ ਦੇਰ ਹੁੰਦੀ ਕਿ ਇਕ ਇਕ ਕਰਕੇ ਸਾਹਿਤਕਾਰ ਇਕੱਠੇ ਹੋਣ ਲਗਦੇ। ਅਕਸਰ ਇਸ ਸਹਿਜ ਸੁਭਾਅ ਮਹਿਫਲ ਵਿਚ ਲਾਲੀ ਤੋਂ ਇਲਾਵਾ ਅਨੂਪ ਵਿਰਕ, ਕੰਵਲ, ਹਰਮੀਤ ਧਾਲੀਵਾਲ, ਅਤੇ ਪ੍ਰੋਫੈਸਰ ਮਨਜੀਤਇੰਦਰ ਹੁੰਦੇ। ਕਦੇ ਕਦੇ ਗੁਰਦਿਆਲ ਬੱਲ ਅਤੇ ਇੰਦਰ ਪ੍ਰਤਾਪ ਦਾ ਵੀ ਆਣ ਜਾਣ ਹੁੰਦਾ। ਹਰਮੀਤ ਨੂੰ ਨਵੀਆਂ ਕਿਤਾਬਾਂ ਖਰੀਦਣ ਅਤੇ ਪੜ੍ਹਨ ਦੀ ਬਹੁਤ ਆਦਤ ਸੀ। ਉਹ ਜਦ ਕਿਸੇ ਨਵੀਂ ਛਪੀ ਕਿਤਾਬ ਦੀ ਗੱਲ ਕਰਦਾ ਤਾਂ ਲਾਲੀ ਉਸ ਨੂੰ ਝਿੜਕ ਮਾਰ ਕੇ ਚੁੱਪ ਕਰਾ ਦਿੰਦਾ ਅਤੇ ਕਹਿੰਦਾ, 'ਕਾਕਾ ਜੀ ਪਹਿਲਾਂ ਉਹ ਕਿਤਾਬਾਂ ਪੜ੍ਹੋ ਜਿਹੜੀਆਂ ਪੜ੍ਹਨੀਆਂ ਜ਼ਰੂਰੀ ਹਨ। ਫਿਰ ਉਹ ਕਿਸੇ ਉਸ ਕਿਤਾਬ ਦੀ ਗੱਲ ਛੋਹ ਲੈਂਦਾ ਜਿਹੜੀ ਸਾਡੇ ਵਿਚੋਂ ਕਿਸੇ ਨੇ ਨਾ ਪੜ੍ਹੀ ਹੁੰਦੀ। ਇੰਝ ਲਾਲੀ ਬਾਬਾ ਸਾਡੇ ਉੱਤੇ ਛਾਅ ਜਾਂਦਾ। ਜਦ ਮਹਿਫਲ ਖੂਬ ਮਘ ਜਾਂਦੀ ਤਾਂ ਮਨਜੀਤਇੰਦਰ ਲੋਰ ਵਿਚ ਆ ਕੇ ਜਗਜੀਤ ਸਿੰਘ ਦੀ ਗ਼ਜ਼ਲ ਗਾਣ ਲੱਗ ਜਾਂਦਾ। 'ਪਿਆਰ ਕਾ ਪਹਿਲਾ ਖਤ ਲਿਖਨੇ ਮੇਂ ਵਕਤ ਤੋ ਲਗਤਾ ਹੈ , ਨਏ ਪਰਿੰਦੇ ਕੋ ਉਡਨੇ ਮੇਂ ਵਕਤ ਤੋ ਲਗਤਾ ਹੈ'। ਅਨੂਪ ਵਿਰਕ ਦੇ ਲਤੀਫੇ ਵੀ ਰੰਗ ਬੰਨ੍ਹ ਦਿੰਦੇ। ਉਹ ਤਾਂ ਕਈ ਵਾਰ ਦਿਨ ਵੇਲੇ ਵੀ ਮੇਰੇ ਦਫ਼ਤਰ ਵਿਚ ਬੈਠਾ ਲਤੀਫੇ ਘੜਦਾ ਅਤੇ ਸੁਣਾਉਂਦਾ ਰਹਿੰਦਾ।

ਲਾਲੀ ਆਪਣੇ ਸਾਈਕਲ 'ਤੇ ਹੀ ਆਉਂਦਾ ਸੀ ਅਤੇ ਸਾਡੀ ਮਹਿਫਲ ਰਾਤ ਦੇ ਇਕ ਦੋ ਵਜੇ ਤਕ ਚਲਦੀ। ਲਾਲੀ ਉਦੋਂ ਲਾਲ ਕੋਠੀ ਵਿਚ ਰਹਿੰਦਾ ਸੀ ਜਿਹੜੀ ਪਟਿਆਲੇ ਭਰ ਵਿਚ ਆਪਣੀ ਖੂਬਸੂਰਤ ਅਤੇ ਵੱਖਰੀ ਦਿੱਖ ਕਾਰਣ ਮਸ਼ਹੂਰ ਸੀ। ਬਾਅਦ ਵਿਚ ਇਹ ਕੋਠੀ ਕਰਿਕਟਰ ਅਤੇ ਐੱਮ.ਪੀ. ਰਹੇ, ਨਵਜੋਤ ਸਿੱਧੂ ਨੇ ਖਰੀਦ ਲਈ ਸੀ। ਜਦ ਦੇਰ ਰਾਤ ਗਏ ਲਾਲੀ ਸਾਈਕਲ 'ਤੇ ਘਰ ਲਈ ਰਵਾਨਾ ਹੁੰਦਾ ਤਾਂ ਮੈਨੂੰ ਹਮੇਸ਼ਾ ਹੀ ਡਰ ਰਹਿੰਦਾ ਕਿ ਉਹ ਠੀਕ ਠਾਕ ਘਰ ਪਹੁੰਚ ਗਿਆ ਹੋਵੇ। ਸ਼ਰਾਬ ਉਹ ਘੱਟ ਹੀ ਪੀਂਦਾ ਸੀ, ਬਸ ਇਕ ਜਾਂ ਦੋ ਪੈੱਗ। ਪਰ ਉਹ ਸ਼ਰਾਬ ਨੂੰ ਮਾਣਦਾ ਬਹੁਤ ਸੀ। ਇਕ ਪੈੱਗ ਤੋਂ ਬਾਅਦ ਹੀ ਉਹ ਵਜਦ ਜਿਹੇ ਵਿਚ ਝੂਮਣ ਲੱਗ ਜਾਂਦਾ ਸੀ। ਗਲਾਸ ਹੱਥ ਵਿਚ ਪਕੜੀ ਘੰਟਿਆਂ ਬੱਧੀ ਉਹ ਭਾਰਤੀ ਅਤੇ ਪੱਛਮੀ ਦਰਸ਼ਨ ਅਤੇ ਸਭਿਆਚਾਰ ਨੂੰ ਰੋਚਕਤਾ ਪੂਰਣ ਮੁਖਾਤਬ ਰਹਿ ਸਕਦਾ ਸੀ। ਇਕ ਤੋਂ ਬਾਅਦ ਦੂਜੀ ਅਤੇ ਦੂਜੀ ਤੋਂ ਬਾਅਦ ਤੀਜੀ ਗੱਲ। ਗੱਲਾਂ ਦੀ ਲੜੀ ਫੁੱਲਝੜੀ ਵਾਂਗ ਦਗਦੀ ਅਤੇ ਮਘਦੀ ਅਤੇ ਖੂਬਸੂਰਤ ਚਿੰਗਾੜੀਆਂ ਛੱਡਦੀ। ਉਹ ਸੰਘਣੇ ਵਾਰਤਾਲਾਪ ਦੀ ਝੜੀ ਲਗਾ ਦਿੰਦਾ ਸੀ। ਉਸ ਦੇ ਮੂੰਹ ਵਿਚੋਂ ਸ਼ਬਦ ਫੁੱਲਾਂ ਵਾਂਗ ਨਿਕਲਦੇ ਸਨ। ਅਸੀਂ ਉਡੀਕਦੇ ਸਾਂ ਕਿ ਅਗਲੀ ਗੱਲ ਕਿਹੋ ਜਿਹੀ ਹੋਵੇਗੀ? ਕੀ ਇਹ ਵੀ ਪਹਿਲੀਆਂ ਵਾਂਗ ਉਤਨੀ ਹੀ ਸਵਾਦਲੀ ਹੋਵੇਗੀ। ਪਰ ਸਾਡੇ ਸਵਾਦ ਵਿਚ ਕੋਈ ਫ਼ਰਕ ਨਾ ਪੈਂਦਾ। ਸਗੋਂ ਗੱਲਾਂ ਹੋਰ ਉਚੇਰੇ ਮੰਜ਼ਰ ਛੋਹ ਜਾਂਦੀਆਂ। ਦੂਸਰਾ ਦਿਨ ਵੀ ਇਹੋ ਜਿਹਾ ਅਤੇ ਤੀਸਰਾ ਵੀ। ਲਾਲੀ ਬਾਬੇ ਲਈ ਸਾਰੇ ਦਿਨ ਇਕੋ ਜਿਹੀ ਊਰਜਾ ਨਾਲ ਭਰੇ ਹੁੰਦੇ। ਪਰ

ਕੋਈ ਦੁਹਰਾਅ ਨਾ ਹੁੰਦਾ। ਜੇਕਰ ਹੁੰਦਾ ਵੀ ਤਾਂ ਸਾਨੂੰ ਨਜ਼ਰ ਨਾ ਆਉਂਦਾ ਕਿਉਂਕਿ ਹਰ ਵਾਰ ਉਸ ਦਾ ਅੰਦਾਜ਼-ਏ- ਬਿਆਨ ਬਦਲ ਗਿਆ ਹੁੰਦਾ। ਇਹ ਸਭ ਕੁਝ ਸੁਭਾਵਕ ਹੀ ਵਾਪਰ ਜਾਂਦਾ। ਅਸਲ ਵਿਚ ਲਾਲੀ ਮੌਖਿਕ ਪਰੰਪਰਾ ਦਾ ਆਖਰੀ ਚਿਰਾਗ਼ ਸੀ। ਉਸ ਸ਼ਾਇਦ ਸਾਰੀ ਉਮਰ ਵਿਚ ਕੁਝ ਸਫ਼ੇ ਹੀ ਲਿਖੇ ਹੋਣ ਅਤੇ ਉਹ ਵੀ ਸ਼ਾਇਦ ਹੀ ਕੋਈ ਚਿੰਗਾੜੀ ਛੱਡ ਸਕਦੇ ਹੋਣ, ਪਰ ਉਸ ਦਾ ਜਾਦੂ ਗੱਲਬਾਤ ਵਿਚ ਸੀ, ਸੰਵਾਦ ਅਤੇ ਮੌਖਿਕ ਪਰੰਪਰਾ ਵਿਚ।

ਕਈ ਵਾਰ ਲਾਲੀ ਬਾਜ਼ਾਰ ਵਿਚ ਹੀ ਮਿਲ ਜਾਂਦਾ। ਉਹ ਅਕਸਰ ਕੰਵਲ ਧਾਲੀਵਾਲ ਦੇ ਘਰ ਆਉਂਦਾ ਜਾਂਦਾ ਰਹਿੰਦਾ ਸੀ ਜਦ ਉਹ ਯਾਦਵਿੰਦਰਾ ਸਕੂਲ ਵਿਚ ਅੰਗਰੇਜ਼ੀ ਪੜ੍ਹਾਉਂਦਾ ਸੀ। ਉਸ ਦੀ ਭਾਸ਼ਾ ਵਿਭਾਗ ਤੋਂ ਸ਼ੇਰਾਂ ਵਾਲੇ ਗੇਟ ਵੱਲ ਨਿਕਲਿਦਿਆਂ ਸਾਰ ਹੀ ਵੱਡੀ ਸਾਰੀ ਕੋਠੀ ਸੀ। ਕਦੇ ਕਦੇ ਉੱਥੇ ਵੀ ਮਹਿਫਲ ਜੁੜ ਜਾਂਦੀ। ਕੰਵਲ ਨੂੰ ਮੈਂ ਮਿਲਟਰੀ ਦੀ ਸਸਤੀ ਰੰਮ ਲਿਆ ਦਿੰਦਾ ਸੀ। ਕੰਵਲ ਉਹਨਾਂ ਦਿਨਾਂ ਵਿਚ ਕਿਸੇ ਅੰਗਰੇਜ਼ੀ ਦੇ ਨਾਟਕ ਦਾ ਨਿਰਦੇਸ਼ਨ ਕਰ ਰਿਹਾ ਸੀ, ਜਿਹੜਾ ਉਸ ਯਾਦਵਿੰਦਰਾ ਸਕੂਲ ਦੇ ਵਾਰਸ਼ਿਕ ਸਮਾਗਮ ਵਿਚ ਪੇਸ਼ ਕਰਨਾ ਸੀ। ਉਸ ਸ਼ਾਮ ਲਾਲੀ ਦੀ ਯੂਨਾਨੀ ਨਾਟਕ, ਖਾਸ ਤੌਰ 'ਤੇ ਦੁਖਾਂਤ ਨਾਟ ਬਾਰੇ ਗੱਲਬਾਤ ਸਿਖ਼ਰੀ ਸੀ। ਗੱਲ ਅੰਟੀਗਿਨੀ ਤੋਂ ਸ਼ੁਰੂ ਹੋ ਕੇ, ਸ਼ੈਕਸਪੀਅਰ ਦੇ 'ਹੈਮਲਿਟ', ਲੋਰਕਾ ਦੇ 'ਯਰਮਾ' ਅਤੇ 'ਬਲੱਡ ਵੈਡਿੰਗ', ਓ ਨੀਲ ਦੇ ਦੁਖਾਂਤ ਨਾਟਕਾਂ ਅਤੇ ਆਇਰਿਸ਼ ਨਾਟਕਕਾਰ ਜੇ.ਐੱਮ.ਸਿੰਜ ਦੇ ਦੁਖਾਂਤ 'ਰਾਈਡਰਜ਼ ਟੂ ਦਾ ਸੀਅ' ਤੋਂ ਹੁੰਦੀ ਹੋਈ ਬੈਕਟ ਦੇ 'ਐਂਡ ਗੇਮ' ਅਤੇ 'ਵੇਟਿੰਗ ਫਾਰ ਗੋਦੋ' ਤੀਕ ਚਲੇ ਜਾਂਦੀ ਸੀ। ਇਸ ਵਿਚ ਫਿਲਮ ਦਾ ਵੀ ਵਾਸ ਹੋ ਜਾਂਦਾ, ਇਟਲੀ ਦੇ ਨਿਰਦੇਸ਼ਕ, ਡੀ ਸੀਕਾ ਦੀ 'ਬਾਈਸਾਈਕਲ ਥੀਫ਼' ਅਤੇ ਆਕੀਰਾ ਕਰੋਸੋਵਾ ਦੀ 'ਰੋਸ਼ੋਮੋਨ' ਅਤੇ ਅਕੀਰਾ ਹੌਂਡਾ ਦੀ 'ਗੋਦਜਿੱਲਾ' ਦਾ ਵੀ। ਫਿਰ ਉਹ ਓਰਸਨ ਵੈਲਿਸ ਦੀ ਜਗਤ ਪ੍ਰਸਿੱਧ ਫਿਲਮ 'ਦਾ ਸਿਟੀਜ਼ਨ ਕੇਨ' ਦਾ ਗੁਣ ਗਾਇਨ ਕਰਨ ਲੱਗ ਪੈਂਦਾ ਅਤੇ ਕਦੇ ਸਤਿਆਜੀਤ ਰੇਅ ਦੀ 'ਪਾਥਰ ਪੰਚਾਲੀ' ਦੀ ਦੁਨੀਆਂ ਵਿਚ ਗੁੰਮ ਜਾਂਦਾ ਅਤੇ ਕਦੇ ਮਲਰਨ ਮੁਨਰੋ ਦੇ ਇਸ਼ਕ ਵਿਚ, ਜਿਸ ਵਿਚ 'ਡੈੱਥ ਆਫ ਏ ਸੇਲਜ਼ਮੈਨ' ਦਾ ਨਾਟਕਕਾਰ, ਆਰਥਰ ਮਿਲਰ ਵੀ ਸੀ ਅਤੇ ਅਮਰੀਕਾ ਦਾ ਪ੍ਰਧਾਨ ਜਾਅਨ ਕੈਨੇਡੀ ਵੀ। ਕਦੇ ਗੱਲ ਘੁੰਮ ਕੇ ਬਲਵੰਤ ਗਾਰਗੀ ਦੀ 'ਪੱਤਣ ਦੀ ਬੇੜੀ' ਵਿਚ ਬੈਠ ਜਾਂਦੀ, ਅਤੇ ਫਿਰ ਇਸ ਨਾਟਕ ਦੇ ਸਿੰਜ ਦੇ ਨਾਟਕ 'ਰਾਈਡਰ ਟੂ ਦ ਸੀਅ' ਦੇ ਪ੍ਰਭਾਵ ਹੇਠਾਂ ਲਿਖੇ ਜਾਣ ਵੱਲ ਅਤੇ ਫਿਰ ਵਿੰਗ ਵਲਾਵੇਂ ਖਾਂਦੀ ਹਬੀਬ ਤਨਵੀਰ ਦੇ 'ਆਗਰਾ ਬਾਜ਼ਾਰ' ਤੀਕ ਪਹੁੰਚ ਜਾਂਦੀ। ਹਾਂ ਸੱਚ ਯਾਦ ਆਇਆ, ਇਹ ਨਾਟਕ ਮੈਂ ਟੈਗੋਰ ਥੀਏਟਰ ਵਿਚ ਵੇਖਿਆ ਸੀ ਅਤੇ ਉਸੇ ਪੇਸ਼ਕਾਰੀ ਦੌਰਾਨ ਲਾਲੀ ਵੀ ਉੱਥੇ ਇਸ ਨਾਟਕ ਨੂੰ ਵੇਖ ਰਹੇ ਸੀ। ਭਾਵੇਂ ਮੁਖਤਸਰ ਜਿਹੀ ਮਿਲਣੀ ਵੀ ਹੋਈ ਸੀ ਪਰ ਉਹ ਨਾਟਕ ਮੁੱਕਦਿਆਂ ਸਾਰ ਹੀ ਕਿਸੇ ਨਾਲ ਚਲਾ ਗਿਆ ਸੀ।

ਲਾਲੀ ਇਕ ਖ਼ੂਬਸੂਰਤ ਦੌਰ ਦਾ ਨਾਂ ਹੈ, ਜਿਹੜਾ 27 ਦਸੰਬਰ 2014 ਨੂੰ ਹਮੇਸ਼ਾ ਵਾਸਤੇ ਖ਼ਤਮ ਹੋ ਗਿਆ ਹੈ। ਭੂਤਵਾੜੇ ਤੋਂ ਇਸ ਦੌਰ ਦੀ ਸ਼ੁਰੂਆਤ ਹੁੰਦੀ ਹੈ। ਇਸ ਦੌਰ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਸੰਸਾਰ ਸਾਹਿਤ ਦੇ ਆਈਨੇ ਵਿਚ ਵੇਖਣ ਅਤੇ ਵਾਚਣ ਦਾ ਅਮਲ ਸ਼ੁਰੂ ਹੋਇਆ ਸੀ। ਇਸ ਵਿਚ ਭਾਰਤੀ ਸੰਸਕ੍ਰਿਤੀ ਦਾ ਪਾਠ ਵੀ ਉਤਨਾ ਹੀ ਮਹੱਤਵਪੂਰਣ ਸੀ ਜਿਤਨਾ ਗੁਰੂ ਕਾਲ ਦਾ। ਇਸ ਵਿਚ ਸੂਫ਼ੀ ਉਡਾਣ ਵੀ ਸੀ ਅਤੇ

ਪਲੈਟੋਨਿਕ ਸੂਖਮਤਾ ਵੀ। ਇਸ ਵਿਚ ਅਨੰਤ ਕੁਮਾਰਾਸਵਾਮੀ ਵੀ ਉਤਨਾ ਅਹਿਮ ਸੀ ਜਿਤਨਾ ਓਸ਼ੋ ਰਜਨੀਸ਼। ਇਸ ਵਿਚ ਸ਼ਹੀਦ ਭਗਤ ਸਿੰਘ ਦਾ ਗਾਇਨ ਵੀ ਸੀ ਅਤੇ ਬਰਾਜ਼ੀਲ ਦੇ ਫੁੱਟਬਾਲ ਖਿਲਾੜੀ ਪੇਲੇ ਦਾ ਵੀ। ਇਸ ਵਿਚ ਕਬੱਡੀ ਵੀ ਸੀ ਅਤੇ ਨਾਗਅਰਜੁਨ ਦਾ ਬੋਧੀ ਸ਼ੂਨਯਵਾਦ ਵੀ। ਇਸ ਖਿਲਾਅ ਨੂੰ ਉਹ ਸਿਰਜਣਾਤਮਕ ਖਿਲਾਅ ਆਖਦਾ ਸੀ। ਅਸਲ ਵਿਚ ਲਾਲੀ ਵਿਚ ਜ਼ਿੰਦਗੀ ਦਾ ਭਰਿਆ ਹੋਇਆ ਆਨੰਦ ਬੋਲ ਰਿਹਾ ਹੁੰਦਾ।

ਇਕ ਵਾਰ ਇਸੇ ਤਰ੍ਹਾਂ ਸ਼ੇਰਾਂ ਵਾਲੇ ਗੇਟ ਵਾਲੇ ਬਾਜ਼ਾਰ ਵਿਚ ਉਸ ਨਾਲ ਟਾਕਰਾ ਹੋ ਗਿਆ। ਉਹ ਅਕਸਰ ਇਸੇ ਬਾਜ਼ਾਰ ਵਿਚ ਪੈਂਦੀ ਰਮੇਸ਼ ਦੀ ਕਿਤਾਬਾਂ ਦੀ ਦੁਕਾਨ 'ਤੇ ਮਿਲ ਜਾਂਦਾ ਸੀ, ਜਿੱਥੇ ਪਟਿਆਲੇ ਦੇ ਕਈ ਕਿਤਾਬੀ ਕੀੜੇ ਆ ਇਕੱਠੇ ਹੁੰਦੇ। ਰਮੇਸ਼ ਨੂੰ ਉਸ ਦੀ ਦੁਕਾਨ 'ਤੇ ਗਾਹੇ ਬ ਗਾਹੇ ਆਉਂਦੇ ਰਹਿੰਦੇ ਸਾਹਿਤਕਾਰਾਂ ਅਤੇ ਕਲਾਕਾਰਾਂ ਤੋਂ ਇਹ ਬਾਖ਼ੂਬੀ ਇਲਮ ਹੋ ਗਿਆ ਸੀ ਕਿ ਕਿਸ ਤਰ੍ਹਾਂ ਦੀਆਂ ਕਿਤਾਬਾਂ ਦੀ ਚਰਚਾ ਅਤੇ ਪੁੱਛ ਹੈ। ਉਹ ਹਰ ਮਹੀਨੇ ਦਿੱਲੀ ਜਾਂਦਾ ਅਤੇ ਬੁੱਕ ਵੋਰਮ ਤੋਂ ਅਜੇਹੀਆਂ ਚਰਚਤ ਪੁਸਤਕਾਂ ਲੈ ਆਉਂਦਾ। ਪਟਿਆਲੇ ਦੇ ਕਈ ਕਿਤਾਬੀ ਕੀੜਿਆਂ ਨਾਲ ਮੇਰੀ ਸਾਂਝ ਇਸੇ ਦੁਕਾਨ ਕਾਰਣ ਪਈ, ਜਿਹਨਾਂ ਵਿਚ ਹਾਕਮ ਸਿੰਘ, ਮੇਵਾ ਸਿੰਘ ਤੁੰਗ, ਗੁਰਭਗਤ ਦੇ ਸ਼ਾਗਿਰਦ, ਰਾਜਪੁਰੇ ਦੇ ਡਾਕਟਰ ਮਨਮੋਹਨ, ਹਰਮੀਤ ਧਾਲੀਵਾਲ, ਇੰਦਰ ਪ੍ਰਤਾਪ, ਸਰਹੰਦ ਵਾਲੇ ਮਾਸਟਰ ਜੀ, ਕਲਾਕਾਰ ਕੇਵਲ ਧਾਲੀਵਾਲ ਸਮੇਤ ਬਹੁਤ ਸਾਰੇ ਚਿਹਰੇ ਹਨ। ਹਾਂ! ਅਸੀਂ ਲਾਲੀ ਦੀ ਗੱਲ ਕਰ ਰਹੇ ਸਾਂ, ਲਾਲੀ ਉਸ ਦਿਨ ਆਮ ਵਾਂਗ ਘੁੰਮਣ ਦੇ ਮੂਡ ਵਿਚ ਸੀ ਅਤੇ ਕੰਵਲ, ਲਾਲੀ ਅਤੇ ਮੈਂ ਅਦਾਲਤ ਬਾਜ਼ਾਰ ਤੀਕ ਗਏ। ਵਿਚ ਵਿਚ ਚੁਬਾਰਿਆ ਵੱਲ ਇਸ਼ਾਰਾ ਕਰਦੇ ਹੋਇਆਂ ਲਾਲੀ ਰੁਕ ਜਾਂਦਾ ਅਤੇ ਦੱਸਦਾ ਕਿ ਹਿੰਦ ਪਾਕ ਵਿਚ ਵੰਡ ਤੋਂ ਪਹਿਲਾਂ ਕਿਹੜੀ ਕਿਹੜੀ ਮਸ਼ਹੂਰ ਗਣਿਕਾ ਕਿਹੜੇ ਚੁਬਾਰੇ ਵਿਚ ਰਹਿੰਦੀ ਸੀ, ਜਿਸ ਦਾ ਸੰਗੀਤ ਸੁਣਨ ਦੇ ਲੋਕ ਦਿਵਾਨੇ ਹੁੰਦੇ। ਹੋਰ ਵੀ ਬਹੁਤ ਕੁਝ ਇਹਨਾਂ ਚੁਬਾਰਿਆਂ ਵਿਚ ਰਹਿੰਦੇ ਲੋਕਾਂ ਬਾਰੇ ਉਸ ਨੂੰ ਯਾਦ ਆ ਰਿਹਾ ਸੀ। ਉਸ ਦੀ ਯਾਦ ਦੀ ਹਾਜ਼ਰੀ ਲੁਆ ਰਿਹਾ ਸੀ। ਉਹ ਪੁਰਾਣੇ ਦਿਨਾਂ ਵਾਲੇ ਪਟਿਆਲੇ ਪਹੁੰਚ ਗਿਆ ਸੀ ਅਤੇ ਉਸ ਨਾਲ ਅਸੀਂ ਵੀ ਉਸੇ ਰਾਹ 'ਤੇ ਕੁਝ ਕੁ ਸਫਰ ਤੈਅ ਕਰ ਲਿਆ ਸੀ।

ਲਾਲੀ ਨੇ ਜੋ ਕੁਝ ਲਿਖਿਆ ਹੈ ਉਸ ਬਾਰੇ ਮੈਨੂੰ ਬਹੁਤਾ ਇਲਮ ਨਹੀਂ। ਹਾਂ ਇਹ ਜ਼ਰੂਰ ਹੈ ਕਿ ਲਾਲੀ ਨੇ ਸੱਤਰਵਿਆਂ ਵਿਚ ਅੰਗਰਜ਼ੀ ਵਿਚ ਇਕ ਤ੍ਰੈਮਾਸਕ ਰਸਾਲਾ ਵੀ ਕੱਢਿਆ ਸੀ। ਲਾਲੀ ਇਸ ਦਾ ਸਹਿ ਸੰਪਾਦਕ ਸੀ ਅਤੇ ਪ੍ਰੋਫੈਸਰ ਰਾਜ਼ਦਾਨ. ਜਿਹੜਾ ਮਹਿੰਦਰਾ ਕਾਲਿਜ ਵਿਚ ਅੰਗਰੇਜ਼ੀ ਵਿਭਾਗ ਦਾ ਮੁੱਖੀ ਸੀ, ਇਸ ਦਾ ਸੰਪਾਦਕ। ਇਸ ਰਸਾਲੇ ਦੇ ਕੁਝ ਕੁ ਅੰਕ ਹੀ ਪ੍ਰਕਾਸ਼ਤ ਹੋ ਸਕੇ ਸਨ, ਤਦ ਵੀ ਇਸ ਮੈਗਜ਼ੀਨ ਨੇ ਸਾਹਿਤਕ ਬਾਜ਼ਾਰ ਲੁੱਟ ਲਿਆ ਸੀ। ਇਸ ਦਾ ਇਕ ਸਪੈਸ਼ਲ ਅੰਕ, 'ਬਲੈਕ', ਸੀ ਜਿਹੜਾ ਇਕੱਲੇ ਲਾਲੀ ਨੇ ਸੰਪਾਦਤ ਕੀਤਾ ਸੀ। ਇਸ ਅੰਕ ਦੀ ਇਕਵਾਰਗੀ ਧੁੰਮ ਪੈ ਗਈ ਸੀ। ਲਾਲੀ ਦਾ ਘੁਮੱਕੜਪੁਣਾ ਵੀ ਮਸ਼ਹੂਰ ਸੀ ਅਤੇ ਉਸ ਦੇ ਬੱਚਿਆਂ ਦੀ ਫਜ਼ੂਲ ਖਰਚੀ ਵੀ। ਜਾਗੀਰਦਾਰ ਵਿਰਸੇ ਨਾਲ ਸੰਬੰਧ ਹੋਣ ਕਾਰਣ ਉਸ ਪਾਸ ਦੌਲਤ ਸੀ ਪਰ ਉਸ ਨੇ ਅਤਿ ਦੀ ਸਾਦਗੀ ਵਾਲਾ ਜੀਵਨ ਜੀਵਿਆ। ਇਹ ਦੌਲਤ ਤਾਂ ਉਸ ਦੇ ਬੱਚਿਆਂ ਨੇ ਹੀ ਹੰਢਾਈ ਜਾਂ ਗੰਵਾਈ। ਲਾਲੀ ਤਾਂ ਫਕੀਰ ਬੰਦਾ ਸੀ, ਦੁਨੀਆਂਦਾਰੀ ਤੋਂ ਅਣਭਿੱਜ। ਹਾਂ! ਲਾਲੀ ਨੇ ਕਈ ਵਰ੍ਹੇ

ਬੰਬਈ ਅਤੇ ਕਲਕੱਤੇ ਵਿਚ ਬਿਤਾਏ। ਫਿਲਮਾਂ ਅਤੇ ਫਿਲਮਕਾਰਾਂ ਦੀ ਸੰਗਤ ਕੀਤੀ। ਪਰ ਇਹ ਵਰ੍ਹੇ ਉਸ ਦੀ ਫੱਕਰਾਨਾ ਜ਼ਿੰਦਗੀ ਦੇ ਦੌਰ ਨਾਲ ਸੰਬੰਧ ਰਖਦੇ ਹਨ, ਅਤੇ ਨਿਰਾ ਫਜ਼ੂਲ ਖਰਚੀ ਦੀ ਜ਼ੱਦ ਵਿਚ ਨਹੀਂ ਆਉਂਦੇ ਆਖੇ ਜਾ ਸਕਦੇ।

ਮੇਰੀ ਬੇਟੀ ਦੱਸਦੀ ਹੁੰਦੀ ਹੈ ਕਿ ਲਾਲੀ ਸਰ ਨੇ ਕਦੇ ਵੀ ਕਲਾਸ ਵਿਚ ਚਾਲੂ ਪ੍ਰਥਾ ਅਨੁਸਾਰ ਪੜ੍ਹਾਇਆ ਨਹੀਂ ਸੀ। ਉਹ ਬਸ ਗੱਲਾਂ ਕਰਦਾ ਸੀ ਅਤੇ ਕਲਾਸ ਉਸ ਦੀਆਂ ਗੱਲਾਂ ਦੇ ਸਰੂਰ ਵਿਚ ਮੁਗਧ ਹੋਈ ਉਸ ਨਾਲ ਹੀ ਉੱਠ ਕੇ ਬਾਹਰ ਆ ਜਾਂਦੀ ਸੀ। ਉਹ ਘਾਹ ਉਤੇ ਚੱਲਦਾ ਜਾਂ ਬੈਠਾ ਸਾਹਿਤ ਬਾਰੇ ਗੱਲਾਂ ਕਰਦਾ ਅਤੇ ਕਦੇ ਭਾਸ਼ਾ ਦੇ ਜ਼ਿੰਦਗੀ ਦਾ ਘਰ ਹੋਣ ਬਾਰੇ। ਉਹ ਪੜ੍ਹਾ ਰਿਹਾ ਵੀ ਇਵੇਂ ਲੱਗ ਰਿਹਾ ਹੁੰਦਾ ਜਿਵੇਂ ਬਾਤਾਂ ਪਾ ਰਿਹਾ ਹੋਵੇ। ਉਸ ਦੇ ਵਿਸ਼ੇ ਕਦੇ ਮਿੱਥੇ ਨਹੀਂ ਹੁੰਦੇ ਸਨ ਅਤੇ ਨਾ ਹੀ ਕਿਆਸੇ ਹੋਏ। ਉਹ ਕੋਈ ਵੀ ਗੱਲ ਕਰ ਸਕਦਾ ਸੀ ਅਤੇ ਵਿਸ਼ੇ ਅਤੇ ਗੱਲ ਦਾ ਕੋਈ ਸਿਰਾ ਵੀ ਪਕੜ ਸਕਦਾ ਸੀ। ਠੀਕ ਜਿਵੇਂ ਜ਼ਿੰਦਗੀ ਵੀ ਕੋਈ ਨਿਸਚਤ ਆਰੰਭ ਅਤੇ ਅੰਤ ਨਹੀਂ ਰਖਦੀ। ਗੋਲਧਾਰੇ ਵਾਂਗ। ਉਸ ਦੀਆਂ ਗੱਲਾਂ ਦੇ ਅੰਦਾਜ਼-ਇ- ਬਿਆਨ ਨੂੰ ਗੋਲਧਾਰੇ ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਆਰੰਭ-ਹੀਣ, ਅੰਤ-ਹੀਣ। ਹਰ ਬਿੰਦੂ ਇਕੋ ਵੇਲੇ ਦੋਵੇਂ।

ਪਟਿਆਲੇ ਦੇ ਭੂਤਵਾੜੇ ਨੂੰ ਲਾਲੀ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਦੋਹਾਂ ਵਿਚ ਇਕ ਦੂਜੇ ਦੇ ਅਕਸ ਸਨ। ਭੂਤਵਾੜੇ ਦੀਆਂ ਸਾਰੀਆਂ ਹਸਤੀਆਂ ਆਪੋ ਆਪਣਆਂ ਰਚਨਾਤਮਕ ਭਟਕਣਾਂ ਕਾਰਣ ਇਕ ਦੂਜੇ ਦੀਆਂ ਪੂਰਕ ਸਨ। ਗੁਰਭਗਤ, ਨਵਤੇਜ ਭਾਰਤੀ, ਹਰਿੰਦਰ ਮਹਿਬੂਬ, ਪ੍ਰੇਮ ਪਾਲੀ, ਅਮਰਜੀਤ ਸਾਥੀ, ਨੂਰ, ਸੁਰਜੀਤ ਲੀਅ, ਕੁਲਵੰਤ ਗਰੇਵਾਲ, ਨਕਸਲੀਆ ਹਰਭਜਨ ਸੋਹੀ, ਜੋਗਿੰਦਰ ਹੀਰ। ਕਦੇ ਕਦੇ ਜੋਗਾ ਸਿੰਘ, ਅਮਰਜੀਤ ਪਰਾਗ, ਗੁਰਬਖ਼ਸ਼ ਸਿੰਘ ਸੋਚ ਵੀ ਉੱਥੇ ਜਾ ਡੇਰਾ ਲਾਉਂਦੇ। ਸੋ ਇਹ ਬਹੁਤ ਸਾਰੇ ਭੂਤ ਸਨ। ਇਹਨਾਂ ਦਾ ਅਜੇ ਆਪੋ ਆਪਣਾ ਕੋਈ ਨਿੱਜੀ ਪ੍ਰਛਾਵਾਂ ਨਹੀਂ ਸੀ ਉੱਭਰਿਆ। ਸਾਰਿਆਂ ਭੂਤਾਂ ਦੇ ਪੈਰ ਪੁੱਠੇ ਸਨ। ਜ਼ਿੰਦਗੀ ਅਜੇ ਉਲਟੀ ਪੁਲਟੀ ਯਾਤਰਾ ਤੋਂ ਵੱਧ ਕੁਝ ਨਹੀਂ ਸੀ। ਭਟਕਣ ਵਿਚ ਹੀ ਠਹਿਰਾਅ ਅਤੇ ਸਹਿਜ ਸੰਭਵ ਸੀ। ਪਰ ਇਹ ਭਟਕਣ ਲਗਾਤਾਰ ਰਾਹ ਦੀ ਖੋਜ ਹਿਤ ਸੀ ਜਿਸ ਨੂੰ ਕਿਤਾਬ ਦੀ ਜ਼ਿੰਦਗੀ ਵਿਚੋਂ ਭਾਲਣਾ ਵੱਧ ਸਮਰੱਥ ਜਾਪਦਾ ਸੀ। ਜ਼ਿੰਦਗੀ ਦੀ ਕਿਤਾਬ ਅਜੇ ਪੁੱਠੀ ਪਈ ਸੀ।

ਤਿੰਨ ਕੁ ਸਾਲ ਹੋਏ ਨਵਤੇਜ ਭਾਰਤੀ, ਅਜਮੇਰ ਰੋਡੇ, ਰਾਜੇਸ਼ ਸ਼ਰਮਾ, ਧਰਮਜੀਤ, ਗੁਰਦਿਆਲ ਬੱਲ ਅਤੇ ਮੈਂ ਲਾਲੀ ਦੇ ਨਿਊ ਆਫੀਸਰ ਕਾਲੋਨੀ ਵਾਲੇ ਘਰ ਮਿਲਣ ਗਏ ਸਾਂ। ਨਵਤੇਜ ਦੀ 'ਲਾਲੀ' ਅਜੇ ਪ੍ਰੈੱਸ ਵਿਚ ਹੀ ਸੀ। ਲਾਲੀ ਦੀ ਬੋਲ ਸ਼ਕਤੀ ਤਾਂ ਭਾਵੇਂ ਠੀਕ ਸੀ ਅਤੇ ਯਾਦਦਾਸ਼ਤ ਵੀ, ਪਰ ਉਹ ਆਪਣੀ ਰਚਨਾਤਮਕ ਚੁੱਪ ਨਾਲ ਹੀ ਬੋਲ ਰਿਹਾ ਜਾਪਦਾ ਸੀ। ਜਾਣੋ ਕਹਿ ਰਿਹਾ ਹੋਵੇ, ਜੋ ਮੈਂ ਕਹਿਣਾ ਸੀ ਕਹਿ ਲਿਆ, ਹੁਣ ਬੋਲਣ ਅਤੇ ਪੜ੍ਹਨ ਦੀ ਤੁਹਾਡੀ ਵਾਰੀ ਹੈ। ਉਹ ਇਕ ਇਕ ਕਰਕੇ ਸਾਨੂੰ ਵੇਖ ਰਿਹਾ ਸੀ ਅਤੇ ਯਾਦ ਕਰ ਰਿਹਾ ਸੀ। ਯਾਦ ਆਉਣ 'ਤੇ ਮੁਸਕਰਾ ਰਿਹਾ ਸੀ। ਉਸ ਦੇ ਬੋਲ ਭਾਵੇਂ ਕੁਝ ਅਸਪਸ਼ਟ ਸਨ ਪਰ ਇਹਨਾਂ ਵਿਚ ਰਸ ਉਸੇ ਤਰ੍ਹਾਂ ਕਾਇਮ ਸੀ ਜਿਵੇਂ ਉਸ ਦਾ ਬਾਂਹ ਉਲਾਰ ਕੇ ਉਂਗਲੀਆਂ ਨੂੰ ਫੈਲਾਉਣ ਸਕੋੜਨ ਦੀ ਮੁਦਰਾ ਵਿਚ ਗੱਲ ਨੂੰ ਬੁਝਾਰਤੀ ਦਿਸ਼ਾ ਦੇਣ ਦਾ ਅੰਦਾਜ਼। ਕਿਰਿਏਟਿਵ ਮੁਦਰਾ ਵਿਚ ਉੱਠ ਰਹੇ ਹੱਥਾਂ ਵਿਚ ਭਾਸ਼ਾ ਅਜੇ ਵੀ ਤੀਬਰ ਅਤੇ ਜ਼ਿੰਦਾ ਸੀ। ਕੁਝ ਕਹਿਣ ਦੇ ਸਰੋਤ ਦੀ ਮੁੱਠੀ ਉਸ ਆਪ ਹੀ ਮੀਟ ਲਈ ਸੀ। ਊਰਜਾ

ਨਿਰੀ ਆਪਣੇ ਬਲਬੂਤੇ ਉੱਤੇ ਠਠੰਬਰ ਗਈ ਜਾਪਦੀ ਸੀ। ਜ਼ਿੰਦਗੀ ਮੁੜ ਆਪਣੇ ਆਰੰਭਕ ਪੂਰਵ-ਅਚੇਤੇ ਪਾਰ ਯਥਾਰਥਕ ਸਰੋਤ ਵੱਲ ਪਰਤ ਗਈ ਸੀ।

ਮੈਨੂੰ ਯਾਦ ਹੈ ਇਸ ਸੰਖੇਪ ਜਿਹੀ ਮਿਲਣੀ ਬਾਅਦ ਅਸੀਂ ਉਦਾਸ ਜਿਹੀ ਚੁੱਪ ਦੀ ਬੁੱਕਲ ਮਾਰ ਵਾਪਸ ਗੁਰਦਿਆਲ ਬੱਲ ਦੇ ਘਰ ਆ ਗਏ ਸਾਂ। ਉਸ ਰਾਤ ਦੇਰ ਤੀਕ ਅਸੀਂ ਬਹੁਤ ਗੱਲਾਂ ਕੀਤੀਆਂ। ਸਾਡੀ ਗਲਬਾਤ ਰਾਮਾਇਣ ਅਤੇ ਮਹਾਂ ਭਾਰਤ ਤੋਂ ਸ਼ੁਰੂ ਹੋ ਕੇ, ਵਿਦਾਂਤ ਅਤੇ ਬੁੱਧ ਦੇ ਅਦਵੈਤ ਦੇ ਫਲਸਫੇ ਤੋਂ ਪੱਛਮ ਦੇ ਡਿਫਰੈਂਸ ਦੇ ਨੁਕਤੇ 'ਤੇ ਜਾ ਪਹੁੰਚੀ ਸੀ ਅਤੇ ਫਿਰ ਅਦਵੈਤ 'ਤੇ ਵਾਪਸ ਆ ਗਈ ਸੀ। ਇਸ ਵਿਚ ਲਾਲੀ ਸ਼ਾਮਲ ਸੀ, ਨਵਤੇਜ ਦੀ 'ਲਾਲੀ' ਦੇ ਪਾਠ ਸਮੇਤ, ਜਿਹੜਾ ਇਸ ਮਹਾ ਸੰਵਾਦ ਦਾ ਅਖਰੀ ਪੰਨਾ ਸੀ। ਉਸ ਰਾਤ ਦਾ ਜਾਗਦਾ ਆਖਰੀ ਪੰਨਾ ਵੀ।

ਫਿਰ ਕੁਝ ਦੇਰ ਬਾਅਦ ਜਦ ਪੰਜਾਬੀ ਯੂਨੀਵਰਸਿਟੀ ਵਿਚ ਨਵਤੇਜ ਦੀ 'ਲਾਲੀ' ਦਾ ਲੋਕ ਅਰਪਨ ਹੋਇਆ ਤਾਂ ਸਟੇਜ ਉੱਤੇ ਲਾਲੀ, ਨਵਤੇਜ ਅਤੇ ਸਿਧਾਰਥ ਬੈਠੇ ਸਨ। ਸਿਧਾਰਥ ਨੇ ਇਸ ਪੁਸਤਕ ਵਿਚ ਆਪਣੀਆਂ ਪੇਂਟਿੰਗਜ਼ ਰਾਹੀਂ ਲਾਲੀ ਦੀ ਰੂਹ ਨੂੰ ਪਕੜਨ ਦਾ ਭਰਪੂਰ ਪ੍ਰਯਤਨ ਕੀਤਾ ਸੀ। ਪੂਰਵ ਯੋਜਨਾ ਅਨੁਸਾਰ ਲਾਲੀ ਨੂੰ ਦੱਸਿਆ ਨਹੀਂ ਸੀ ਗਿਆ ਕਿ ਉਸ ਬਾਰੇ ਅਤੇ ਉਸ ਦੇ ਨਾਂ ਵਾਲੀ ਕਿਤਾਬ ਰੀਲੀਜ਼ ਹੋਣ ਜਾ ਰਹੀ ਹੈ, ਜਿਹੜੀ ਨਵਤੇਜ ਭਾਰਤੀ ਨੇ ਬੜੀ ਅਪਣੱਤ ਭਰੀ ਸਾਧਨਾ ਨਾਲ ਲਿਖੀ ਸੀ। ਜਦ ਲਾਲੀ ਨੇ ਅਚਾਨਕ ਸਟੇਜ ਸਕੱਤਰ ਦੇ ਮੂੰਹੋਂ ਆਪਣਾ ਨਾਂ ਸੁਣਿਆ ਅਤੇ ਕਿਤਾਬ ਵੱਲ ਝਾਤ ਮਾਰੀ ਅਤੇ ਆਲੇ ਦੁਆਲੇ ਜੁੜੇ ਇਕੱਠ ਵੱਲ, ਜਿਹੜਾ ਉਸਦੇ ਆਪਣੇ ਬਾਰੇ ਕਿਤਾਬ ਦੇ ਮਹੂਰਤ ਲਈ ਜੁੜਿਆ ਸੀ, ਤਾਂ ਉਹ ਇਕ ਵਾਰ ਅਸਚਰਜਤਾ ਵਿਚ ਚੌਂਕਿਆ ਅਤੇ ਫਿਰ ਆਪਣਾ ਕਿਰਦਾ ਸਹਿਜ ਸਮੇਟਣ ਵਿਚ ਲੱਗ ਗਿਆ। ਇਹ ਲਾਲੀ ਦੇ ਚਿਹਰੇ ਦੀ ਆਖਰੀ ਲਾਲੀ ਦਾ ਛਿਣ ਸੀ, ਉਸ ਦੀ ਹੋਂਦ ਦੀ ਵਿਆਪਕਤਾ ਦਾ ਛਿਣ ਜਿਸ ਦਾ ਆਖਰੀ ਧੁਰਾ ਟੁੱਟਦੇ ਤਾਰੇ ਨਾਲ ਮੇਲ ਖਾਂਦਾ ਹੈ ਜਿਹੜਾ ਪ੍ਰਿਕਰਤੀ ਤੋਂ ਉਦੈ ਹੋ ਕੇ ਉਸੇ ਵਿਚ ਸਮਾ ਜਾਂਦਾ ਹੈ।

ਨਵਤੇਜ ਭਾਰਤੀ ਦੀ 'ਲਾਲੀ' ਤੋਂ ਇਲਾਵਾ ਲਾਲੀ ਬਾਬੇ ਬਾਰੇ ਬਹੁਤਾ ਕੁਝ ਨਹੀਂ ਲਿਖਿਆ ਗਿਆ। ਇਹ ਲਾਲੀ ਦੀ ਨਹੀਂ ਸਾਡੀ ਤ੍ਰਾਸਦੀ ਹੈ। ਲਾਲੀ ਸਾਡੀ ਅੱਜੋਕੀ ਮੌਖਿਕ ਵਿਰਾਸਤ ਦਾ ਪ੍ਰਮੁੱਖ ਵਕਤਾ ਸੀ। ਉਸ ਬਾਰੇ ਇਕ ਲੇਖ ਹਰਪਾਲ ਸਿੰਘ ਪੰਨੂ ਨੇ ਲਿਖਿਆ ਸੀ ਜਿਹੜਾ 'ਸੰਖ' ਵਿਚ ਛਪਿਆ ਸੀ। ਗੁਰਦਿਆਲ ਬੱਲ ਨੇ ਪਿੱਛੇ ਜਿਹੇ ਲਾਲੀ ਬਾਬੇ ਦੇ ਪ੍ਰਵਚਨਾਂ ਦੀ ਲੋਅ ਰਾਹੀਂ ਸੁਰਿੰਦਰ ਨੀਰ ਦੇ ਨਾਵਲ 'ਮਾਇਆ' ਬਾਰੇ ਇਕ ਵਿਸਤ੍ਰਿਤ ਲੇਖ ਵਿਚ ਲਾਲੀ ਬਾਬੇ ਦੀ ਅਸਲ ਸਪਿਰਟ ਨੂੰ ਸਮਝਣ ਅਤੇ ਉਭਾਰਨ ਦਾ ਯਤਨ ਕੀਤਾ ਹੈ। ਲਾਲੀ ਦੀ ਪੂਰੀ ਰੂਹ ਪਕੜਨ ਵਾਲੇ ਹੋਰ ਅਜਿਹੇ ਲੇਖ ਅਜੇ ਲਿਖੇ ਜਾਣੇ ਹਨ। ਭਾਵੇਂ ਲਾਲੀ ਮਰ ਗਿਆ ਹੈ ਪਰ ਉਹ ਹਾਲੇ ਸਾਡੇ ਲਈ ਮੁੱਕਿਆ ਨਹੀਂ। ਸਾਡੇ ਲਈ ਉਸ ਦਾ ਬਹੁਤ ਕੁਝ ਅਜੇ ਜੀਉਂਦਾ ਹੈ ਅਤੇ ਜੀਉਂਦਾ ਰਹੇਗਾ, ਕਿਉਂਕਿ ਲਾਲੀ ਨੇ ਜ਼ਿੰਦਗੀ ਵਿਚ ਆਪਣਾ ਬਹੁਤ ਕੁਝ ਗੁਆਇਆ ਹੈ ਅਤੇ ਇਹ ਕਰਦਿਆਂ ਉਸ ਬਹੁਤ ਕੁਝ ਜਿਵਾਇਆ ਵੀ ਹੈ। ਲਾਲੀ ਇਸ ਦੁਨੀਆਂ ਦਾ ਬੰਦਾ ਨਹੀਂ ਸੀ। ਪਰ ਉਹ ਸਾਡੀ ਦੁਨੀਆਂ ਨੂੰ ਹਮੇਸ਼ਾ ਅਰਪਤ ਰਿਹਾ। ਇਸ ਲਈ ਉਹ ਹੁਣ ਸਾਡਾ ਹਿੱਸਾ ਬਣ ਗਿਆ ਹੈ। ❑❑

[gurdevchauhan01@gmail.com]

ਸਚੁ ਤਰਾਜੀ ਤੋਲੁ : ਸ਼ਬਦ ਝਰੋਖਾ : ਬਲਜੀਤ ਬਾਸੀ

ਕਾਰੋਬਾਰੀ ਦੁਨੀਆ ਤੋਲਣ ਤੋਂ ਬਿਨਾਂ ਚੱਲ ਨਹੀਂ ਸਕਦੀ। ਸੌਦਾ ਤੋਲ ਕੇ ਹੀ ਵੇਚਿਆ ਖਰੀਦਿਆ ਜਾਂਦਾ ਹੈ। ਜਦ ਦੁਕਾਨਦਾਰ ਸੌਦਾ ਤੋਲ ਰਿਹਾ ਹੁੰਦਾ ਹੈ ਤਾਂ ਗਾਹਕ ਦੀ ਨਿਗਾਹ ਤੱਕੜੀ ਦੀ ਡੰਡੀ 'ਤੇ ਟਿਕੀ ਹੁੰਦੀ ਹੈ, ਇਹ ਤਾੜਨ ਲਈ ਕਿ ਇਹ ਸਿੱਧੀ ਵੀ ਹੈ ਕਿ ਨਹੀਂ। ਦੁਕਾਨਦਾਰ ਦੀ ਚੋਰ ਅੱਖ ਗਾਹਕ ਦੀ ਅੱਖ 'ਤੇ ਹੁੰਦੀ ਹੈ, ਨਜ਼ਰ ਏਧਰ ਉਧਰ ਫੇਰੇ ਕਿ ਉਹ ਠੂੰਗਾ ਮਾਰ ਲਵੇ। ਪਰ ਦੁਕਾਨਦਾਰ ਕੋਲ਼ ਹੇਰ ਫੇਰ ਕਰਨ ਦੇ ਹੋਰ ਬਹੁਤ ਢੰਗ ਹਨ, ਜਿਵੇਂ ਡੰਡੀ ਨੂੰ ਹੀ ਇਕ ਪਾਸਿਉਂ ਵੱਡੀ ਛੋਟੀ ਰੱਖਣਾ ਜਾਂ ਵੱਟੇ ਹਲਕੇ ਬਣਾ ਲੈਣੇ। ਉਂਝ ਕਾਰੋਬਾਰੀ ਸਦਾਚਾਰ ਅਜਿਹੇ ਵਿਹਾਰ ਦੀ ਨਿਖੇਧੀ ਕਰਦਾ ਹੈ। ਗੁਰੂ ਨਾਨਕ ਦੇਵ ਫਰਮਾਉਂਦੇ ਹਨ, **ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੇ ਤੋਲਿ**। ਇਸ ਪ੍ਰਸੰਗ ਵਿਚ ਵਾਰਿਸ ਸ਼ਾਹ ਵੱਲੋਂ ਰਾਂਝੇ ਦੇ ਮੂੰਹੋਂ ਸਹਿਤੀ ਨੂੰ ਕਹਾਏ ਬੋਲ ਸੁਣੋ,

ਸਰੇ ਖੈਰ ਸੋ ਹੱਸ ਕੇ ਆਣ ਦੀਚੇ, ਲਏ ਦੁਆ ਤੇ ਮਿੱਠੜਾ ਬੋਲੀਏ ਨੀ।
ਲਏ ਅੱਘ ਚੜ੍ਹਾਇਕੇ ਦੁੱਧ ਪੈਸਾ, ਪਰ ਤੋਲ ਥੀਂ ਘੱਟ ਨਾ ਤੋਲੀਏ ਨੀ।
ਬੁਰਾ ਬੋਲ ਨਾ ਰੱਬ ਦੇ ਪੂਰਿਆਂ ਨੂੰ, ਨੀ ਬੇਸ਼ਰਮ ਕੁਪੱਤੀਏ ਲੂਲੀਏ ਨੀ।
ਮਸਤੀ ਨਾਲ ਫਕੀਰਾਂ ਨੂੰ ਦੇਂ ਗਾਲੀਂ, ਵਾਰਿਸ ਸ਼ਾਹ ਦੋ ਠੋਕ ਮਨੋਲੀਏ ਨੀ।

ਜ਼ਿੰਦਗੀ ਦੇ ਵਰਤੋਂ ਵਿਹਾਰ ਵੀ ਇਕ ਤਰ੍ਹਾਂ ਕਾਰੋਬਾਰ ਦੇ ਨਿਆਈਂ ਹੀ ਹਨ ਜਿੱਥੇ ਫੈਸਲਿਆਂ ਦਾ ਤਰਕ ਤੇ ਵਿਵੇਕ ਦੀ ਤੱਕੜੀ ਵਿਚ ਤੋਲਣਾ ਬੜਾ ਜ਼ਰੂਰੀ ਹੁੰਦਾ ਹੈ। ਐਵੇਂ ਨਹੀਂ ਕਿਹਾ ਜਾਂਦਾ, 'ਪਹਿਲਾਂ ਤੋਲੋ, ਫਿਰ ਬੋਲੋ'। ਤੋਲਣਾ ਦਾ ਆਮ ਅਰਥ ਭਾਰ ਜੋਖਣਾ ਹੈ ਤੇ ਲਾਖਣਿਕ ਜੋਹਣ ਜਾਚਣ ਕਰਨਾ।

ਤੋਲ ਦਾ ਧਾਤੂ ਹੈ 'ਤੁਲ' ਜਿਸ ਵਿਚ ਉਠਾਉਣ, ਚੁੱਕਣ, ਭਾਰ ਜੋਖਣ ਦੇ ਭਾਵ ਹਨ। ਧਿਆਨ ਦਿਓ ਕਿ ਅਸਲ ਵਿਚ ਭਾਰ ਵੀ ਕਿਸੇ ਚੀਜ਼ ਨੂੰ ਉਪਰ ਚੁੱਕਣ ਨਾਲ ਹੀ ਜੋਖਿਆ ਜਾਂਦਾ ਹੈ। ਵਿਆਹ ਸਮੇਂ ਜਦ ਮਿਲਣੀ ਹੁੰਦੀ ਹੈ ਤਾਂ ਤਕੜਾ ਮਾਮਾ ਮਾੜੇ ਮਾਮੇ ਨੂੰ ਤੋਲ ਹੀ ਦਿੰਦਾ ਹੈ। ਕਿਸੇ ਚੀਜ਼ ਨੂੰ ਉਪਰ ਚੁੱਕਣ ਨਾਲ ਅਸੀਂ ਉਸ ਦੇ ਭਾਰ ਦਾ ਮਾਨਸਿਕ ਤੌਰ 'ਤੇ ਅੰਦਾਜ਼ਾ ਲਾ ਸਕਦੇ ਹਾਂ। 'ਪਰ ਤੋਲਣੇ' ਮੁਹਾਵਰੇ ਵਿਚ ਵੀ ਆਪਣੀ ਸ਼ਕਤੀ ਦਾ ਅਨੁਮਾਨ ਲਾਉਣ ਦਾ ਭਾਵ ਹੈ ਜਿਵੇਂ ਪੰਛੀ ਉਡਣ ਤੋਂ ਪਹਿਲਾਂ ਆਪਣੇ ਪਰਾਂ ਨੂੰ ਫੜਫੜਾ ਕੇ ਦੇਖਦਾ ਹੈ। ਤੋਲਣ ਦੇ ਚੁੱਕਣ ਵਾਲੇ ਅਰਥਾਂ ਤੋਂ ਹੀ ਤੁਲ ਸ਼ਬਦ ਦਾ ਇਕ ਅਰਥ ਲੀਵਰ lever ਜਿਹਾ ਹੈ, ਅਰਥਾਤ ਕਿਸੇ ਡੰਡੇ ਆਦਿ ਨੂੰ ਇਕ ਬਿੰਦੂ 'ਤੇ ਟਿਕਾ ਕੇ ਅਤੇ ਇਕ ਪਾਸੇ ਜ਼ੋਰ ਲਾਕੇ ਕਿਸੇ ਬਹੁਤ ਭਾਰੀ ਚੀਜ਼ ਨੂੰ ਸੌਖਿਆਂ ਹੀ ਉਪਰ ਚੁੱਕਣਾ। ਆਰਸ਼ੀਮਦਸ ਨੇ ਕਿਹਾ ਸੀ ਕਿ ਮੈਨੂੰ ਖੜ੍ਹੇ ਹੋਣ ਨੂੰ ਥਾਂ ਦਿਓ ਤਾਂ ਮੈਂ ਤੁਲ ਨਾਲ ਧਰਤੀ ਚੁੱਕ ਸਕਦਾ ਹਾਂ। ਗੁਰੂ ਨਾਨਕ ਦੇਵ ਦਾ ਕਥਨ ਹੈ, **ਧਰਿ ਤਾਰਾਜੀ ਅੰਬਰ ਤੋਲੀ ਪਿਛੈ ਟੰਕੁ ਚੜਾਈ**। ਗੁਰੂ ਅਮਰ ਦਾਸ ਫਰਮਾਉਂਦੇ ਹਨ, '**ਬਿਨੁ ਤਕੜੀ ਤੋਲੈ ਸੰਸਾਰਾ**'। 'ਤੁਲ ਦੇਣਾ' ਦਾ ਅਰਥ ਕਿਸੇ ਨੂੰ ਚੁੱਕਣਾ, ਭੜਕਾਉਣਾ ਹੁੰਦਾ ਹੈ। ਲੱਕੜਾਂ ਤੇ ਕਾਹੀ ਆਦਿਕ ਬੰਨ੍ਹ ਕੇ ਬਣਾਈ ਅਣਘੜਤ

ਜਿਹੀ ਕਿਸ਼ਤੀ ਨੂੰ ਤੁਲ੍ਹਾ ਕਿਹਾ ਜਾਂਦਾ ਹੈ। ਇਹ ਸ਼ਬਦ ਵੀ ਭਾਰ ਉਠਾਉਣ ਦੇ ਭਾਵ ਤੋਂ ਹੀ ਵਿਕਸਤ ਹੋਇਆ ਹੈ। ਤੁਲ੍ਹਾ ਸਾਨੂੰ ਪਾਣੀ ਵਿਚ ਚੁੱਕੀ ਰੱਖਦਾ ਹੈ, **ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਿ ਲੇਹਿ ਤਾਰਣ ਰਾਇਆਂ** –ਗੁਰੂ ਨਾਨਕ। ਸ਼ਾਹ ਹੁਸੈਨ ਨੇ ਇਸ ਸ਼ਬਦ ਦੀ ਵਰਤੋਂ ਕੀਤੀ ਹੈ:

ਨੈਅ ਭੀ ਡੂੰਘੀ ਤੁਲ੍ਹਾ ਪੁਰਾਣਾ, ਸ਼ੀਹਾਂ ਤਾਂ ਪੱਤਣ ਮੱਲੇ ।
ਜੇ ਕੋਈ ਖ਼ਬਰ ਮਿੱਤਰਾਂ ਦੀ ਲਿਆਵੇ,ਮੈਂ ਹੱਥ ਦੇ ਦੇਨੀਆਂ ਛੱਲੇ।

ਕਿਸੇ ਵਸਤੂ ਦੇ ਭਾਰ ਬਾਰੇ ਸੁਨਿਸਚਤ ਹੋਣ ਲਈ ਅਸੀਂ ਇਸ ਨੂੰ ਤੱਕੜੀ ਆਦਿ ਵਿਚ ਤੋਲਦੇ ਹਾਂ, **ਧਰ ਤਰਾਜੂ ਤੋਲੀਐ ਨਿਵੈ ਸੋ ਗਉਰਾ ਹੋਇ** –ਗੁਰੂ ਨਾਨਕ। ਭਾਰ ਦੇ ਅਰਥਾਂ ਵਿਚ ਵੀ ਤੋਲ ਸ਼ਬਦ ਵਰਤਿਆ ਜਾਂਦਾ ਹੈ, **ਭਉ ਮੁਚੁ ਭਾਰਾ ਵਡਾ ਤੋਲੁ** –ਗੁਰੂ ਨਾਨਕ। ਅਰਥਾਤ ਪਰਮਾਤਮਾ ਦਾ ਭੈਅ ਭਾਰ ਵਿਚ ਬਹੁਤ ਜ਼ਿਆਦਾ ਹੁੰਦਾ ਹੈ। ਕਵਿਤਾ ਛੰਦ-ਬਧ ਵਿਧਾ ਹੈ ਜਿਸ ਦੀਆਂ ਤੁਕਾਂ ਦਾ ਤਵਾਜ਼ਨ ਦੇਖਣਾ ਪੈਂਦਾ ਹੈ। ਹਰ ਛੰਦ ਦੀ ਕਵਿਤਾ ਦੀਆਂ ਤੁਕਾਂ ਦਾ ਆਪਣਾ ਤੋਲ ਹੁੰਦਾ ਹੈ ਜੋ ਮਾਤਰਾਵਾਂ ਦੀ ਗਿਣਤੀ ਨਾਲ ਕੀਤਾ ਜਾਂਦਾ ਹੈ। ਤੋਲ-ਤੁਕਾਂਤ ਉਕਤੀ ਆਮ ਹੀ ਚਲਦੀ ਹੈ। ਕਈ ਲੋਕ ਗੱਲ ਵੀ ਨਾਪ ਤੋਲ ਕੇ ਹੀ ਕਰਦੇ ਹਨ। ਪੰਜਾਬੀ ਤਾਂ ਗਾਲ੍ਹਾਂ ਵੀ ਤੋਲਕੇ ਕੱਢਦੇ ਹਾਂ, ਮਣ ਮਣ ਪੱਕੇ ਦੀਆਂ। ਤੋਲਣ ਵਿਚ ਬਹੁਤ ਭਾਰੀ ਚੀਜ਼ ਚੁੱਕਣ ਦਾ ਭਾਵ ਵੀ ਹੈ ,ਇਸ ਲਈ ਕੁਫਰ ਤੋਲਿਆ ਜਾਂਦਾ ਹੈ, ਮਤਲਬ ਬਹੁਤ ਭਾਰੀ ਝੂਠ ਬੋਲਿਆ ਜਾਂਦਾ ਹੈ। ਤੁਲ ਤੋਂ ਬਣੇ ਤੁਲਨਾ ਦਾ ਭਾਵ ਹੈ ਦੋ ਚੀਜ਼ਾਂ ਆਦਿ ਦੇ ਗੁਣਾਂ ਦਾ ਟਾਕਰਾ ਜਾਂ ਮੁਕਾਬਲਾ ਕਰਨਾ। ਤੱਕੜੀ 'ਤੇ ਤੋਲਦੇ ਸਮੇਂ ਵੱਟੇ ਅਤੇ ਚੀਜ਼-ਵਸਤ ਦੇ ਭਾਰ ਦੀ ਤੁਲਨਾ ਹੀ ਹੁੰਦੀ ਹੈ। ਅਸੀਂ ਓਨਾ ਚਿਰ ਤੁਲਣ ਵਾਲੀ ਵਸਤ ਦੀ ਹੋਰ ਮਾਤਰਾ ਪਾਉਂਦੇ ਜਾਂਦੇ ਹਾਂ ਜਿੰਨਾ ਚਿਰ ਤੱਕੜੀ ਦੀ ਡੰਡੀ ਸਿੱਧੀ ਨਾ ਹੋ ਜਾਵੇ। ਇਸ ਤਰ੍ਹਾਂ ਇਸ ਕਿਰਿਆ ਵਿਚ ਬਰਾਬਰੀ ਦੇ ਭਾਵ ਵੀ ਆ ਗਏ। ਜਿਵੇਂ 'ਦੁੱਧ ਵੇਚਣ ਨੂੰ ਪੁੱਤ ਵੇਚਣ ਦੇ ਤੁਲ' ਮੰਨਿਆ ਜਾਂਦਾ ਸੀ, **ਕੀੜੀ ਤੁਲਿ ਨਾ ਹੋਵਨੀ** –ਜਪੁ। ਤੁਲ ਦਾ ਇਕ ਅਰਥ ਤੱਕੜੀ ਵੀ ਹੈ, **ਆਪੇ ਤੁਲੁ ਪਰਵਾਣੁ** ਗੁਰੂ ਰਾਮਦਾਸ। ਤੋਲਕ ਜਾਂ ਭਾਰ-ਤੋਲਕ ਨੂੰ ਅੱਜ ਕਲ੍ਹ ਵੇਟ ਲਿਫ਼ਟਰ, wieght lifter ਦੇ ਅਰਥਾਂ ਵਿਚ ਵਰਤਿਆ ਜਾ ਰਿਹਾ ਹੈ। ਤੋਲਾ ਜਾਂ ਤੁਲਾਵਾ ਦਾ ਅਰਥ ਤੋਲਣ ਵਾਲਾ ਹੈ, ਖਾਸ ਤੌਰ 'ਤੇ ਬੋਹਲ਼। ਨਾਪ ਤੋਲ ਦੀ ਇਕ ਛੋਟੀ ਇਕਾਈ ਤੋਲਾ ਜਾਂ ਇਸਦਾ ਰੁਪਾਂਤਰ ਤੋਲ਼ਾ ਹੈ। ਤੋਲ਼ਾ ਬਾਰਾਂ ਮਾਸ਼ੇ ਦਾ ਹੁੰਦਾ ਹੈ ਅਤੇ ਆਮ ਤੌਰ 'ਤੇ ਸੋਨਾ ਚਾਂਦੀ ਜਿਹੀਆਂ ਕੀਮਤੀ ਧਾਤਾਂ ਤੋਲਣ ਲਈ ਵਰਤਿਆ ਜਾਂਦਾ ਹੈ, **ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ** –ਗੁਰੂ ਨਾਨਕ। ਚੰਚਲ ਸੁਭਾਅ ਵਾਲੇ ਬੰਦੇ ਨੂੰ 'ਪਲ ਚ ਤੋਲਾ ਪਲ ਚ ਮਾਸਾ' ਬਿਆਨਿਆ ਜਾਂਦਾ ਹੈ। ਤੁਲ ਸ਼ਬਦ ਦੇ ਵਿਪਰੀਤ ਅਤੁਲ ਦਾ ਅਰਥ ਜੋ ਤੋਲਿਆ ਨਾ ਜਾ ਸਕੇ ਅਰਥਾਤ ਬੇਸ਼ੁਮਾਰ, ਬਹੁਤ ਅਧਿਕ। '**ਸਾਹਿਬ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ**' ਜਦ ਕਿ ਅਤੋਲਾ ਦਾ ਅਰਥ ਜਿਸ ਦੇ ਤੁਲ ਜਾਂ ਬਰਾਬਰ ਕੋਈ ਨਹੀਂ, **ਸੰਗਿ ਸਹਾਈ ਛੋਡਿ ਨ ਓਹੁ ਅਗਹ ਅਤੋਲਾ**। ਤੁਲ ਤੋਂ ਹੀ ਸੰਤੁਲਨ ਜਾਂ ਸਮਤੋਲ ਸ਼ਬਦ ਬਣੇ ਜਿਨ੍ਹਾਂ ਦਾ ਅਰਥ ਹੁੰਦਾ ਹੈ ਵਿਭਿੰਨ ਟਕਰਾਉਂਦੀਆਂ ਸ਼ਕਤੀਆਂ ਦੇ ਅਧੀਨ ਵਿਚਰਦਿਆਂ ਵੀ ਟਿਕਾਅ ਵਿਚ ਰਹਿਣਾ, ਤਵਾਜ਼ਨ।

ਇਨ੍ਹਾਂ ਸ਼ਬਦਾਂ ਦੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਸੁਜਾਤੀ ਸ਼ਬਦ ਮਿਲ ਜਾਂਦੇ ਹਨ। ਇਨ੍ਹਾਂ ਦਾ ਭਾਰੋਪੀ ਮੂਲ ਹੈ tele ਤੇ ਅਰਥ ਹੈ ਭਾਰ ਉਠਾਉਣਾ, ਚੁੱਕਣਾ। ਇਸ ਤੋਂ

ਲਾਤੀਨੀ ਸ਼ਬਦ ਬਣਿਆ tolerare ਜਿਸ ਦਾ ਸ਼ਾਬਦਿਕ ਅਰਥ ਹੁੰਦਾ ਹੈ, ਭਾਰ ਚੁੱਕਣਾ, ਉਠਾਉਣਾ, ਧਾਰਨ ਕਰਨਾ ਪਰ ਵਿਕਸਿਤ ਅਰਥ ਬਣਿਆ ਬਰਦਾਸ਼ਤ ਕਰਨਾ, ਸਹਾਰਨਾ, ਝੱਲਣਾ ਆਦਿ। ਅੰਗਰੇਜ਼ੀ tolerate, toleration ਜਾਂ tolerance ਇਸੇ ਤੋਂ ਬਣੇ ਹਨ। ਇਹ ਸਮਝਣ ਵਾਲੀ ਗੱਲ ਹੈ ਕਿ (ਭਾਰ) ਚੁੱਕਣਾ ਦਾ ਭਾਵ ਬਰਦਾਸ਼ਤ ਕਰਨਾ ਵਿਚ ਕਿਵੇਂ ਵਿਕਸਤ ਹੋਇਆ ਹੋਵੇਗਾ। ਮਾੜੀ ਜਿਹੀ ਹੀ ਘੁੰਡੀ ਹੈ। ਬਰਦਾਸ਼ਤ ਕਰਨਾ ਵੀ ਇਕ ਤਰ੍ਹਾਂ ਮਾਨਸਿਕ ਬੋਝ ਚੱਕਣ ਵਾਲੀ ਗੱਲ ਹੀ ਹੈ, ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਜਦ ਅਸੀਂ ਕਿਸੇ ਭਾਰੀ ਚੀਜ਼ ਨੂੰ ਚੁੱਕਦੇ ਹਾਂ ਤਾਂ ਸਮਝੋ ਅਸੀਂ ਇਸ ਨੂੰ ਸਹਾਰਦੇ ਹੀ ਹਾਂ। ਸਹਾਰਾ ਸ਼ਬਦ ਹੀ ਲਵੋ। ਥੰਮੀ ਜੋ ਭਾਰ ਚੁੱਕਦੀ ਹੈ ਇਕ ਤਰਾਂ ਸਹਾਰਾ ਹੀ ਹੈ। ਸਹਾਰੇ ਵਿਚ ਥੰਮੀ ਦੇ ਭਾਵ ਵੀ ਹਨ। ਨੁਕਤੇ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਅਰਬੀ ਵੱਲੋਂ ਆਇਆ ਇਕ ਸ਼ਬਦ ਲੈਂਦੇ ਹਾਂ 'ਤਹੱਮਲ' ਜਿਸ ਦਾ ਅਰਥ ਹੁੰਦਾ ਹੈ ਧੀਰਜ, ਬਰਦਾਸ਼ਤ ਕਰਨ ਦੀ ਸ਼ਕਤੀ। ਅਰਬੀ ਵਿਚ ਇਸ ਸ਼ਬਦ ਦਾ ਅਰਥ ਭਾਰ ਚੁੱਕਣਾ ਵੀ ਹੁੰਦਾ ਹੈ ਤੇ ਬਰਦਾਸ਼ਤ ਕਰਨਾ ਵੀ। ਇਸ ਦਾ ਧਾਤੂ ਹੈ 'ਹਮਲ' ਜਿਸ ਦੇ ਮਾਅਨੇ ਹਨ ਭਾਰ ਚੁੱਕਣਾ। ਪੰਜਾਬੀ ਵਿਚ ਆਮ ਤੌਰ 'ਤੇ ਇਹ ਸ਼ਬਦ 'ਹਮਲ ਗਿਰਨਾ' ਉਕਤੀ ਵਿਚ ਵਰਤਿਆ ਜਾਂਦਾ ਹੈ, ਮਤਲਬ ਹੈ ਗਰਭ ਡਿਗਣਾ। ਗਰਭ ਵੀ ਭਾਰ ਹੀ ਹੁੰਦਾ ਹੈ। ਹਾਮਲਾ ਅਰਬੀ ਵਿਚ ਗਰਭਵਤੀ ਨੂੰ ਆਖਦੇ ਹਨ ਤੇ ਅਰਬੀ ਹੱਮਾਲ ਦੇ ਮਾਅਨੇ ਹਨ ਭਾਰ ਢੋਣ ਵਾਲਾ, ਪਾਂਡੀ। ਸਮਾਨਅੰਤਰ ਵਿਕਾਸ ਦੀ ਇਕ ਹੋਰ ਉਦਾਹਰਣ ਪੇਸ਼ ਹੈ। ਅੰਗਰੇਜ਼ੀ ਸ਼ਬਦ bear ਦਾ ਅਰਥ ਭਾਰ ਚੁੱਕਣਾ ਵੀ ਹੁੰਦਾ ਹੈ ਤੇ ਬਰਦਾਸ਼ਤ ਕਰਨਾ ਵੀ।

tele ਮੂਲ ਤੋਂ ਬਣੇ ਅੰਗਰੇਜ਼ੀ ਦੇ ਸ਼ਬਦ extoll ਦਾ ਮੁੱਢਲਾ ਅਰਥ ਤਾਂ ਉਪਰ ਚੁੱਕਣਾ ਹੀ ਹੈ ਪਰ ਵਿਕਸਤ ਅਰਥ ਹੈ ਵਡਿਆਈ ਕਰਨਾ ਜਾਂ ਸਲਾਹੁਣਾ। ਵਡਿਆਈ ਕਰਨ ਵਿਚ ਕਿਸੇ ਨੂੰ ਉੱਚਾ ਚੁੱਕਣ ਦਾ ਹੀ ਆਸ਼ਾ ਹੈ। ਇਕ ਅੰਗਰੇਜ਼ੀ ਸ਼ਬਦ ਹੈ telamon ਜੋ ਆਦਮੀ ਦੀ ਸ਼ਕਲ ਦੇ ਥੰਮ ਨੂੰ ਆਖਦੇ ਹਨ। ਇਹ ਮਿਲਦੇ ਜੁਲਦੇ ਗਰੀਕ ਸ਼ਬਦ ਤੋਂ ਬਣਿਆ ਹੈ ਜਿਸ ਦਾ ਮੁੱਢਲਾ ਭਾਵ ਵੀ ਸਹਾਰਾ ਦੇਣ ਵਾਲਾ ਹੁੰਦਾ ਹੈ। ਅਸਮਾਨ ਦੇ ਥੰਮਾਂ ਨੂੰ ਚੁੱਕਣ ਵਾਲੇ ਗਰੀਕ ਦੈਂਤ ਟਾਈਟਨ Titan 'ਐਟਲਸ' Atlas ਵਿਚ ਵੀ ਏਹੀ ਮੂਲ ਬੋਲਦਾ ਹੈ। ਇਸ ਦਾ ਸ਼ਾਬਦਿਕ ਅਰਥ ਹੈ ਅਸਮਾਨ ਨੂੰ ਚੁੱਕਣ ਵਾਲਾ। ਅਸਲ ਵਿਚ ਇਹ ਸ਼ਬਦ telamon ਦਾ ਹੀ ਵਿਕਸਿਤ ਰੂਪ ਹੈ। ਅਸੀਂ ਐਟਲਸ ਨੂੰ ਨਕਸ਼ਿਆਂ ਦੀ ਕਿਤਾਬ ਵਜੋਂ ਜਾਣਦੇ ਹਾਂ ਪਰ ਇਸ ਅਰਥ ਵਿਚ ਇਹ ਸ਼ਬਦ ਇਸ ਲਈ ਪ੍ਰਚਲਤ ਹੋਇਆ ਕਿਉਂਕਿ ਸੋਲਵ੍ਹੀਂ ਸਦੀ ਵਿਚ ਪਹਿਲੀ ਵਾਰ ਦੁਨੀਆ ਦਾ ਐਟਲਸ ਛਪਵਾਉਣ ਵਾਲੇ ਨੇ ਇਹ ਸ਼ਬਦ ਵਰਤਿਆ ਸੀ। ਉਸ ਦੇ ਐਟਲਸ ਦੇ ਸਰਵਰਕ ਵਿਚ ਇਸ ਦਾਨਵ ਦਾ ਚਿੱਤਰ ਸੀ। ਐਟਲਾਂਟਿਕ ਸਾਗਰ ਦੇ ਨਾਲ ਲਗਦੇ ਉਤਰ ਪਛਮੀ ਅਫਰੀਕਾ ਦਾ ਇਕ ਦੇਸ਼, ਮੌਰੀਟੇਨੀਆ, ਵਿਚ ਇਕ ਪਰਬਤ ਦਾ ਨਾਂ ਹੈ ਮਾਊਂਟ ਐਟਲਸ Mount Atlas। ਇਸ ਦੇ ਪ੍ਰਸੰਗ ਵਿਚ ਐਟਲਾਂਟਿਕ Atlantic ਸ਼ਬਦ ਪ੍ਰਚਲਤ ਹੋਇਆ, ਜੋ ਬਾਅਦ ਵਿਚ ਸਮੁੱਚੇ ਐਟਲਾਂਟਿਕ ਸਾਗਰ ਲਈ ਵਰਤਿਆ ਜਾਣ ਲੱਗਾ। ਅੰਗਰੇਜ਼ੀ ਤੇ ਹੋਰ ਹਿੰਦ-ਆਰਿਆਈ ਭਾਸ਼ਾਵਾਂ ਦੇ ਬਹੁਤ ਸਾਰੇ ਜਾਣੇ ਪਛਾਣੇ ਸ਼ਬਦ ਇਸ ਮੂਲ ਨਾਲ ਜਾ ਜੁੜਦੇ ਹਨ, ਜਿਨ੍ਹਾਂ ਦੀ ਵਿਆਖਿਆ ਕਦੇ ਫਿਰ ਸਹੀ। □□

[8345 Opal Drive, Westland, MI 48185 U.S.A.]

ਉਸ ਪਲ (ਕਹਾਣੀ-ਸੰਗ੍ਰਹਿ) ਸਿਮਰਨ ਧਾਲੀਵਾਲ

'ਆਸ ਅਜੇ ਬਾਕੀ ਹੈ' ਤੋਂ ਮਗਰੋਂ 'ਉਸ ਪਲ' (ਪੰਨੇ 96, ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨਜ਼, ਪਟਿਆਲਾ) ਕਹਾਣੀ ਸੰਗ੍ਰਹਿ ਰਾਹੀਂ ਸਿਮਰਨ ਧਾਲੀਵਾਲ ਇਕ ਵਾਰ ਫਿਰ ਪੰਜਾਬੀ ਪਾਠਕਾਂ ਦੇ ਰੂਬਰੂ ਹੈ। ਇਸ ਸੰਗ੍ਰਹਿ ਵਿਚ ਨੌਂ ਕਹਾਣੀਆਂ ਸਮੇਤ ਉਸਦੇ 'ਮਨ ਦਾ ਕੈਨਵਸ' ਵੀ ਸ਼ਾਮਲ ਹੈ। ਜਿਸ ਵਿਚ ਉਸਨੇ ਇਹ ਬਾਤ ਉਕਰੀ ਹੈ: "ਇਹ ਕਹਾਣੀਆਂ ਹਰ ਉਸ ਸ਼ਖ਼ਸ ਦੀਆਂ ਹਨ, ਜੋ ਅੰਦਰੋਂ ਬੇਆਰਾਮ ਹੈ। ਜੋ ਉਦਾਸ ਹੈ। ਜੋ ਭਟਕਦਾ ਹੈ। ਤੜਫਦਾ ਹੈ। ਜਿਸਨੂੰ ਇਹ ਜੁੱਗ ਹੈਰਾਨ ਵੀ ਕਰ ਰਿਹਾ ਹੈ ਤੇ ਪ੍ਰੇਸ਼ਾਨ ਵੀ।...ਤੇ ਜਿਸ ਅੰਦਰ ਸੰਵੇਦਨਾ ਹੈ। ਇਹ ਕਹਾਣੀਆਂ ਉਸੇ ਸੰਵੇਦਨਾ ਦੀ ਬਾਤ ਪਾਉਂਦੀਆਂ ਹਨ, ਜੋ ਬੰਦੇ ਨੂੰ ਉਸਦਾ 'ਬੰਦਾ' ਹੋਣਾ ਦੱਸਦੀ ਹੈ। ਇਹਨਾਂ ਕਹਾਣੀਆਂ ਵਿਚ ਪਿੰਡ ਦੀ ਗੱਲ ਹੈ।...ਤੇ ਵਿਸ਼ਵ ਪਿੰਡ ਦੀ ਵੀ"।

ਸਿਮਰਨ ਧਾਲੀਵਾਲ ਨੇ ਮਨੁੱਖੀ ਸੰਵੇਦਨਾ ਦੀ ਬਾਤ ਪਾਉਣ ਲਈ 'ਭੀੜ ਵਿਚ ਗੁਆਚਾ ਚਿਹਰਾ', 'ਲਕੀਰ ਦੇ ਉਸ ਪਾਰ', 'ਉਸ ਪਲ-1' ਤੇ 'ਉਸ ਪਲ-2' ਸ਼ੀਰਸ਼ਕ ਵਾਲੀਆਂ ਕਹਾਣੀਆਂ ਵਿਚਲੇ ਪਾਤਰਾਂ ਨੂੰ ਚਿਤਰਨ ਲਈ ਇਕ ਹੀ ਸ਼ਖ਼ਸ ਦੇ ਦੋ ਨਾਮ ਜਾਂ ਫਿਰ ਦੋ ਨਾਵਾਂ ਵਾਲੇ ਇਕ ਹੀ ਸ਼ਖ਼ਸ ਵਿਚਾਲੇ ਫਰਕ ਨੂੰ ਲੱਭਣ ਵਾਲੀ ਅਜਿਹੀ ਕਲਾਤਮਕ ਜੁਗਤ ਦੀ ਵਰਤੋਂ ਕੀਤੀ ਹੈ ਕਿ ਪਾਤਰ ਆਪਣੀ ਨਿਵੇਕਲੀ ਨੁਹਾਰ ਲੈ ਕੇ ਪਾਠਕਾਂ ਸਾਹਵੇਂ ਸਾਕਾਰ ਹੋ ਜਾਂਦੇ ਹਨ। ਇਕ ਪਾਤਰ ਅੰਦਰ ਦੋ ਪਾਤਰਾਂ ਦੀ ਸਿਰਜਣਈ ਹੋਂਦ-ਵਿਧੀ ਸਿਮਰਨ ਧਾਲੀਵਾਲ ਦੀ ਮੌਲਿਕ ਰਚਨਾਤਮਕ ਜੁਗਤ ਦੇ ਤੌਰ ਉੱਤੇ ਪੇਸ਼ ਹੁੰਦੀ ਹੈ, ਜੋ ਸਿਮਰਨ ਨੂੰ ਅੱਜੋਕੀ ਪੀਹੜੀ ਦੇ ਕਹਾਣੀਕਾਰਾਂ ਵਿਚ ਇਕ ਵੱਖਰੇ ਕਲਾਤਮਕ ਅੰਦਾਜ਼ ਵਾਲੇ ਕਹਾਣੀਕਾਰ ਦੇ ਤੌਰ ਉੱਤੇ ਸਥਾਪਤ ਕਰਦੀ ਹੈ।

ਸਭ ਤੋਂ ਪਹਿਲਾਂ ਅਸੀਂ 'ਭੀੜ ਵਿਚ ਗੁਆਚਾ ਚਿਹਰਾ' ਕਹਾਣੀ ਦੇ ਮੈਂ-ਪਾਤਰ ਦੇ ਦੋ ਸਿਰਜਣਈ ਰੂਪ ਲੈਂਦੇ ਹਾਂ। ਇਸ ਕਹਾਣੀ ਵਿਚਲੇ ਮੈਂ-ਪਾਤਰ ਦਾ ਇਕ ਰੂਪ ਪ੍ਰਤੀਬੱਧ ਸ਼ਾਇਰ ਇੰਦਰ ਵਾਲਾ ਹੈ ਅਤੇ ਦੂਸਰਾ ਆਈ.ਪੀ.ਐੱਸ. ਸੰਘਾ ਵਾਲਾ। ਮੈਂ-ਪਾਤਰ ਆਪਣੇ ਇਹਨਾਂ ਦੋਹਾਂ ਰੂਪਾਂ ਨੂੰ ਵੇਖ ਕੇ ਹੈਰਾਨ ਤੇ ਪ੍ਰੇਸ਼ਾਨ ਹੁੰਦਾ ਹੈ। ਇੰਦਰ ਦੇ ਰੂਪ 'ਚ ਕਦੇ ਉਹ ਸਮਾਜਕ ਨਾਬਰਾਬਰੀ, ਕਿਰਤ ਦੀ ਲੁੱਟ, ਰਾਜ-ਸੱਤਾ ਦੇ ਜਬਰ ਤੇ ਬੇਰੁਜ਼ਗਾਰੀ ਵਿਰੁੱਧ ਆਵਾਜ਼ ਉਠਾਉਂਦਾ ਹੈ ਅਤੇ ਕਦੇ ਆਈ.ਪੀ.ਐੱਸ.ਸੰਘਾ ਦੇ ਰੂਪ ਵਿਚ ਐਸੇ ਕਮੀਨੇ ਮਨੁੱਖ ਦੇ ਰੂਪ ਵਿਚ ਪੇਸ਼ ਹੁੰਦਾ ਹੈ ਜੋ ਰੁਪਏ,ਰੁਤਬੇ ਤੇ ਮਾਣ-ਵਡਿਆਈ ਖਾਤਰ ਹਰ ਭੈੜੇ ਤੋਂ ਭੈੜਾ ਹੀਲਾ ਵਰਤਦਾ ਹੈ। ਇੱਥੋਂ ਤਕ ਕਿ ਉਹ ਆਪਣੇ ਹੀ ਪਰਛਾਵੇਂ ਨਾਲ ਵੀ ਚਲਾਕੀਆਂ ਕਰ ਜਾਂਦਾ ਹੈ। 'ਲਕੀਰ ਦੇ ਉਸ ਪਾਰ' ਕਹਾਣੀ ਵਿਚਲੀ ਇਸਤਰੀ ਮੈਂ-ਪਾਤਰ ਦੇ ਕੀਰਤੀ ਅਤੇ ਕੀਰਤੀ ਕੁੰਦਰਾ ਦੇ ਰੂਪਾਂ ਨੂੰ ਕਰੂਰ ਸਮਾਜਕ ਯਥਾਰਥ ਇਕ ਨਹੀਂ ਹੋਣ ਦਿੰਦਾ। ਜਿੱਥੇ 'ਉਸ ਪਲ-1' ਵਾਲੀ ਇਸਤਰੀ ਮੈਂ-ਪਾਤਰ ਦੇ ਕਵਿਤਾ ਤੇ ਰਾਵੀ ਵਾਲੇ ਕ੍ਰਮਵਾਰ ਰੂਪ ਔਰਤ ਦੇ ਸੁਪਨੇ ਅਤੇ ਹਕੀਕਤ ਦਰਮਿਆਨ ਅੰਤਰ ਨੂੰ ਦਰਸਉਂਦੇ ਹਨ, ਉੱਥੇ 'ਉਸ ਪਲ-2' ਕਹਾਣੀ ਵਿਚਲਾ ਮਰਦ ਮੈਂ-ਪਾਤਰ ਸੁਪਨੇ ਅਤੇ ਹਕੀਕਤ ਵਿਚਲੇ ਫਰਕ ਨੂੰ ਖੋਜਦਾ ਖੋਜਦਾ ਕਹਾਣੀ ਦੇ ਬਿਰਤਾਂਤ ਨੂੰ ਉਸਾਰ ਜਾਂਦਾ ਹੈ।

ਸਿਮਰਨ ਧਾਲੀਵਾਲ ਦਾ ਅਜਿਹੇ ਪਾਤਰਾਂ ਨੂੰ ਘੜਨ ਦਾ ਮੂਲ ਉਦੇਸ਼ ਸਮਾਜਕ-

ਸਭਿਆਚਾਰਕ ਅਤੇ ਆਰਥਿਕ-ਰਾਜਨੀਤਕ ਸਥਿਤੀਆਂ ਤੋਂ ਪ੍ਰਭਾਵਤ ਪੰਜਾਬੀ ਵਿਅਕਤੀ ਦੇ ਮਨ-ਮਸਤਕ ਅੰਦਰ ਚਲਦੇ ਚੰਗਿਆਈ ਤੇ ਬੁਰਿਆਈ ਦੇ ਦਵੰਦ-ਯੁੱਧ ਨੂੰ ਲੋਕਧਾਰਾਈ ਸਭਿਆਚਾਰਕ ਦ੍ਰਿਸ਼ਟੀ-ਬਿੰਦੂਆਂ ਰਾਹੀਂ ਸਾਕਾਰ ਕਰਨਾ ਹੈ। ਸਿਮਰਨ ਧਾਲੀਵਾਲ ਦੀ ਗਲਪ-ਚੇਤਨਾ ਵਿਸ਼ਵ ਮੰਡੀ ਦੀਆਂ ਕੁਚਾਲਾਂ ਰਾਹੀਂ ਪੈਦਾ ਹੋ ਰਹੇ ਨਵੇਂ ਸਭਿਆਚਾਰਕ ਤੇ ਆਰਥਿਕ ਸਮੀਕਰਣਾਂ ਨੂੰ ਸਮਝਣ ਦੇ ਆਹਰ ਵਿਚ ਹੈ। ਇਸ ਮੰਤਵ ਦੀ ਸਿੱਧੀ ਲਈ ਉਹ ਆਪਣੇ ਪਾਤਰਾਂ ਰਾਹੀਂ ਭੂਤਕਾਲ ਦੇ ਉਹਨਾਂ ਖਾਸ ਖਾਸ ਪਲਾਂ (ਚੰਗੇ ਸਮੇਂ) ਨੂੰ ਵਰਤਮਾਨ ਦੇ ਉਹਨਾਂ ਖਾਸ ਖਾਸ ਪਲਾਂ (ਮਾੜੇ ਸਮੇਂ) ਦੇ ਪ੍ਰਸੰਗ 'ਚ ਸਾਕਾਰਦਾ ਹੈ, ਜੋ ਸਭ ਕੁਝ ਠੀਕ ਠਾਕ ਹੋਣ ਦਾ ਪ੍ਰਮਾਣ ਨਹੀਂ ਦਿੰਦੇ। ਇਸੇ ਲਈ ਲਿਵ-ਇਨ-ਰੀਲੇਸ਼ਨਸ਼ਿਪ, ਨੈੱਟ ਫਰੈਂਡ, ਆਨ ਲਾਈਨ ਸ਼ਾਪਿੰਗ,ਵੈਡਿੰਗ ਪਲੇਨਰ, ਸਮਾਰਟ ਸਕੂਲ, ਪ੍ਰਾਪਰਟੀ ਇਨਵੈਸਟਰ ਆਦਿ ਵਰਗੇ ਸੋਸ਼ਲ ਨੈਟਵਰਕਿੰਗ ਵਰਤਾਰਿਆਂ ਨੂੰ ਕਹਾਣੀਕਾਰ ਸਿਮਰਨ ਧਾਲੀਵਾਲ ਨੇ ਸੋਸ਼ਲ ਦੇ ਨਾਂ ਉੱਤੇ ਸ਼ੋਸ਼ਣ ਕਰਨ ਵਾਲੀ ਵਿਸ਼ਵ ਸਾਮਰਾਜੀ ਪ੍ਰਵਿਰਤੀ ਦੇ ਰੂਪ ਵਿਚ ਪਕੜਿਆ ਹੈ। ਏਸੇ ਲਈ ਕਹਾਣੀਆਂ ਦੇ ਕਈ ਪਾਤਰ ਆਪਣੇ ਆਪ ਨੂੰ ਵਰਤਮਾਨ ਦੇ ਉਸ ਬਿੰਦੂ ਉੱਤੇ ਖੜ੍ਹਾ ਮਹਿਸੂਸ ਕਰਦੇ ਹਨ ਜਿੱਥੇ ਉਹਨਾਂ ਨੂੰ ਡਰ ਲੱਗਿਆ ਹੋਇਆ ਹੈ ਕਿ ਕਿਤੇ ਉਹ ਜ਼ਿੰਦਗੀ ਦੀ ਦੌੜ ਵਿਚ ਪਿੱਛੇ ਨਾ ਰਹਿ ਜਾਣ। ਐਪਰ ਸਿਮਰਨ ਦੀ ਮਾਨਵਤਾਵਾਦੀ ਰਚਨਾ-ਦ੍ਰਿਸ਼ਟੀ ਉਹਨਾਂ ਨੂੰ ਅਜਿਹੀ ਦੌੜ ਵਿਚ ਸ਼ਾਮਲ ਹੋਣ ਸਮੇਂ ਸੋਚਣ ਉੱਤੇ ਮਜਬੂਰ ਕਰਦੀ ਹੈ।

ਕਹਾਣੀਆਂ ਦੇ ਪਾਤਰਾਂ ਨਾਲ ਸਹਿਜ ਰੂਪ ਵਿਚ ਅਜਿਹਾ ਸਭ ਕੁਝ ਇਸ ਲਈ ਵਾਪਰ ਰਿਹਾ ਹੈ ਕਿਉਂਕਿ ਸਿਮਰਨ ਧਾਲੀਵਾਲ ਦੀ ਨਿਗਾਹ ਉਸਦੇ ਆਲੇ-ਦੁਆਲੇ ਦੇ ਉਸ ਆਭਾ-ਮੰਡਲ ਉੱਤੇ ਟਿਕੀ ਪਈ ਹੈ ਜੋ ਵਿਅਕਤੀ ਦੇ ਜੀਵਨ ਦੇ ਹਰ ਪੱਖ ਉੱਤੇ ਆਪਣਾ ਗਹਿਰਾ ਮਾਰੂ ਪ੍ਰਭਾਵ ਛੱਡ ਰਿਹਾ ਹੈ। ਪਰਿਵਾਰ ਦੇ ਮੈਂਬਰ ਇਕ ਛੱਤ ਥੱਲੇ ਰਹਿ ਕੇ ਵੀ ਵੱਖ ਵੱਖ ਕਮਰਿਆਂ ਵਿਚ ਆਪਣੀ ਆਪਣੀ ਦੁਨੀਆਂ ਵਸਾਈ ਬੈਠੇ ਹਨ। ਕਿਉਂਕਿ ਇੰਟਰਨੈੱਟ ਨੇ ਸਾਰੀ ਦੁਨੀਆਂ ਨੂੰ ਇਕ ਦੂਜੇ ਨਾਲ ਜੋੜ ਦਿੱਤਾ ਹੈ। ਸਿੱਟੇ ਵਜੋਂ ਬੰਦਾ ਖੁਦ ਨਾਲੋਂ ਤਾਂ ਟੁੱਟਿਆ ਹੀ ਹੈ, ਦੂਜਿਆ ਵਿਅਕਤੀਆਂ ਨਾਲੋਂ ਵੀ ਟੁੱਟ ਰਿਹਾ ਹੈ। ਅਤੇ ਕੰਪਿਊਟਰ ਦੇ ਮਾਧਿਅਮ ਰਾਹੀਂ ਆਪਣੇ ਆਪ ਨੂੰ ਸਾਰੀ ਦੁਨੀਆਂ ਨਾਲ ਜੁੜਿਆ ਮਹਿਸੂਸ ਕਰ ਰਿਹਾ। ਮਨੁੱਖ ਇਕ ਉਤਪਾਦਕ ਦੀ ਥਾਂ ਇਕ ਉਪਭੋਗੀ ਬਣਿਆ ਨਜ਼ਰ ਆਉਂਦਾ ਹੈ। ਸੂਚਨਾ ਤਕਨਾਲੌਜੀ ਦੇ ਵਿਕਾਸ ਨੇ ਇਕ ਕਿਸਮ ਦਾ ਆਰਥਿਕ ਅਤੇ ਸਭਿਆਚਾਰਕ ਸਾਮਰਾਜਵਾਦ ਸਥਾਪਤ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ। ਬੀੜੇ ਦੇ ਇਹਨਾਂ ਪੇਚਾਂ ਨੂੰ ਸਿਮਰਨ ਧਾਲੀਵਾਲ ਆਪਣੇ ਕਲਾਤਮਕ ਤੇ ਵਿਚਾਰਧਾਰਕ ਸੰਦਾਂ ਰਾਹੀਂ ਖੋਹਲ ਕੇ ਇਹ ਵਿਵੇਕ ਸਿਰਜ ਰਿਹਾ ਹੈ ਕਿ ਅਜਿਹੀ ਤਰੱਕੀ ਸਾਧਾਰਨ ਵਿਅਕਤੀਆਂ ਲਈ ਮਨੋ-ਸਮਾਜਕ ਦੁਖਾਂਤ ਹੀ ਲੈ ਕੇ ਆਈ ਹੈ। ਏਸੇ ਲਈ ਉਸ ਦੀਆਂ ਕਹਾਣੀਆਂ ਵਿਚ ਅਜਿਹੇ ਦੁਖਾਂਤ ਦਾ ਗੁੰਦਵਾਂ ਯਥਾਰਥਕ ਚਿਤਰਨ ਹੋਇਆ ਮਿਲਦਾ ਹੈ।

ਇਹਨਾਂ ਸਭਨਾਂ ਕਹਾਣੀਆਂ ਦਾ ਮੁੱਖ ਸਮੱਸਿਆਕਾਰ ਤਾਂ ਆਪਣਾ ਆਪਣਾ ਹੈ ਪਰ ਸਿਮਰਨ ਧਾਲੀਵਾਲ ਨੇ ਇਹਨਾਂ ਮੁੱਖ ਸਮੱਸਿਆਕਾਰਾਂ ਦੀਆ ਤੰਦਾਂ ਨਾਲ ਕਈ ਉਪ-ਸਮੱਸਿਆਵਾਂ ਨੂੰ ਜੋੜ ਕੇ ਇਹਨਾਂ ਨੂੰ ਮਜ਼ਬੂਤ ਆਧਾਰ ਪ੍ਰਦਾਨ ਕੀਤਾ ਹੈ ਜਿਵੇਂ ਮਲੀਨ ਹੋ ਰਹੇ ਪਿਆਰ ਤੇ ਵਿਆਹ-ਸੰਬੰਧ, ਏਡਜ਼ ਵਰਗੇ ਭਿਅੰਕਰ ਰੋਗ ਤੋਂ ਪੀੜਤ ਵਿਅਕਤੀ ਦੀ ਮਨੋ-ਸਮਾਜਕ ਦਸ਼ਾ, ਪੁਲਿਸ ਦੀਆਂ ਜ਼ਿਆਦਤੀਆਂ ਸਹਿੰਦੇ ਸਾਊ ਇਨਸਾਨ,

ਰਿਸ਼ਵਤਖੋਰੀਆਂ ਕਰਦੇ ਕਮੀਨੇ ਮਨੁੱਖ, ਬੇਰੁਜ਼ਗਾਰੀ ਦੀ ਮਾਰ ਖਾਂਦੇ ਪੜ੍ਹੇ ਲਿਖੇ ਨੌਜਵਾਨ, ਕਰਜ਼ੇ ਥੱਲੇ ਦੱਬਿਆ ਗਰੀਬ ਕਿਸਾਨ, ਦਾਜ ਦੀ ਬਲੀ ਚੜ੍ਹਦੀਆਂ ਨਾਰਾਂ, ਮਹਿੰਗੇ ਮੁੱਲ ਜ਼ਮੀਨ ਵੇਚ ਕੇ ਫੋਕੀਆਂ ਫੜ੍ਹਾਂ ਮਾਰਦੇ ਜੱਟ ਕਿਸਾਨ, ਨਸ਼ਾਖੋਰੀ ਦੀ ਮਾਰੂ ਪ੍ਰਵਿਰਤੀ, ਜਾਤੀ ਹੀਣਤਾ ਭੋਗਦਾ ਦਲਿਤ ਵਿਅਕਤੀ, ਡਰ ਤੇ ਇਕੱਲ ਭੋਗਣ ਲਈ ਮਜਬੂਰ ਮੱਧਵਰਗੀ ਮਨੁੱਖ, ਪੰਜਾਬੀ ਮਾਂ ਬੋਲੀ ਦਾ ਘਟ ਰਿਹਾ ਸਤਿਕਾਰ, ਗ਼ਰੀਬਾਂ ਤੇ ਅਮੀਰਾਂ ਦੇ ਬੱਚਿਆਂ ਲਈ ਵੱਖਰੇ ਸਕੂਲ ਆਦਿ। ਕਹਾਣੀਆਂ ਦੀਆਂ ਇਹਨਾਂ ਮੁੱਖ ਤੇ ਗੌਣ ਸਮੱਸਿਆਵਾਂ ਨੂੰ ਸਿਮਰਨ ਧਾਲੀਵਾਲ ਨੇ ਅੱਜੋਕੇ ਸਮੇਂ ਵਿਚ ਸੂਚਨਾ ਤੇ ਸੰਚਾਰ ਸਾਧਨਾਂ ਦੇ ਵਿਸ਼ਵ-ਵਿਆਪੀ ਪ੍ਰਭਾਵ ਅਤੇ ਸਮੁੱਚੇ ਵਿਸ਼ਵ ਵਿਚ ਪੂੰਜੀਵਾਦ ਦੇ ਹੱਥਾਂ ਵਿਚ ਆਈ ਏਕੀਕ੍ਰਿਤ ਸਾਮਰਾਜੀ ਵਿਸ਼ਵੀਕਰਨ ਦੀ ਗੋਲ਼ ਗੋਲ਼ ਘੁੰਮਦੀ ਗੇਂਦ ਦੇ ਕੀਤੇ ਜਾਂਦੇ ਕਾਰਨਾਮਿਆਂ ਦੇ ਪ੍ਰਸੰਗਾਂ 'ਚ ਉਭਾਰਿਆ ਹੈ। ਜਿੱਥੇ ਸਭਿਆਚਾਰਕ ਤਬਦੀਲੀਆਂ ਨਿਸਚਤ ਹਨ, ਆਰਥਿਕ ਸੰਕਟਾਂ ਦਾ ਪੈਦਾ ਹੋਣਾ ਮੁਮਕਿਨ ਹੈ, ਜਨ-ਹਿਤਾਂ ਲਈ ਚਾਰ ਸਿਰਾਂ ਦਾ ਜੁੜਨਾ ਮੁਸ਼ਕਿਲ ਹੈ। ਸੰਸਾਰ ਪੱਧਰ ਉੱਤੇ ਪ੍ਰਚਾਰੇ, ਪ੍ਰਸਾਰੇ ਤੇ ਵਿਸਤਾਰੇ ਜਾ ਰਹੇ ਸੰਸਾਰੀਕਰਨ ਦੇ ਅਜਿਹੇ ਵਰਤਾਰੇ ਨੂੰ ਸਿਮਰਨ ਧਾਲੀਵਾਲ ਨੇ ਆਪਣੀਆਂ ਕਹਾਣੀਆਂ ਦੀ ਵਸਤੂ ਬਣਾਇਆ ਹੈ।

ਸਿਮਰਨ ਧਾਲੀਵਾਲ ਨੇ ਮਾਨਵਤਾਵਾਦੀ ਪਹੁੰਚ ਅਤੇ ਉਤਮਪੁਰਖੀ ਬਿਰਤਾਂਤ ਵਿਧੀ ਦੀ ਕੁਸ਼ਲ ਵਰਤੋਂ ਸਦਕਾ ਕਹਾਣੀਆਂ ਦੇ ਰੂਪ ਤੇ ਵਸਤੂ ਵਿਚਕਾਰ ਇੰਝ ਤਵਾਜ਼ਨ ਕਾਇਮ ਰੱਖਿਆ ਹੈ ਕਿ ਕਹਾਣੀਆਂ ਵਿਚ ਪਰੋਏ ਕਈ ਵਾਕ ਲੋਕ ਸਿਆਣਪਾਂ ਵਰਗਾ ਪ੍ਰਭਾਵ ਛੱਡਦੇ ਜਾਪਦੇ ਹਨ ਜਿਵੇਂ, ਜਦੋਂ ਕਿਸੇ ਕੋਲੋਂ ਕੋਈ ਗ਼ਲਤੀ ਹੁੰਦੀ ਹੈ ਉਦੋਂ ਕੋਈ ਸਮਝ-ਸਿਆਣਪ ਕੰਮ ਨਹੀਂ ਆਉਂਦੀ, ਬੰਦਾ ਬਹੁਤੀ ਵਾਰ ਬਿਮਾਰੀ ਨਾਲ ਨਹੀਂ ਖੌਫ ਨਾਲ ਹੀ ਮਰ ਜਾਂਦਾ ਹੈ, ਜੇ ਇਨਸਾਨ ਆਪਣੇ ਲਈ ਹੀ ਜਿਊਂਦਾ ਹੋਵੇ ਤਾਂ ਮਰਦਿਆਂ ਦੇਰ ਨਾ ਲਗਾਵੇ, ਅਸੀਂ ਤਾਂ 'ਆਪਣਿਆਂ' ਲਈ ਜਿਊਂਦੇ ਹਾਂ, ਆਤਮ ਬਲ ਨਾਲ ਹੀ ਇਨਸਾਨ ਜਿਊਂਦਾ ਹੈ, ਭੀੜਾਂ ਤਾਂ ਬੰਦਿਆਂ 'ਤੇ ਪਿਆ ਈ ਕਰਦੀਆਂ ਪਰ ਬੰਦੇ ਦਾ ਮੁੱਲ ਨਾ ਲੱਖੀਂ ਨਾ ਹਜ਼ਾਰੀਂ, ਜੋ ਲੜਦੇ ਨਹੀਂ ਆ ਨਾ...ਉਹ ਜ਼ਿੰਦਗੀ ਦੇ ਸਾਊ ਪੁੱਤ ਨਹੀਂ ਹੁੰਦੇ, ਪਿਆਰ ਤੋਂ ਪਾਰ ਵੀ ਤਾਂ ਬਹੁਤ ਕੁਝ ਹੁੰਦਾ ਹੈ, ਸੁਪਨਿਆਂ ਦੀ ਉਮਰ ਬਹੁਤੀ ਲੰਬੀ ਨਹੀਂ ਹੁੰਦੀ, ਸ਼ਬਦਾਂ ਦੇ ਹਾਣ ਦਾ ਜਿਊਂਣਾ ਸੌਖਾ ਨਹੀਂ ਹੁੰਦਾ, ਜੋ ਪਹਿਲਾਂ ਹੀ ਅੱਧਾ-ਅਧੂਰਾ ਹੋਵੇ ਉਹ ਪੂਰਾ ਕਿਵੇਂ ਹੋ ਸਕਦਾ ਕਿਸੇ ਦਾ, ਕਈ ਵਾਰ ਬਹੁਤੀ ਨੇੜਤਾ ਵੀ ਦੂਰੀ ਪੈਦਾ ਕਰਦੀ ਹੈ, ਪਿੱਠ ਪਿੱਛੇ ਕੋਈ ਕੀ ਕਹਿੰਦਾ ਇਹਦੀ ਬਹੁਤੀ ਪਰਵਾਹ ਨਹੀਂ ਕਰੀਦੀ, ਚਿੰਤਾ ਮੁਕਤ ਰਹਿਣ ਦਾ ਤਾਂ ਇਹੀ ਫਰਮੂਲਾ ਹੈ, ਪਿਆਰ ਤਾਂ ਅਹਿਸਾਸ ਨੂੰ ਕਹਿੰਦੇ ਨੇ, ਅਹਿਸਾਸਾਂ ਦੀ ਕੋਈ ਜਾਤ ਨਹੀਂ ਹੁੰਦੀ, ਇਕ ਝੂਠ ਲੁਕਾਉਣ ਲਈ ਬੰਦਾ ਸੌ ਝੂਠ ਬੋਲਦਾ,ਲੋਕ ਤਾਂ ਪਿਉ ਦੇ ਪਿਉ ਨੂੰ ਫੜਦੇ ਨੇ,ਹਕੀਕਤ ਤੇ ਫਲਸਫਿਆਂ ਦਰਮਿਆਨ ਜ਼ਮੀਨ ਅਸਮਾਨ ਦਾ ਫਰਕ ਹੁੰਦਾ,ਮਾਨਸ ਦੇਹੀ ਤਾਂ ਮਿਲੀ ਹੀ ਕਿਰਤ ਕਰਨ ਨੂੰ ਹੈ ਇਤਿਆਦਿ...।

ਮਨੁੱਖੀ ਜੀਵਨ ਨੂੰ ਵਿਚਾਰਧਾਰਕ ਉਸਾਰੂ ਸੇਧ ਦੇਣ ਵਾਲੀ ਵਿਚਾਰ ਅਧੀਨ ਪੁਸਤਕ ਬਾਬਤ ਪ੍ਰਗਟਾਏ ਡਾ. ਰਘਬੀਰ ਸਿੰਘ ਹੁਰਾਂ ਦੇ ਅਗਾਂਹ ਲਿਖਤ ਵਿਚਾਰਾਂ ਨਾਲ ਸਹਿਜੇ ਹੀ ਸਹਿਮਤੀ ਹੋ ਜਾਂਦੀ ਹੈ ਕਿ "ਮੌਜੂਦਾ ਪ੍ਰਬੰਧ ਵਿਚ ਆਮ ਮਨੁੱਖ ਦੀ ਹੋਣੀ ਬਾਰੇ ਫ਼ਿਕਰਮੰਦ ਸਿਮਰਨ ਧਾਲੀਵਾਲ ਨੇ ਆਪਣੇ ਆਲ਼ੇ-ਦੁਆਲ਼ੇ ਵਿਚੋਂ ਹਕੀਕੀ ਪਾਤਰਾਂ ਨੂੰ ਲੈ ਕੇ ਉਹਨਾਂ ਨਾਲ ਵਾਪਰਦੀ ਤ੍ਰਾਸਦੀ ਨੂੰ ਬਹੁਤ ਕਲਾਤਮਕਤਾ ਨਾਲ ਕਹਾਣੀ ਵਿਚ ਗੁੰਦਿਆ ਹੈ। ਇਹ ਤ੍ਰਾਸਦੀ ਆਰਥਿਕ ਅਸਾਵੇਂਪਨ, ਸਮਾਜਕ ਨਾਬਰਾਬਰੀ, ਅਨਿਆਂ ਤੇ ਲੁੱਟ ਦੇ ਸ਼ਿਕਾਰ ਹੋਣ ਤਕ ਹੀ

ਨਹੀਂ, ਮਾਨਵੀ ਹੋਂਦ ਦੇ ਹੀ ਵਿਕਰਤ ਹੋਣ ਦੇ ਰੂਪ ਵਿਚ ਵੀ ਸਾਹਮਣੇ ਆਉਂਦੀ ਹੈ।...ਦਿਸਦੇ ਤੋਂ ਅਗਾਂਹ ਜਾ ਕੇ ਪਾਤਰਾਂ ਦੇ ਧੁਰ ਅੰਦਰਲੇ ਦਵੰਦ, ਸੰਤਾਪ ਅਤੇ ਰਿਸ਼ਤਿਆਂ ਦੇ ਕੱਚ ਸੱਚ ਨੂੰ ਕਲਾਤਮਕ ਪ੍ਰਗਟਾਅ ਦੇਣ ਵਿਚ ਸਿਮਰਨ ਦੀ ਕਲਮ ਬਹੁਤ ਕੁਸ਼ਲ ਹੈ। ਹਰ ਕਹਾਣੀ ਵਿਚੋਂ ਉਸ ਦੀ ਮਾਨਵਤਾਵਾਦੀ ਪਹੁੰਚ ਵੀ ਬਾਖੂਬੀ ਉਘੜਦੀ ਹੈ। ਇਸ ਪੁਸਤਕ ਨਾਲ ਸਿਮਰਨ ਧਾਲੀਵਾਲ ਨੇ ਕਹਾਣੀਕਾਰ ਵਜੋਂ ਅਗਾਂਹ ਵੱਲ ਅਵੱਸ਼ ਨਿੱਗਰ ਕਦਮ ਚੁੱਕੇ ਹਨ, ਜਿਨ੍ਹਾਂ ਦੇ ਭਵਿੱਖ ਵਿਚ ਹੋਰ ਮਜ਼ਬੂਤੀ ਗ੍ਰਹਿਣ ਕਰਨ ਦੀ ਪੱਕੀ ਉਮੀਦ ਹੈ।"

-ਚੰਦਰ ਮੋਹਨ

ਬਸ,ਅਜੇ ਏਨਾ ਹੀ (ਨਾਵਲ) ਜਤਿੰਦਰ ਸਿੰਘ ਹਾਂਸ

ਸਮਕਾਲੀ ਪੰਜਾਬੀ ਗਲਪ ਦੇ ਖੇਤਰ ਵਿਚ 'ਪਾਵੇ ਨਾਲ ਬੰਨ੍ਹਿਆ ਕਾਲ਼' ਅਤੇ 'ਈਸ਼ਵਰ ਦਾ ਜਨਮ' ਨਾਮਕ ਕਹਾਣੀ-ਸੰਗ੍ਰਹਿਆਂ ਰਾਹੀਂ ਆਪਣੀ ਵੱਖਰੀ ਪਛਾਣ ਬਣਾ ਚੁੱਕੇ ਜਤਿੰਦਰ ਸਿੰਘ ਹਾਂਸ ਨੇ ਆਪਣੇ ਪਲੇਠੇ ਨਾਵਲ ,'ਬਸ,ਅਜੇ ਏਨਾ ਹੀ' (ਪੰਨੇ 110, ਮੁੱਲ 125 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਦੀ ਸਿਰਜਣਾ ਕਰਕੇ ਪੰਜਾਬੀ ਪਾਠਕਾਂ ਦਾ ਧਿਆਨ ਇਕ ਵਾਰ ਫਿਰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਹੈ।

ਇਸ ਛੋਟੇ ਜਿਹੇ ਨਾਵਲ ਵਿਚਲੀ ਕਹਾਣੀ ਵਚਿੱਤਰ ਜਿਹੇ ਰਚਨਾਤਮਕ ਢੰਗ ਨਾਲ ਪੇਸ਼ ਹੁੰਦੀ ਹੈ। ਕਹਾਣੀ ਦੇ ਸ਼ੁਰੂ ਤੋਂ ਅੰਤ ਤਕ ਮੈਂ-ਪਾਤਰ ਉਰਫ਼ ਜਿੰਦਰ ਦੇ ਮਨ ਦੀਆਂ ਯਾਦਾਂ ਵਿਚ ਪੁੜਿਆ ਮਿੱਠਾ-ਮਿੱਠਾ ਮਾਨਵੀ ਦਰਦ ਕਥਾ-ਵਿਧੀ ਦੇ ਤੌਰ ਉੱਤੇ ਕਾਰਜ ਕਰਦਾ ਹੈ। ਨਾਵਲ ਦੇ ਉੱਨੀ ਭਾਗਾਂ ਵਿਚ ਫੈਲਿਆ ਇਹ ਦਰਦ-ਰੂਪੀ ਕਥਾਤਮਕ ਵਰਤਾਰਾ ਗ਼ੈਰ-ਕਾਨੂੰਨੀ ਢੰਗਾਂ ਨਾਲ ਪਰਵਾਸ ਧਾਰਨ ਕਰਨ ਵਾਲੇ ਵਿਅਕਤੀ ਦੀ ਜਦੋਜਹਿਦ ਹੈ। ਇਸ ਨਾਵਲ ਵਿਚ ਪਰਵਾਸ ਧਾਰਨ ਕਰਨ ਵਾਲੇ ਵਿਅਕਤੀਆਂ ਦੀ ਵਰਗ-ਵੰਡ ਦਾ ਜ਼ਿਕਰ ਵੀ ਆਉਂਦਾ ਹੈ ਕਿ ਅਮੀਰ ਤਬਕੇ ਦੇ ਲੋਕ ਅਮਰੀਕਾ-ਕੈਨੇਡਾ ਜਾਂਦੇ ਨੇ, ਉਨ੍ਹਾਂ ਤੋਂ ਹੇਠਲੇ ਤਬਕੇ ਦੇ ਲੋਕ ਜਰਮਨ, ਇੰਗਲੈਂਡ, ਇਟਲੀ ਜਾਂਦੇ ਨੇ। ਹੇਠਲੇ ਤਬਕੇ ਦੇ ਲੋਕ ਅਰਬ ਦੇਸ਼ਾਂ ਨੂੰ ਜਾਂਦੇ ਨੇ।

ਨਾਵਲ ਵਿਚ ਪੇਸ਼ ਹੋਏ ਕੁਝ ਪਾਤਰ (ਨੇਤਰ ਤੇ ਸਿਮਰਨ) ਪੁਆਇੰਟ ਬੇਸ ਉੱਤੇ ਕੈਨੇਡਾ ਜਾਂਦੇ ਹਨ ਅਤੇ ਕੁਝ ਗ਼ੈਰ-ਕਾਨੂੰਨੀ ਢੰਗ ਅਖਤਿਆਰ ਕਰਕੇ। ਜਦਕਿ ਕੁਝ (ਸੁਖਪਾਲ, ਜਿੰਦਰ) ਜਾਣਾ ਲੋਚਦੇ ਹਨ। ਜਿੰਦਰ, ਮਨਜੀਤ, ਸੁੱਖਾ, ਧਰਮਾ, ਡਾਕਟਰ ਗੁਰਪ੍ਰੀਤ, ਵਰਿਆਮ ਆਦਿ ਪਾਤਰ ਗ਼ੈਰ-ਕਾਨੂੰਨੀ ਢੰਗ ਨਾਲ ਜਰਮਨ ਜਾਣ ਦੀ ਕੋਸ਼ਿਸ਼ ਕਰਦੇ ਹਨ। ਲੁਕ-ਛਿਪ ਕੇ ਬਾਹਰਲੇ ਮੁਲਕਾਂ ਨੂੰ ਜਾਂਦੇ ਇਹ ਪਾਤਰ ਉਹਨਾਂ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਸਾਕਾਰਦੇ ਹਨ, ਜੋ ਜਾਂ ਤਾਂ ਗ਼ਰੀਬੀ ਤੇ ਬੇਰੁਜ਼ਗਾਰੀ ਦੇ ਸਤਾਏ ਹੋਏ ਹਨ ਅਤੇ ਜਾਂ ਫਿਰ ਆਪਣੀ ਆਰਥਿਕ ਦਸ਼ਾ ਨੂੰ ਹੋਰ ਸੁਧਾਰਨਾ ਚਾਹੁੰਦੇ ਹਨ।

ਨਾਵਲ ਦਾ ਮੁਖ-ਪਾਤਰ ਜਿੰਦਰ ਆਪਣੀ ਆਰਥਿਕ ਦਸ਼ਾ ਨੂੰ ਸੁਧਾਰਨ ਦੇ ਨਾਲ ਨਾਲ ਆਪਣੀ ਪ੍ਰੇਮਿਕਾ ਅਥਵਾ ਮੰਗੇਤਰ ਮਨੀ ਨੂੰ ਵੀ ਭਾਲਣਾ ਚਾਹੁੰਦਾ ਹੈ। ਆਪਣੀਆਂ ਇਹਨਾਂ ਦੋਹਾਂ ਕੋਸ਼ਿਸ਼ਾਂ ਵਿਚ ਉਹ ਨਾਕਾਮ ਰਹਿੰਦਾ ਹੈ। ਕਹਾਣੀ ਦੀ ਵਿਡੰਬਨਾ ਇਹ ਹੈ ਕਿ ਜਿੰਦਰ ਦਾ ਪਿਉ ਤੇਜਾ ਸਿੰਘ ਆਪਣੇ ਪੁੱਤਰ (ਨੇਤਰ) ਦੀ ਸਾਲ਼ੀ ਅਥਵਾ ਦੂਸਰੇ ਪੁੱਤਰ ਜਿੰਦਰ ਦੀ ਮੰਗੇਤਰ ਮਨੀ ਨਾਲ ਕੋਰਟ ਮੈਰਿਜ ਕਰਵਾ ਕੇ ਕੈਨੇਡਾ ਚਲਾ ਜਾਂਦਾ ਹੈ। ਪਿੱਛੋਂ ਜਿੰਦਰ ਦੀ ਸੋਚ ਨੂੰ ਮਨੀ ਦੀਆਂ ਯਾਦਾਂ ਘੇਰ ਲੈਂਦੀਆਂ ਹਨ। ਜਿੰਦਰ ਮਨੀ ਨੂੰ ਅਥਾਹ ਪਿਆਰ ਕਰਨ ਵਾਲੇ ਇਕ ਭੋਲੇ-ਭਾਲੇ ਸ਼ਖ਼ਸ ਦੇ ਰੂਪ ਵਿਚ ਸਾਹਵੇਂ ਆਉਂਦਾ ਹੈ। ਪਰ

ਮਨੀ 'ਖਮਪੈਲ' (ਕੋਈ ਹਰਕਤ ਜਾਂ ਗੱਲ ਕਰਕੇ ਦੂਜੇ ਦਾ ਧਿਆਨ ਖਿੱਚਣ ਨੂੰ ਮਨੀ ਖਮਪੈਲ ਕਹਿੰਦੀ ਹੈ) ਦੇ ਰੂਪ ਵਜੋਂ। ਮਨੀ ਦੀਆਂ ਖਮਪੈਲਾਂ ਜਿੰਦਰ ਨਾਮੀ ਮੈਂ-ਪਾਤਰ ਦੀ ਸੋਚ ਨੂੰ ਗਤੀ ਪ੍ਰਦਾਨ ਕਰਦੀਆਂ ਹੋਈਆਂ ਨਾਵਲੀ ਕਹਾਣੀ ਦਾ ਪ੍ਰਾਣ-ਤੱਤ ਬਣ ਜਾਂਦੀਆਂ ਹਨ। ਇਸ ਨਾਵਲ ਦਾ ਇਹ ਨਿਵੇਕਲਾ ਵਿਧਾਗਤ ਪਹਿਲੂ ਹੈ।

ਨਾਵਲ ਦਾ ਇਹ ਵਿਧਾਗਤ ਪਹਿਲੂ ਪਤਾ ਦਿੰਦਾ ਹੈ ਕਿ ਮਨੀ ਨੂੰ ਖਮਪੈਲ ਬਣਾਉਣ ਦਾ ਜ਼ਿੰਮਾ ਪੈਸਾ-ਕਲਚਰ ਦਾ ਹੈ। ਸਿੱਟੇ ਵਜੋਂ ਕਈ ਅਜਿਹੀਆਂ ਸਮਾਜਕ-ਆਰਥਿਕ ਸਥਿਤੀਆਂ ਪੈਦਾ ਹੁੰਦੀਆਂ ਹਨ ਜੋ ਸਾਕਾਦਾਰੀ ਰਿਸ਼ਤਿਆਂ ਵਿਚ ਸਥਾਪਤ ਨੈਤਿਕ-ਮੁੱਲਾਂ ਲਈ ਸੰਕਟ ਖੜ੍ਹਾ ਕਰ ਦਿੰਦੀਆਂ ਹਨ। ਤੇਜਾ ਸਿੰਘ, ਜਿੰਦਰ ਤੇ ਮਨੀ ਦੀ ਤਿੱਕੜੀ ਦੇ ਪਰਸਪਰ ਸੰਬੰਧ ਅਜਿਹਾ ਹੀ ਸੰਕਟ ਸਿਰਜਦੇ ਹਨ। ਜਿੰਦਰ ਇਕ ਵਾਰ ਜ਼ਹਿਰੀਲੀ ਦਵਾਈ ਪੀ ਕੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਦਾ ਹੈ ਪਰ ਉਸਦਾ ਮਿੱਤਰ ਮਨਜੀਤ ਉਸਨੂੰ ਬਚਾ ਲੈਂਦਾ ਹੈ। ਦੂਜੀ ਵਾਰ ਉਹ ਰੇਲ ਗੱਡੀ ਹੇਠ ਆ ਕੇ ਆਪਣੀ ਦੇਹ ਤਿਆਗਣ ਲਈ ਤਿਆਰ ਹੋ ਜਾਂਦਾ ਹੈ। ਦੋਹਾਂ ਹੀ ਸਥਿਤੀਆਂ ਦਾ ਕਾਰਨ ਮਨੀ ਬਣਦੀ ਹੈ। ਤੇਜਾ ਸਿੰਘ ਦੀ ਪਤਨੀ ਦੀ ਤੇਜਾ ਸਿੰਘ ਦੇ ਕਮੀਨੇ ਵਤੀਰੇ ਕਾਰਨ ਮੌਤ ਹੋ ਜਾਂਦੀ ਹੈ। ਜਿੰਦਰ ਘਰ 'ਚ ਇਕੱਲਾ ਰਹਿ ਜਾਂਦਾ ਹੈ। ਜ਼ਮੀਨ ਕਰਜ਼ੇ ਦੀ ਬਲੀ ਚੜ੍ਹ ਜਾਂਦੀ ਹੈ। ਆਪਣੇ ਸਾਥੀ ਮਨਜੀਤ ਸਮੇਤ ਜਰਮਨ ਜਾਣ ਲਈ ਜਿੰਦਰ ਹੋਰਨਾਂ ਕਈ ਪਾਤਰਾਂ ਵਾਂਗ ਏਜੰਟਾਂ ਦੇ ਢੱਠੇ ਚੜ੍ਹ ਜਾਂਦਾ ਹੈ।

ਬਦੇਸ਼ਾਂ 'ਚ ਬੰਦੇ ਭੇਜਣ ਲਈ ਪੰਜਾਬ ਵਿਚ ਪਨਪਿਆ ਏਜੰਟ ਕਲਚਰ ਜਿਸ ਕਦਰ ਪੰਜਾਬ ਦੀ ਛੋਟੀ ਕਿਸਾਨੀ ਨੂੰ ਮਧੋਲ ਕੇ ਰੱਖਦਾ ਹੈ ਉਸ ਦੇ ਪ੍ਰਮਾਣਿਕ ਗਲਪੀ ਵੇਰਵੇ ਹੱਥਲੇ ਨਾਵਲ (ਭਾਗ 3 ਤੋਂ ਲੈ ਕੇ ਭਾਗ 12 ਤਕ) ਦੀ ਵਸਤੂਧੁਨੀ ਬਣਦੇ ਹਨ। ਜਿਸਨੂੰ ਉਜਾਗਰ ਕਰਨ ਲਈ ਨਾਵਲਕਾਰ ਨੇ ਮੈਂ-ਪਾਤਰ ਸਮੇਤ ਮਨਜੀਤ, ਸੁੱਖਾ ਗਰੇਵਾਲ, ਧਰਮਾ ਸਾਈਂ, ਹਰਪ੍ਰੀਤ ਹੈਪੀ, ਵਰਿਆਮ, 'ਝੋਲਾ-ਛਾਪ' ਡਾਕਟਰ ਜਿਹੇ ਸ਼ੋਸ਼ਿਤ 'ਡੌਂਕੀ' ਪਾਤਰਾਂ ਦੇ ਸਮਾਨਾਂਤਰ ਬਾਬੇ ਏਜੰਟ, ਖਾਨ ਏਜੰਟ, ਝੰਡਾ ਏਜੰਟ, ਨਿੱਕੂ, ਬਾਘਾ ਗਿਆਨੀ, ਤਾਰਾ ਆਦਿ 'ਡੌਂਕਰ'ਪਾਤਰਾਂ ਦੀ ਸਿਰਜਣਾ ਕੀਤੀ ਹੈ। ਇਹਨਾਂ 'ਡੌਂਕੀ' ਤੇ 'ਡੌਂਕਰ' ਪਾਤਰਾਂ ਰਾਹੀਂ ਉਪਜਾਈ ਧੁਨੀ ਦੀਆਂ ਤਰੰਗਾਂ ਵਿਚ ਨਸ਼ਈ ਪੰਜਾਬ ਦੀ ਧਮਕ ਵੀ ਸੁਣਾਈ ਦਿੰਦੀ ਹੈ ਅਤੇ ਜ਼ਮੀਨਾਂ ਦੀ ਆਸਮਾਨ ਛੂੰਹਦੀ ਕੀਮਤ ਦੀਆਂ ਕਿਲਕਾਰੀਆਂ ਵੀ। ਪੱਲਿਓਂ ਪੈਸੇ ਖਰਚ ਕੇ ਬਣਾਈਆਂ ਆਡੀਓ-ਵੀਡੀਓ ਕੈਸਟਾਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ ਅਤੇ ਪੈਸੇ ਦੀ ਖਾਤਰ ਥਾਂ-ਥਾਂ ਹੁੰਦੇ ਫਰਾਡਾਂ ਦੀਆਂ ਕਨਸੋਆਂ ਵੀ। ਜਿੰਦਰ ਜਿਸ ਮਨੀ ਨੂੰ ਪਿਆਰ ਕਰਦਾ ਹੈ, ਵਾਸਤਵ ਵਿਚ ਉਹ ਫਰਾਡੀ ਹੈ। ਜਦੋਂ ਜਦੋਂ ਵੀ ਜਿੰਦਰ ਤੇ ਮਨੀ ਦਾ ਮੇਲ ਹੋਇਆ ਉਦੋਂ ਉਦੋਂ ਹੀ ਉਹਨਾਂ ਦੇ ਪ੍ਰੇਮ-ਸੰਬੰਧ 'ਬਸ, ਅਜੇ ਏਨਾ ਹੀ' ਦੀ ਉਕਤੀ ਦੀ ਪੂਰਤੀ ਕਰਦੇ ਰਹੇ। ਅੱਜੋਕੇ ਦੌਰ ਵਿਚ ਔਰਤ-ਮਰਦ ਦੇ ਸਵਾਰਥੀ ਪ੍ਰੇਮ-ਸੰਬੰਧਾਂ ਦੀ ਮਿਸਾਲ ਬਣਨ ਦੀ ਗਲਪ-ਯੋਗਤਾ ਹੈ ਇਸ ਨਾਵਲ 'ਚ। ਕਿਉਂਕਿ ਜਤਿੰਦਰ ਹਾਂਸ ਨੇ ਮਨੀ ਤੇ ਜਿੰਦਰ ਨਾਮਕ ਪਾਤਰਾਂ ਨੂੰ ਸੂਤਰਧਾਰਕ ਪਾਤਰਾਂ ਦੇ ਨਾਲ ਨਾਲ ਵਿਚਾਰਧਾਰਕ ਪਾਤਰਾਂ ਵਜੋਂ ਵੀ ਉਘਾੜਿਆ ਹੈ। ਜਿੱਥੇ ਜਿੰਦਰ ਸਮਾਜਕ ਕੀਮਤਾਂ ਲਈ ਸਾਕਾਰਾਤਮਕ ਊਰਜਾ ਪ੍ਰਦਾਨ ਕਰਨ ਵਾਲੀ ਵਿਚਾਰਧਾਰਾ ਦਾ ਪ੍ਰਤੀਰੂਪਕ ਹੈ ਉੱਥੇ ਮਨੀ ਇਸਨੂੰ ਢਾਹ ਲਾਉਣ ਵਾਲੀ ਵਿਚਾਰਧਾਰਾ ਦਾ ਪ੍ਰਤੀਰੂਪ।

ਨਾਵਲ ਵਿਚ ਪੇਸ਼ ਹੋਇਆ ਵਾਤਾਵਰਨ ਵਿਭਿੰਨ ਸਭਿਆਚਾਰਕ ਧਰਾਤਲਾਂ ਦੀ ਪਛਾਣ ਦਿੰਦਾ ਹੈ। ਜਿਵੇਂ ਜਿੰਦਰ ਕੈਨੇਡਾ ਨੂੰ 'ਛਲੇਡਾ' ਤੇ 'ਸੋਨੇ ਦਾ ਮਿਰਗ' ਕਹਿੰਦਾ ਹੈ,

ਮਨਜੀਤ ਵਰਿਆਮ ਦੀ ਕੂਰੇ-ਕੂਰੀ ਦੀ ਕਹਾਣੀ ਸੁਣ ਕੇ ਆਪਣੇ ਸਾਥੀਆਂ ਸਮੇਤ ਆਪਣੇ ਆਪ ਨੂੰ 'ਕੂਰੇ' (ਟੋਭੇ ਦੇ ਪਾਣੀ 'ਚ ਰਹਿੰਦੇ ਛੋਟੇ-ਛੋਟੇ ਜੀਵ) ਗਰਦਾਨਦਾ ਹੈ, ਇਸ ਲਈ ਕਿ ਉਹਨਾਂ ਨੂੰ ਪੋਲੈਂਡ ਤੇ ਜਰਮਨ ਦੀਆਂ ਜੇਲ੍ਹਾਂ ਦੇ ਅੰਦਰ ਵੀ ਤੇ ਬਾਹਰ ਵੀ ਕੂਰਿਆਂ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ ਕੀਤਾ ਜਾਂਦਾ ਹੈ। ਗ਼ੈਰ-ਕਾਨੂੰਨੀ ਢੰਗ ਨਾਲ ਬਾਹਰਲੇ ਦੇਸ਼ਾਂ ਨੂੰ ਜਾਣ ਵਾਲੇ ਭਾਰਤੀਆਂ, ਪਾਕਿਸਤਾਨੀਆਂ ਤੇ ਅਫ਼ਗਾਨੀਆਂ ਨੂੰ 'ਮੌਤ ਦੇ ਪੁਲ਼' ਉੱਤੋਂ ਦੀ ਲੰਘ ਕੇ 'ਮੌਤ ਦੇ ਖੂਹ' ਵਿਚ ਉੱਤਰ ਕੇ ਦਰਦਨਾਕ ਜੀਵਨ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਪਹਿਲੂ ਤੋਂ ਪਾਤਰ ਹੱਡ-ਬੀਤੀ ਵਰਗਾ ਪ੍ਰਭਾਵ ਸਿਰਜਦੇ ਹਨ।

ਐਪਰ ਮਨੀ ਨਾਮੀ ਪਾਤਰ ਕਿਤੇ ਕਿਤੇ ਉਲਾਰ ਹੋ ਕੇ ਨਾਵਲੀ ਯਥਾਰਥ ਨੂੰ ਸੱਟ ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦੀ। ਸ਼ਾਇਦ ਇਹ ਸੱਟ ਯਥਾਰਥ ਦੀ ਹੀ ਕੋਈ ਲੁਕਵੀਂ ਪਰਤ ਨੂੰ ਉਘਾੜਨ ਦਾ ਕਲਾਤਮਕ ਵਸੀਲਾ ਹੋਵੇ। ਅਤੇ ਜਿੰਦਰ ਨਾਮੀ ਪਾਤਰ ਦੀ ਮਨੀ ਲਈ ਉਪਭਾਵੁਕਤਾ ਵੀ ਏਸੇ ਵਸੀਲੇ ਦਾ ਹੀ ਇਕ ਅੰਗ ਜਾਪਦੀ ਹੈ। ਸੁੱਖਾ ਪਾਤਰ ਦੇ ਅਗਾਂਹ ਲਿਖਤ ਬੋਲ ਪਰਵਾਸੀਕਰਨ ਦੇ ਪ੍ਰਸੰਗ 'ਚ ਭਾਰਤ ਦੀ ਰਾਜਸੀ ਤੇ ਆਰਥਿਕ ਸਥਿਤੀ ਉੱਤੇ ਤਿੱਖਾ ਵਿਅੰਗ ਹਨ: "...ਆਪਣੇ ਦੇਸ਼ ਦੇ ਲੀਡਰ ਲੁੱਟ-ਲੁੱਟ ਖਾਈ ਜਾਂਦੇ ਨੇ ਦੇਸ਼ ਨੂੰ, ਆਪਾਂ ਇਨ੍ਹਾਂ ਵਿਦੇਸ਼ੀਆਂ 'ਤੇ ਕੀ ਗਿਲਾ ਕਰੀਏ, ਜਦੋਂ ਆਪਣੇ ਮੁਲਖ ਨੇ ਨੀ ਆਪਾਂ ਨੂੰ ਸਾਂਭਿਆ...ਬਾਪੂ ਤੇਰੇ ਕੁੜਮਾਂ ਨੇ,ਗੋਰੇ ਰੰਗ ਦੀ ਕਦਰ ਨੀ ਪਾਈ...।" ਨਾਵਲ ਵਿਚ ਸੁੱਖੇ ਦੇ ਮੂੰਹੋਂ ਬੁਲਾਈਆਂ ਗਈਆਂ ਅਨੇਕਾਂ ਲੋਕ-ਬੋਲੀਆਂ ਨਾਵਲੀ ਵਸਤੂ ਦੀ ਪ੍ਰੌੜਤਾ ਕਰਦੀਆਂ ਹੋਈਆਂ ਇਸਨੂੰ ਸੁਹਜ ਭਰਪੂਰ ਬਣਾਉਣ ਦਾ ਕਾਰਜ ਵੀ ਕਰਦੀਆਂ ਹਨ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਹੱਥਲਾ ਨਾਵਲ ਨਵੇਂ ਵਿਸ਼ੇ ਨੂੰ ਨਵੀਂ ਵਿਧੀ ਰਾਹੀਂ ਪੇਸ਼ ਕਰਕੇ ਵਰਤਮਾਨ ਪੰਜਾਬ ਦੇ ਵਿਭਿੰਨ ਦੁਖਾਂਤਕ ਪਹਿਲੂਆਂ ਨੂੰ ਉਜਾਗਰ ਕਰਦਾ ਹੈ। ਜਿਹਨਾਂ ਵਿਚ ਸਰਬ ਪ੍ਰਥਮ ਸਥਾਨ ਪਰਵਾਸੀਕਰਨ ਦਾ ਬਣਦਾ ਹੈ, ਜਿਸਨੂੰ ਹਾਂਸ ਨੇ ਨਵੇਂ ਜ਼ਾਵੀਏ ਤੋਂ ਪੇਸ਼ ਕਰਨ ਦਾ ਉੱਦਮ ਕੀਤਾ ਹੈ। **-ਚੰਦਰ ਮੋਹਨ**

ਆਵਾਜ਼ਾਂ (ਕਹਾਣੀ ਸੰਗ੍ਰਹਿ) ਜਿੰਦਰ

ਪੰਜਾਬੀ ਕਹਾਣੀ ਵਿਚ ਜਿੰਦਰ ਲਗਾਤਾਰ ਸਰਗਰਮੀ ਨਾਲ ਲਿਖਣ ਵਾਲਾ ਕਥਾਕਾਰ ਹੈ। 'ਆਵਾਜ਼ਾਂ' (ਪੰਨੇ 108, ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨ, ਸਮਾਣਾ) ਉਸਦਾ ਨਵਾਂ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਪੰਜ ਕਹਾਣੀ ਸੰਗ੍ਰਹਿ, ਤਿੰਨ ਰੇਖਾਚਿੱਤਰ ਅਤੇ ਦੋ ਸਫਰਨਾਮੇ ਲਿਖਕੇ ਪੰਜਾਬੀ ਸਾਹਿਤ-ਸਿਰਜਣਾ ਵਿਚ ਮਾਣਯੋਗ ਵਾਧਾ ਕਰ ਚੁੱਕਾ ਹੈ। ਜਿੰਦਰ ਦੀ ਮੂਲ ਪਛਾਣ ਕਹਾਣੀਕਾਰ ਵਜੋਂ ਹੀ ਬਣੀ ਹੈ। ਉਹ ਤੀਜੇ ਤੇ ਚੌਥੇ ਪੜਾਅ ਦੀ ਕਥਾਕਾਰੀ ਵਿਚ ਬਰਾਬਰ ਨਿਭਣ ਵਾਲਾ ਲੇਖਕ ਹੈ। ਕਿਸੇ ਵਿਸ਼ੇਸ਼ ਸਿਧਾਂਤ ਜਾ ਵਿਚਾਰਧਾਰਕ ਨਿਸਚੈਵਾਦ ਵਾਲੀ ਕਥਾ ਸਿਰਜਣਾ ਨਾਲੋਂ ਉਸਨੇ ਬਦਲਦੇ ਸਮਾਜਕ ਯਥਾਰਥ ਨੂੰ ਸਹਿਜ, ਸੈਕੂਲਰ ਤੇ ਸੰਵਾਦ ਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਸ਼ਹਿਰੀ ਮਧਵਰਗੀ ਮਨੁੱਖ ਦੀ ਅਸਹਿਜ ਜ਼ਿੰਦਗੀ, ਨਾਰੀਵਾਦੀ ਮਸਲੇ, ਔਰਤ-ਮਰਦ ਸੰਬੰਧ ਤੇ ਸਮਾਜਕ ਵਿਵਸਥਾ ਦੇ ਤੇਜ਼ੀ ਨਾਲ ਬਦਲ ਰਹੇ ਪਰਿਵੇਸ਼ ਨੂੰ ਜਿੰਦਰ ਦੀ ਕਹਾਣੀ ਨੇ ਕਲਾਤਮਕ ਢੰਗ ਨਾਲ ਫੜਿਆ ਹੈ। ਅੱਜੋਕੇ ਮਨੁੱਖ ਦਾ ਦੋਗਲਾ, ਦੰਭੀ ਤੇ ਅਨਿਸਚਤਤਾ ਵਾਲਾ ਵਿਵਹਾਰ ਉਸਦੀ ਅਸਹਿਜ ਤੇ ਅਨਿਸਚਤ ਅੰਤ ਵਾਲੀ ਕਹਾਣੀ ਦਾ ਕੇਂਦਰੀ ਤੱਤ ਹੈ।

'ਆਵਾਜ਼ਾਂ' ਕਹਾਣੀ ਸੰਗ੍ਰਹਿ ਵਿਚ ਦਸ ਕਹਾਣੀਆਂ ਸ਼ਾਮਲ ਹਨ। ਇਹ ਕਹਾਣੀਆਂ ਸਮਕਾਲੀ ਵਸਤੂ ਯਥਾਰਥ ਦੇ ਬਹੁ-ਭਾਂਤੇ ਕਥਾ-ਬਿੰਬ ਹਨ, ਜਿਹਨਾਂ ਦੁਆਰਾ

ਲੇਖਕ ਨੇ ਵਰਤਮਾਨ ਦੌਰ ਦੀ ਸੰਵੇਦਨਾ ਰਹਿਤ ਮਾਨਵੀ ਜ਼ਿੰਦਗੀ ਦੇ ਕਈ ਪਾਸਾਰ ਪੇਸ਼ ਕੀਤੇ ਹਨ। ਲੇਖਕ, ਦੇਸ਼-ਵੰਡ ਤੋਂ ਉਪਜੇ ਦੁਖਾਂਤ (ਹਵੇਲੀ), ਫੌਜੀ ਜੀਵਨ ਦੀ ਸੰਵੇਦਨਾ (ਦਰਦ, ਜਿੱਤ), ਪੀੜ੍ਹੀ-ਪਾੜੇ ਤੇ ਸਭਿਆਚਾਰਕ ਵਖਰੇਵੇਂ (ਕੈਲਕੁਲੇਸ਼ਨ, ਤਹਿਜ਼ੀਬ), ਪਿਤਾ-ਪ੍ਰਬੰਧ ਦਾ ਤਣਾਅ ਤੇ ਦੁਬਿਧਾ (ਮੀਤੂ ਜ਼ਿੰਦਾਬਾਦ), ਇਤਿਹਾਸ ਦੀਆਂ ਖਾਮੋਸ਼ੀਆਂ (ਆਵਾਜ਼ਾਂ), ਰਿਸ਼ਤਿਆਂ ਦੇ ਬਦਲਦੇ ਸਮੀਕਰਣ (ਕਿਤੇ ਕੋਈ ਹੈ) ਆਦਿ ਵਿਸ਼ਿਆਂ ਨੂੰ ਪੇਸ਼ ਕਰਦਾ ਜ਼ਿੰਦਗੀ ਦੀ ਸਹਿਜ, ਸਾਧਾਰਨ ਘਟਨਾਕਾਰੀ ਨੂੰ ਵਿਸ਼ੇਸ਼ ਕਥਾ-ਵੇਰਵਿਆਂ ਰਾਹੀਂ ਸਾਹਮਣੇ ਲਿਆਉਂਦਾ ਹੈ। ਉਤਮ-ਪੁਰਖੀ ਕਥਾ-ਜੁਗਤ, ਪਿੱਛਲਝਾਤ ਘਟਨਾ ਪ੍ਰਸੰਗ, ਨਿੱਕੇ ਨਿੱਕੇ ਕਥਾ-ਬਿਰਤਾਂਤ ਤੇ ਕੇਂਦਰੀ ਪਾਤਰ ਦੀ ਦੁਬਿਧਾ ਨੂੰ ਪ੍ਰਗਟਾਉਂਦੇ ਬਿਰਤਾਂਤਕ ਵੇਰਵੇ ਲੇਖਕ ਦੀ ਹਰ ਕਥਾ ਦੇ ਅਹਿਮ ਤੱਤ ਹਨ। ਇਹਨਾਂ ਰਚਨਾ-ਪੈਟਰਨਾਂ 'ਤੇ ਖੜ੍ਹੇ ਲੇਖਕ ਦੇ ਕਲਾ-ਬਿੰਬ ਵਿਸ਼ੇਸ਼ ਗਲਪੀ ਭਾਸ਼ਾ ਦਾ ਨਿਰਮਾਣ ਕਰਦੇ ਹਨ। ਇਹ ਭਾਸ਼ਾ ਗਹਿਰੀ, ਬਹੁ-ਅਰਥੀ ਤੇ ਬਹੁ-ਪਰਤੀ ਨਾ ਹੋਣ ਦੇ ਬਾਵਜੂਦ ਅਸਹਿਜ ਮਨੁੱਖ ਦੀ ਸਹਿਜ ਪੇਸ਼ਕਾਰੀ ਕਰਨ ਦੇ ਸਮਰੱਥ ਹੈ। ਜਿੰਦਰ ਦੀ ਕਥਾ-ਭਾਸ਼ਾ ਮਾਨਵੀ ਦੁਬਿਧਾ ਦੀ ਭਾਸ਼ਾ ਹੈ, ਇਹ ਅੱਜੋਕੇ ਮਨੁੱਖ ਦੀ ਹੋਣੀ ਤੇ ਹਸਤੀ ਦੀ ਭਾਸ਼ਾ ਹੈ। 'ਦਰਦ' ਕਹਾਣੀ ਦਾ ਨਾਇਕ ਫੌਜੀ ਪਾਤਰ ਪਾਕਿਸਤਾਨ ਦੇ ਦੁਸ਼ਮਣ ਫੌਜੀ ਨੂੰ ਸਿੱਧੀ ਲੜਾਈ ਵਿਚ ਕੁਝ ਵੀ ਕਹਿਣ-ਕਰਨ ਤੋਂ ਅਸਮਰੱਥ ਹੈ। ਲੇਖਕ ਦੀ ਕਥਾ ਫਿਲਾਸਫੀ ਮਨੁੱਖ ਉੱਤੇ ਭਾਰੂ ਉਸ ਮਾਂ-ਵਾਦ ਨੂੰ ਪੇਸ਼ ਕਰਨ ਵਿਚ ਹੈ ਜਿਸਦੀ ਮਿਥ ਭੋਗਦਾ ਵਿਅਕਤੀ ਆਪਣੀ ਜੰਮਣ-ਭੋਇੰ, ਮਾਂ-ਬੋਲੀ, ਦੇਸ਼-ਪਿਆਰ ਵਰਗੀਆਂ ਧਾਰਨਾਵਾਂ 'ਚੋਂ ਗੁਜ਼ਰਦਾ ਹੋਇਆ ਸਵੈ ਗੌਰਵ ਦੇ ਹੰਕਾਰੀ ਰੁਤਬੇ ਤਕ ਜਾ ਪੁੱਜਦਾ ਹੈ। ਕਹਾਣੀ ਦਾ ਉਤਮ-ਪੁਰਖੀ ਫੌਜੀ ਪਾਤਰ ਦੁਸ਼ਮਣ ਦੇਸ਼ ਦੇ ਸਿਪਾਹੀ ਲਈ ਭਾਵੁਕ ਤੇ ਮਦਦਗਾਰ ਹੈ ਪਰ ਆਪਣੇ ਸਾਥੀ ਦੀ ਮੌਤ ਨੂੰ ਯਾਦ ਕਰ ਕੇ ਨਫਰਤ, ਈਰਖਾ ਤੇ ਗੁੱਸੇ ਦੀ ਭਾਵਨਾ ਨਾਲ ਭਰ ਜਾਂਦਾ ਹੈ-- "ਮੈਂ ਉਸ ਵੱਲ ਵੇਖਿਆ। ਫੇਰ ਮੈਨੂੰ ਰੱਸਿਆਂ ਉੱਤੋਂ ਦੀ ਪੰਮਾ ਡਿਗਦਾ ਦਿਸਿਆ ਸੀ।... ਹੁਣ ਜਮੀਲ ਪਾਕਿਸਤਾਨ ਫੌਜ ਦਾ ਸਿਪਾਹੀ ਸੀ। ਹੁਣ ਜਮੀਲ ਮੇਰਾ ਦੁਸ਼ਮਣ ਸੀ।"

ਲੇਖਕ ਕਹਾਣੀ ਦਾ ਅਨਿਸਚਤ ਅੰਤ ਸਿਰਜ ਕੇ ਬਿਰਤਾਂਤ ਦਾ ਗੁੱਝਾ ਉਹਲਾ ਰੱਖਦਾ ਹੈ। ਇਸ ਨਾਲ ਕਹਾਣੀ ਦਾ ਪਾਰਦਰਸ਼ੀ ਰੂਪ ਓਝਲ ਹੋ ਜਾਂਦਾ ਹੈ ਪਰ ਪਾਠਕ ਦੇ ਅੰਦੇਸ਼ੇ ਤੇ ਅਨੁਮਾਨ ਟੈਕਸਟ ਨੂੰ ਸੰਵਾਦੀ ਬਣਾ ਦਿੰਦੇ ਹਨ। ਅਜਿਹਾ ਕਥਾ ਵਰਤਾਰਾ ਲੇਖਕ ਦੀਆਂ ਕਈ ਕਹਾਣੀਆਂ ਵਿਚ ਆਮ ਮਿਲਦਾ ਹੈ। 'ਹਵੇਲੀ' ਕਹਾਣੀ '47 ਦੇ ਉਜਾੜੇ ਵਿਚ ਫੱਟੇ-ਭੰਨੇ ਲੋਕਾਂ ਦੀ ਸੰਵੇਦਨਾ ਹੈ। ਕਹਾਣੀ ਦਾ 'ਮੈਂ' ਪਾਤਰ ਪਾਕਿਸਤਾਨ ਜਾਂਦਾ ਹੈ। ਉੱਥੇ ਉਸਨੂੰ ਭਾਰਤ ਤੋਂ ਉਜੜ ਕੇ ਗਿਆ 'ਬਸ਼ੀਰਾ' ਨਾਂ ਦਾ ਬਜ਼ੁਰਗ ਮਿਲਦਾ ਹੈ। ਲੇਖਕ ਨੂੰ ਬਸ਼ੀਰੇ ਦੀ ਪੱਛੀ ਮਾਨਸਿਕਤਾ ਵਿਚੋਂ ਪਾਕਿਸਤਾਨ ਤੋਂ ਅਜਿਹਾ ਉਜਾੜਾ ਭੋਗ ਕੇ ਭਾਰਤ ਪੁੱਜੇ ਆਪਣੇ ਨਾਨਕਾ ਪਰਿਵਾਰ ਦੀ ਸੰਵੇਦਨਾ ਝਲਕਦੀ ਹੈ। ਲੇਖਕ ਨੇ 'ਹਵੇਲੀ' ਦੇ ਚਿੰਨ੍ਹ ਦੁਆਰਾ ਪੰਜਾਬ ਦੀ ਸਾਂਝੀ ਸੰਸਕ੍ਰਿਤੀ ਤੇ ਵਿਰਾਸਤ ਦੇ '47 ਦੇ ਉਜਾੜੇ ਦੌਰਾਨ ਖੇਰੂੰ ਖੇਰੂੰ ਹੋਣ ਦਾ ਬਿਰਤਾਂਤ ਪੇਸ਼ ਕੀਤਾ ਹੈ ਅਤੇ ਇਤਿਹਾਸ ਦੇ ਇਸ ਮੋੜ 'ਤੇ 'ਕਮਲੇਸ਼ੋ' ਵਰਗੀਆਂ ਔਰਤਾਂ ਦੀਆਂ ਦਫਨ ਆਵਾਜ਼ਾਂ ਨੂੰ ਮੁੜ 'ਸੁਰਜੀਤ' ਕਰਨ ਦਾ ਉੱਦਮ ਕੀਤਾ ਹੈ। ਕਹਾਣੀ ਦਾ ਅੰਤ ਲੇਖਕ ਦੀ ਉਸ ਮਨੋ-ਦੁਬਿਧਾ ਦਾ ਪ੍ਰਗਟਾਵਾ ਹੈ ਜਿਸ ਅਧੀਨ ਲੇਖਕ ਦੇ ਭਾਰਤ ਪੁੱਜੇ ਪਨਾਹਗੀਰ ਪਰਿਵਾਰ ਨੂੰ ਮੁਸਲਮਾਨ ਪਰਿਵਾਰ ਦੇ ਉਜਾੜੇ ਦੀ ਗਵਾਹ ਬਣੀ ਹਵੇਲੀ ਵਿਚੋਂ ਕਈ ਦਫਨ ਆਵਾਜ਼ਾਂ ਸੁਣਨ ਨੂੰ ਮਿਲਦੀਆ ਹਨ--"ਮੈਨੂੰ ਕੋਈ ਕਸਰ ਹੋ ਗਈ ਤਾਂ

ਫੇਰ ਤੁਹਾਨੂੰ ਸੁਰਤ ਆਊਗੀ। ਲੋਕਾਂ ਨੂੰ ਤਾਂ ਰਾਤ ਨੂੰ ਆਵਾਜ਼ਾਂ ਸੁਣਦੀਆਂ ਹੋਣਗੀਆਂ... ਇਥੇ ਤਾਂ ਦਿਨੇ ਹੀ ਕਿਸੇ ਕੁੜੀ ਦੇ ਕੀਰਨਿਆਂ ਦੀਆਂ ਆਵਾਜ਼ਾਂ ਦਾ ਸ਼ੋਰ ਸੁਣਦਾ...।"

ਲੇਖਕ ਦੀ ਮਾਨਵਵਾਦੀ ਕਥਾ-ਦ੍ਰਿਸ਼ਟੀ '47 ਦੇ ਉਜਾੜੇ ਤੋਂ ਉਪਜੇ ਨਾਸੂਰ ਨੂੰ ਪੰਜਾਬੀਆਂ ਦੀ ਵਲੂੰਧਰੀ ਮਾਨਸਿਕਤਾ ਦੇ ਪ੍ਰਸੰਗ ਵਿਚ ਪੇਸ਼ ਕਰਦੀ ਹੈ ਤੇ ਇਤਿਹਾਸ ਵਿਚ ਜਬਰੀ ਦੱਬੀਆਂ-ਘੁੱਟੀਆਂ ਆਵਾਜ਼ਾਂ ਨੂੰ ਸੰਵਾਦ ਪ੍ਰਦਾਨ ਕਰਦੀ ਹੈ। ਇਸ ਸੰਵਾਦ ਦੀ ਇਕ ਪਰਤ 'ਆਵਾਜ਼ਾਂ' ਕਹਾਣੀ ਵਿਚ ਹੈ। ਇਸ ਕਹਾਣੀ ਵਿਚ ਲੇਖਕ ਔਰੰਗਜ਼ੇਬ ਦੇ ਜੀਵਨ-ਬਿੰਬ ਨੂੰ ਰਵਾਇਤੀ ਇਤਿਹਾਸਕਾਰੀ ਵਾਂਗ ਜ਼ਾਲਮ ਰਾਜੇ ਵਜੋਂ ਪੇਸ਼ ਕਰਨ ਦੀ ਥਾਂ ਮਿਹਨਤੀ, ਈਮਾਨਦਾਰ ਤੇ ਨੇਕ ਬੰਦੇ ਵਜੋਂ ਪੇਸ਼ ਕਰਦਾ ਹੈ। ਇਸ ਕਥਾ-ਬਿਰਤਾਂਤ ਦੁਆਰਾ ਲੇਖਕ ਇਤਿਹਾਸ ਦੀਆਂ ਮਿਥਾਂ ਅੱਗੇ ਪ੍ਰਸ਼ਨ-ਚਿੰਨ੍ਹ ਖੜ੍ਹੇ ਕਰਦਾ ਹੈ। ਲੇਖਕ ਕੋਲ਼ ਇਸ ਕਾਰਜ-ਸਿੱਧੀ ਲਈ ਇਤਿਹਾਸ ਦੇ ਪ੍ਰਮਾਣਕ ਸ੍ਰੋਤ ਨਹੀਂ, ਸਿਰਫ ਮੌਖਕ ਰਵਾਇਤਾਂ ਹਨ। ਇਹ ਰਵਾਇਤਾਂ ਇਤਿਹਾਸ ਵਿਚ ਵੱਢ ਮਾਰਨ ਤੋਂ ਪਰੇ ਹਨ। ਲੇਖਕ ਕਹਾਣੀ ਵਿਚ ਔਰੰਗਜ਼ੇਬ ਦਾ ਸਵੈ ਨਾਲ ਸੰਵਾਦ ਰਚਾਉਂਦਾ ਹੈ। ਇਸ ਸੰਵਾਦ ਦੀ ਕੇਂਦਰੀ ਧੁਨੀ ਇਹ ਹੈ, 'ਕੀ ਮੈਂ ਏਨਾ ਹੀ ਮਾੜਾ ਸੀ?' ਲੇਖਕ ਇਤਿਹਾਸ ਦੀ ਚੁੱਪ ਨੂੰ ਵੰਗਾਰਦਾ ਹੈ ਪਰ ਜਿਸ ਕਰੈਕਟਰ (ਔਰੰਗਜ਼ੇਬ) ਨੂੰ ਆਧਾਰ ਬਣਾ ਕੇ ਉਹ ਸੱਚ ਦਾ ਦੂਜਾ ਪਾਸਾ ਦਿਖਾਉਣਾ ਚਾਹੁੰਦਾ ਹੈ, ਉਸ ਵਿਚ ਸਫਲ ਨਹੀਂ ਹੋ ਪਾਉਂਦਾ। ਅਤੇ ਇਹ ਕਹਾਣੀ ਪਾਠਕਾਂ ਨੂੰ ਕੁਝ 'ਦੇਣ' ਦੀ ਥਾਂ ਖੁਦ ਉਹਨਾਂ ਕੋਲੋਂ ਜਵਾਬ ਮੰਗਦੀ ਪ੍ਰਸ਼ਨੋਤਰੀ ਬਣ ਜਾਂਦੀ ਹੈ-- "ਮੇਰੇ ਕੋਲ਼ ਇਸ ਗੱਲ ਦਾ ਕੋਈ ਜਵਾਬ ਨਹੀਂ। ਮੈਂ ਇਸ ਗੱਲ ਦਾ ਫੈਸਲਾ ਕਰਨ ਲਈ ਆਪਣੇ ਪਾਠਕਾਂ ਨੂੰ ਪੁੱਛਦਾ ਹਾਂ। ਦੇਖਿਓ ਕਿਤੇ ਤੁਸੀਂ ਵੀ ਇਤਿਹਾਸ ਦੀ ਚੁੱਪ 'ਚ ਸ਼ਾਮਲ ਨਾ ਹੋ ਜਾਇਓ!"

'ਡਰ' ਅਤੇ 'ਕੈਲਕੁਲੇਸ਼ਨ' ਨਾਂ ਦੀਆਂ ਕਹਾਣੀਆਂ ਪੀੜ੍ਹੀਆਂ ਦੀ ਵਿੱਥ ਕਾਰਨ ਉਪਜਦੇ ਵੱਖਰੇ ਜੀਵਨ-ਦ੍ਰਿਸ਼ਟੀਕੋਣ ਨੂੰ ਪ੍ਰਗਟਾਂਦੇ ਬਿਰਤਾਂਤ ਹਨ। ਇਹਨਾਂ ਕਹਾਣੀਆਂ ਵਿਚ ਅਜੈ, ਬਲਰਾਜ, ਸੁੱਖੀ, ਗਗਨ ਆਦਿ ਪਾਤਰ ਨਵੀਂ ਪੀੜ੍ਹੀ ਦੇ ਮੌਲਕ ਉਚਾਰ ਨੂੰ ਪੇਸ਼ ਕਰਦੇ ਹਨ। ਲੇਖਕ ਪਿਛਲੀ ਪੀੜ੍ਹੀ ਦੇ ਰੂਪ ਵਿਚ ਮਾਪਿਆਂ ਦੀ ਸੰਸਥਾ ਨੂੰ ਵੀ ਚਿੱਤਰਦਾ ਹੈ ਜਿਸਦੇ ਆਪਣੇ ਸੱਚ ਤੇ ਸਰੋਕਾਰ ਹਨ। ਇਸ ਪੀੜ੍ਹੀ ਨੂੰ ਅਗਨੀ ਪਰੀਖਿਆ ਦੇ ਪੇਸ਼ ਕਰਦਾ ਲੇਖਕ ਬਦਲਦੇ ਸਮਾਜਕ ਪਰਿਵੇਸ਼ ਵਿਚ ਬਦਲਦੇ ਜੀਵਨ-ਸਰੋਕਾਰਾਂ ਦੀ ਕਥਾ-ਵਕਾਲਤ ਕਰਦਾ ਹੈ। 'ਕੈਲਕੁਲੇਸ਼ਨ' ਕਹਾਣੀ ਵਿਚ ਰਿਸ਼ਤਿਆਂ ਦੀ ਰਵਾਇਤੀ ਕੈਲਕੁਲੇਸ਼ਨ ਵਿਖਰ ਜਾਂਦੀ ਹੈ ਤੇ 'ਡਰ' ਕਹਾਣੀ ਵਿਚ ਪੁੱਤਾਂ-ਧੀਆਂ ਦੇ ਜਵਾਨ ਹੋਣ 'ਤੇ ਮਾਪਿਆਂ ਦਾ ਵਧਦਾ ਡਰ ਉਹਨਾਂ ਦੀ ਜੀਵਨ-ਚਾਲ ਨੂੰ ਅਸਹਿਜ ਕਰਦਾ ਪੇਸ਼ ਹੋਇਆ ਹੈ।

'ਕੈਲਕੁਲੇਸ਼ਨ' ਸਮੇਤ 'ਇਹ ਤਾਂ ਮੈਥੋਂ ਹੁੰਦਾ ਨਹੀਂ' ਅਤੇ 'ਮੀਤੂ ਜ਼ਿੰਦਾਬਾਦ' ਨਾਂ ਦੀਆਂ ਕਹਾਣੀਆਂ ਵਿਚ ਪਿਤਾ-ਸੰਸਥਾ ਨਾਲ ਪੁੱਤ ਦਾ ਵਿਰੋਧੀ ਰੂਪ ਪੇਸ਼ ਹੋਇਆ ਹੈ। ਪੰਜਾਬੀ ਸਭਿਆਚਾਰ ਵਿਚ 'ਪਿਉ-ਪੁੱਤ ਦੀ ਯਾਰੀ' ਵਾਲੀ ਮਿਥ ਇਹਨਾਂ ਕਹਾਣੀਆਂ ਨੂੰ ਪੜ੍ਹਦਿਆਂ ਟੁੱਟਦੀ ਹੈ। ਇਸ ਪੱਖੋਂ ਮਲਕੀਤ ਨੂੰ ਆਪਣੇ ਅੰਦਰਲੀ ਵਿਅਕਤੀਗਤ ਹਉਂ ਤੇ ਨਿੱਜੀ ਪਛਾਣ ਵਾਲੇ 'ਮੀਤੂ' ਨੂੰ ਮੁੜ ਜ਼ਿੰਦਾ ਕਰਨਾ ਪੈਂਦਾ ਹੈ। ਮੀਤੂ ਦੇ ਮਨੋ-ਵੇਰਵੇ ਕਹਾਣੀ ਦਾ ਹਾਸਲ ਹਨ ਤੇ ਮੀਤੂ ਦੀ ਭਾਸ਼ਾ ਸੰਵਾਦ ਨਾਲੋਂ ਵਿਰੋਧ 'ਤੇ ਖੜ੍ਹੀ ਹੈ। ਪਰਵਾਸ ਵਿਚ ਰਹਿੰਦੀ ਪੰਜਾਬੀ ਸਭਿਆਚਾਰ ਦੀ ਸਰਦਾਰੀ ਵਾਲੀ ਪਿਤਾ-ਸੰਸਥਾ ਦੇ ਸਟੀਕ ਤੇ ਸਨਸਨੀਖੇਜ਼ ਵੇਰਵੇ ਕਹਾਣੀ ਦੀ ਪ੍ਰਾਪਤੀ ਹਨ।

'ਤਹਿਜ਼ੀਬ' ਕਹਾਣੀ ਸਭਿਆਚਾਰ ਦੇ ਟਕਰਾਅ ਨੂੰ ਨਜਿੱਠਦੀ ਹੈ ਤੇ ਵਰਤਮਾਨ ਦੌਰ ਵਿਚ ਹਰ ਕਲਚਰ, ਹਰ ਸਮਾਜ ਤੇ ਹਰ ਸੰਸਥਾ ਦੇ ਸੰਵਾਦੀ ਰੁਖ ਅਖਤਿਆਰ ਕਰਨ ਦਾ ਬਿਰਤਾਂਤਕ ਤਰਕ ਦਿੰਦੀ ਹੈ। 'ਕਿਤੇ ਕੋਈ ਹੈ' ਕਹਾਣੀ ਸਰੀਰਕ ਤੇ ਮਾਨਸਿਕ ਸਕੂਨ ਲਈ ਰਿਸ਼ਤਿਆਂ ਦੇ ਪਰੰਪਰਕ ਰੂਪਾਂ ਦੀ ਭੰਨ-ਤੋੜ ਦਾ ਬਿਰਤਾਂਤ ਸਿਰਜਦੀ ਹੈ।

ਕੁਲ ਮਿਲਾ ਕੇ ਜਿੰਦਰ ਦੀ ਕਹਾਣੀ ਸਹਿਜ ਜੀਵਨ ਵਿਚੋਂ ਨਿੱਕੇ ਨਿੱਕੇ ਵਸਤੂ ਵੇਰਵੇ ਖੋਰ ਕੇ ਮਨੁੱਖ ਦੀ ਵਿਚਲਤ ਤੇ ਅਨਿਸਚਤ ਹੋ ਰਹੀ ਸਥਿਤੀ ਨੂੰ ਫੜਦੀ ਹੈ। ਉਹ ਘਟਨਾਵਾਂ ਦਾ ਸਰਲੀਕਰਨ ਕਰ ਕੇ ਕਹਾਣੀ ਨੂੰ ਬਹੁ-ਅਰਥੀ ਬਣਾਉਣ ਤੋਂ ਖੁੰਝ ਵੀ ਜਾਂਦਾ ਹੈ ਪਰ ਹਰ ਕਹਾਣੀ ਵਿਚ ਕੋਈ ਨਾ ਕੋਈ ਵਿਸ਼ੇਸ਼ 'ਕਲਚਰਲ ਆਰਕੀਟਾਇਪ' ਸੰਵਾਦ ਦੇ ਨਜ਼ਰੀਏ ਤੋਂ ਚਿਤਰ ਵੀ ਦਿੰਦਾ ਹੈ। ਉਸਦੀ ਕਹਾਣੀ ਦਾ ਬਿਰਤਾਂਤਕ ਵੇਗ ਤਿੱਖਾ ਤੇ ਰਵਾਨੀ ਭਰਿਆ ਹੈ ਤੇ ਹਰ ਪੱਧਰ ਦਾ ਪਾਠਕ ਕਹਾਣੀ ਵਿਚੋਂ ਕੁਝ ਨਾ ਕੁਝ ਨਵਾਂ ਹਾਸਲ ਕਰ ਲੈਂਦਾ ਹੈ। **-ਜੇ.ਬੀ.ਸੇਖੋਂ**

ਕਾਲੇ ਵਰਕੇ (ਕਹਾਣੀ ਸੰਗ੍ਰਹਿ) ਜਰਨੈਲ ਸਿੰਘ

ਪੁਸਤਕ 'ਕਾਲੇ ਵਰਕੇ' (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 135, ਮੁੱਲ 150 ਰੁਪਏ) ਜਰਨੈਲ ਸਿੰਘ ਦੇ ਪਰਵਾਸ ਧਾਰਨ ਕਰਨ ਦੇ ਸਮੇਂ ਤੋਂ ਮਗਰੋਂ ਦਾ ਤੀਜਾ ਮੌਲਿਕ ਕਹਾਣੀ ਸੰਗ੍ਰਹਿ ਹੈ। ਪਰਵਾਸ ਦੀਆਂ ਉੱਪਰਲੀਆਂ ਹੇਠਲੀਆਂ ਪਰਤਾਂ ਦੀ ਬਾਰੀਕਬੀਨੀ ਨਾਲ ਘੋਖ ਕਰਦੀ ਉਸਦੀ ਪਹਿਲੀ ਪੁਸਤਕ 'ਦੋ ਟਾਪੂ' ਨੇ ਪਾਠਕਾਂ ਦਾ ਚੋਖਾ ਧਿਆਨ ਖਿੱਚਿਆ ਸੀ। ਪੂਰਵਲੀ ਪੰਜਾਬੀ ਕਹਾਣੀ ਤੋਂ ਢੇਰ ਸਾਰੀ ਵਿੱਥ 'ਤੇ ਖੜੋ ਕੇ ਸਿਰਜੀਆਂ ਉਸ ਪੁਸਤਕ ਅੰਦਰਲੀਆਂ ਕਹਾਣੀਆਂ ਵਿਚ ਰਵਾਇਤੀ ਕਿਸਮ ਦਾ ਭੂ-ਹੇਰਵਾ ਪੇਸ਼ ਨਹੀਂ ਸੀ ਹੋਇਆ, ਸਗੋਂ ਇਹਨਾਂ ਵਿਚੋਂ ਪੱਛਮੀ ਦੇਸ਼ਾਂ ਦੇ ਸੱਭਿਆਚਾਰਕ ਤਾਣੇ-ਬਾਣੇ ਨਾਲ ਇਕ ਤਰ੍ਹਾਂ ਨਾਲ ਨਿੱਠ ਕੇ ਸੰਵਾਦ ਰਚਾਉਣ ਦੀ ਮੁਹਾਰਤ ਦਾ ਆਭਾਸ ਹੁੰਦਾ ਸੀ। ਪਰਵਾਸ ਸਮੇਂ ਦੀ ਆਪਣੀ ਦੂਜੀ ਪੁਸਤਕ 'ਟਾਵਰਜ਼' ਰਾਹੀਂ ਜਰਨੈਲ ਸਿੰਘ ਨੇ ਕਈ ਕਦਮ ਹੋਰ ਅੱਗੇ ਤੁਰ ਕੇ ਪੱਛਮੀ ਸੰਸਾਰ, ਖਾਸ ਕਰਕੇ ਅਮਰੀਕਾ ਦੀ ਬਸਤੀਵਾਦੀ ਮਾਨਸਿਕਤਾ ਨੂੰ, ਜੱਗ ਜ਼ਾਹਰ ਵੀ ਕੀਤਾ ਸੀ ਅਤੇ ਮਾਨਵੀ ਮੁੱਲਾਂ ਦੀ ਪੈਰਵੀ ਕਰਦਿਆਂ ਕਲਮ ਦੇ ਫਰਜ਼ਾਂ ਦੀ ਰਾਖੀ ਵੀ ਕੀਤਾ ਸੀ ਅਤੇ ਮਾਨਵੀ ਮੁੱਲਾਂ ਦੀ ਪੈਰਵੀ ਕਰਦਿਆਂ ਕਲਮ ਦੇ ਫਰਜ਼ਾਂ ਦੀ ਰਾਖੀ ਵੀ ਕੀਤੀ ਸੀ। ਇਸੇ ਲੜੀ ਵਿਚ ਹੀ ਉਸਦੀ ਹੱਥਲੀ ਪੁਸਤਕ 'ਕਾਲੇ ਵਰਕੇ' ਵੀ ਦੇਖੀ ਜਾਣੀ ਚਾਹੀਦੀ ਹੈ।

ਹੁਣ ਤਕ ਅਸੀਂ ਕਾਮਨਵੈਲਥੀਏ ਅੰਗਰੇਜ਼ਾਂ ਦੀ ਪਸਾਰਵਾਦੀ ਰਾਜਨੀਤੀ ਦੀ ਰਾਜਨੀਤਕ, ਆਰਥਿਕ, ਸਮਾਜਕ ਜਾਂ ਸੱਭਿਆਚਾਰਕ ਕੋਣ ਤੋਂ ਨਿਰਖ-ਪਰਖ਼ ਨੂੰ ਰਚਨਾਵਾਂ ਦਾ ਹਾਸਲ ਬਣਾਉਂਦੇ ਰਹੇ ਹਾਂ। ਪਰ ਇਸ ਨੀਤੀ ਦੇ ਮਨੋਵਿਗਿਆਨਕ ਵਿਕਾਰ ਸ਼ਾਇਦ ਹੀ ਕਿਸੇ ਲਿਖਤ ਵਿਚ ਬੇ-ਬਾਕੀ ਨਾਲ ਸ਼ਾਮਲ ਹੋਏ ਹੋਣ। ਕਹਾਣੀ ਦੀ ਵਿਧਾ ਵਿਚ ਇਸ ਤਰ੍ਹਾਂ ਦੀ ਪਹਿਲ ਕਦਮੀ ਕਰਨੀ ਜਰਨੈਲ ਸਿੰਘ ਦੇ ਹਿੱਸੇ ਆਈ ਹੈ। ਉਸਦੇ ਨਵੇਂ ਸੰਗ੍ਰਹਿ ਵਿਚ ਪਰਵਾਸੀਆਂ ਤੋਂ ਅਗਾਂਹ ਕੈਨੇਡਾ ਦੇ ਮੂਲਵਾਸੀਆਂ ਦੀ ਵੀ ਝਲਕ ਮਿਲਦੀ ਹੈ, ਬਸਤੀਵਾਦੀ ਯੂਰਪੀ ਗੋਰਿਆਂ ਨੇ ਨਾ ਸਿਫਰ ਜਿਹਨਾਂ ਦੀ ਧਰਤੀ ਉੱਤੇ ਕਬਜ਼ਾ ਹੀ ਕੀਤਾ, ਸਗੋਂ ਅਖੌਤੀ ਸਭਿਆਕਰਨ ਦੇ ਨਾਂ ਉੱਤੇ ਉਹਨਾਂ ਨੂੰ ਬੇਪਨਾਹ ਸੰਤਾਪ ਹੰਢਾਉਣ ਲਈ ਮਜਬੂਰ ਵੀ ਕੀਤਾ। ਕਨੇਡਾ ਦੇ ਮੂਲ ਵਾਸੀਆਂ ਨੂੰ ਕੈਥੋਲਿਕ ਈਸਾਈਆਂ ਵੱਲੋਂ ਸਿੱਖਿਅਤ ਕਰਨ ਦੀ ਆੜ ਅੰਦਰ ਹੋਸਟਲਾਂ-ਸਕੂਲਾਂ ਅੰਦਰ ਵੱਡੇ-ਛੋਟੇ ਬੱਚਿਆਂ ਦੇ ਸਰੀਰਕ ਸ਼ੋਸ਼ਣ ਦੀ ਕਥਾ ਕਰਦੀ, ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਕਾਲੇ ਵਰਕੇ'

ਯੂਰਪੀ ਗੋਰੇ ਪਾਸਾਰਵਾਦੀਆਂ ਦੀ ਕਰੂਰਤਾ ਦਾ ਬੇ-ਹੱਦ ਬੇਬਾਕੀ ਨਾਲ ਉਲੇਖ ਕਰਦੀ ਹੈ। ਮਾਈਕਲ ਤੇ ਉਸਦੀ ਭੈਣ ਰੋਜ਼ੋਨ ਉਮਰ ਭਰ ਇਸ ਹਤਕ ਦਾ ਸੰਤਾਪ ਭੋਗਦੇ ਆਏ ਹਨ। ਮਾਂ-ਬਾਪ ਦੀਆਂ ਨਜ਼ਰਾਂ 'ਚ ਹੀਣੀ ਹੋਈ ਰੋਜ਼ੋਨ ਦੀ ਲਾਚਾਰਗੀ ਤਾਂ ਉਸਨੂੰ ਆਤਮ-ਹੱਤਿਆ ਦਾ ਰਾਹ ਅਪਨਾਉਣ ਲਈ ਮਜਬੂਰ ਕਰ ਦਿੰਦੀ ਹੈ।ਪਰ ਮਾਈਕਲ ਨੂੰ, ਕਹਾਣੀ ਵਿਚਲੇ ਉਤਮਪੁਰਖੀ ਪਾਤਰ ਦੀ ਪੇਸ਼ਾਵਰਾਨਾ ਪ੍ਰਤੀਬੱਧਤਾ ਉਸਦੇ ਸੰਤਾਪ ਤੋਂ ਸੁਰਖ਼ਰੂ ਕਰਨ ਦੀ ਦਲੇਰੀ ਕਰਦੀ ਹੈ। ਇਹ ਦਲੇਰੀ ਇਕ ਤਰ੍ਹਾਂ ਨਾਲ ਗੋਰੇ ਅੰਗਰੇਜ਼ਾਂ ਦਾ ਕਾਲਾ ਚਿਹਰਾ ਨੰਗਾ ਕਰਨ ਦੀ ਵੀ ਦਲੇਰੀ ਹੈ। ਏਸੇ ਭਾਂਤ ਦੇ ਹੀ ਭੇਦ-ਭਾਵ ਵਾਲੇ ਪਾਸਾਰ ਨੂੰ ਛੋਂਹਦੀ ਇਸ ਪੁਸਤਕ ਦੀ ਕਹਾਣੀ ਹੈ 'ਹੜ੍ਹ', ਜਿਸ ਵਿਚ ਕੁਦਰਤੀ ਕਰੋਪੀ ਦੇ ਪ੍ਰਸੰਗ ਵਿਚ ਸੱਤਾ ਦਾ ਚਿਹਰਾ ਨੰਗਾ ਹੁੰਦਾ ਹੈ। ਅਮਰੀਕਾ ਦੇ 67% ਆਬਾਦੀ ਵਾਲੇ ਕਾਲੇ ਵਾਸੀਆਂ ਦੇ ਸ਼ਹਿਰ ਨਿਊ ਓਰਲੀਅਨਜ਼ ਨੂੰ ਹੜ੍ਹਾਂ ਨੇ ਬੁਰੀ ਤਰ੍ਹਾਂ ਘੇਰ ਲਿਆ ਹੈ। ਪਰ, ਇਹ ਸ਼ਹਿਰ ਸਿਆਸੀ ਵਖਰੇਵਿਆਂ ਕਾਰਨ ਲੋੜੀਂਦੀਆਂ ਸਹੂਲਤਾਂ ਤੋਂ ਵਾਂਝਾ ਰੱਖਿਆ ਹੋਇਆ ਹੈ। ਬਹੁ-ਕੌਮੀ ਕਾਰਪੋਰੇਸ਼ਨਾਂ ਅਤੇ ਸ਼ਿਪਿੰਗ ਕੰਪਣੀਆਂ ਵੱਧ ਤੋਂ ਵੱਧ ਮੁਨਾਫੇ ਦੀ ਦੌੜ ਵਿਚ ਲੱਗੀਆਂ ਹੋਈਆਂ ਹਨ। ਉਹਨਾਂ ਦੀ ਅੰਦਰ ਬਾਹਰ ਦੀ ਮੁਨਾਫੇ ਦੀ ਇਸ ਦੌੜ ਨੇ ਸੁਖਪਾਲ ਨਾਮੀਂ ਪੰਜਾਬੀ/ਭਾਰਤੀ ਨੂੰ ਵੀ ਆਪਣੀ ਵਲਗਣ ਅੰਦਰ ਘੇਰ ਕੇ ਉਸਦੇ ਪਰਿਵਾਰਕ ਜੀਵਨ ਨੂੰ ਤਬਾਹੀ ਕੰਢੇ ਪੁਚਾ ਦਿੱਤਾ ਹੈ। 'ਪੱਤਿਆਂ ਨਾਲ ਢਕੇ ਜਿਸਮ' ਕਹਾਣੀ ਦਰਸਾਉਂਦੀ ਹੈ ਕਿ ਕਿਵੇਂ ਪੱਛਮੀ ਸੱਭਿਅਤਾ ਅਤੇ ਉੱਤਰ-ਆਧੁਨਿੱਕਤਾ ਦੇ ਵਪਾਰਕ ਹਿਤਾਂ ਨੇ ਨੌਜਵਾਨ ਯੁਵਤੀਆਂ ਨੂੰ ਕਾਮੁਕਤਾ ਦੀ ਹੇਠਲੀ ਹੱਦ ਤਕ ਦੇਹ-ਪ੍ਰਦਰਸ਼ਨ ਕਰਨ ਲਈ ਪ੍ਰੇਰ ਲਿਆ ਹੈ। ਭਾਵੇਂ ਏਸ਼ੀਆਈ ਮੁੱਲ-ਵਿਧਾਨ ਅਜਿਹੇ ਪ੍ਰਦਰਸ਼ਨਾਂ ਵਿਚ ਕਲਾਤਮਕਤਾ ਦਾ ਪੱਲਾ ਨਾ ਛੱਡਣ ਵਿਚ ਯਕੀਨ ਰੱਖਦਾ ਹੈ, ਪਰ ਮਨੀਸ਼ਾ ਨਾਮੀਂ ਭਾਰਤੀ ਯੁਵਤੀ ਅਪਣੀ ਕਲਾ ਨੂੰ ਦਾਗ਼ਦਾਰ ਹੋਣੋਂ ਬਚਾ ਕੇ ਰੱਖਣ ਦੇ ਸੁਹਿਰਦ ਯਤਨ ਕਰਦੀ ਮਿਸ਼ੈਲ ਨਾਮੀ ਮਾਡਲ ਦੇ ਦੇਹ-ਜਸ਼ਨ ਤੋਂ ਹਾਰ ਹੀ ਜਾਂਦੀ ਹੈ ।

ਕਹਾਣੀ 'ਮੁਹਾਜ਼' ਦੁਨੀਆਂ ਭਰ ਵਿਚ ਲੜੀਆਂ ਗਈਆਂ ਜਾਂ ਲੜੀਆਂ ਜਾ ਰਹੀਆਂ ਜੰਗਾਂ ਦੇ ਨੈਤਿਕ ਆਧਾਰ ਨੂੰ ਪਰਖ਼ਦੀ ਇਸ ਵਰਤਾਰੇ ਨੂੰ ਕੇਵਲ ਤੇ ਕੇਵਲ ਸਿਆਸੀ ਖੇਡ ਹੋਣ ਦਾ ਪ੍ਰਮਾਣ ਪੱਤਰ ਦਿੰਦੀ ਹੋਈ ਮਾਨਵੀ ਮੁੱਲਾਂ ਦੀ ਰਾਖੀ ਕਰਨ ਵੱਲ ਰੁਚਿਤ ਹੈ। ਇਵੇਂ ਹੀ 'ਨਦੀਨ' ਕਹਾਣੀ ਪਰਵਾਸ ਗ੍ਰਹਿਣ ਕਰਨ ਤੇ ਪਰਵਾਸੀ ਜੀਵਨ ਜੀਉਂਦਿਆਂ ਨੈਤਿਕ ਮੁੱਲਾਂ ਨਾਲ ਹੁੰਦੇ ਖ਼ਲਵਾੜ ਦੇ ਰੂ-ਬ-ਰੂ ਹੋਈ ਹੈਂ ।

ਸੋਵੀਅਤ ਰੂਸ ਅਤੇ ਸਮਾਜਵਾਦੀ ਕੈਂਪ ਦੀ ਟੁੱਟ-ਭੱਜ ਪਿੱਛੋਂ ਦੁਨੀਆਂ ਭਰ ਵਿਚ ਇਕੋ-ਇਕ ਮਹਾਂ-ਸ਼ਕਤੀ ਦਾ ਪਰਚਮ ਲਹਿਰਾਉਣ ਦਾ ਦਾਅਵਾ ਕਰਨ ਵਾਲੇ ਅਮਰੀਕਾ ਦੀਆਂ ਮਾਨਵ-ਦੋਖੀ ਨੀਤੀਆਂ ਅਖ਼ਬਾਰੀ ਸੁਰਖੀਆਂ ਬਣਦੀਆਂ ਬਹੁਤੀ ਵਾਰ ਪਾਠਕਾਂ ਅੰਦਰ ਨਫ਼ਰਤੀ ਭਾਵ ਤਾਂ ਭਰਦੀਆਂ ਰਹੀਆਂ ਹਨ, ਪਰ ਇਹਨਾਂ ਦਾ ਚਿਰ-ਸਥਾਈ ਪ੍ਰਭਾਵ ਸਿਰਜਣ ਵਿਚ ਸਾਹਿਤਕ ਕਿਰਤਾਂ ਦੀ ਭੂਮਿਕਾ ਵੀ ਅਹਿਮ ਰੋਲ ਅਦਾ ਕਰ ਸਕਦੀ ਹੈ। ਇਸ ਸੰਬੰਧ ਵਿਚ ਜਰਨੈਲ ਸਿੰਘ ਦੀ ਪਹਿਲਕਦਮੀ ਸ਼ਲਾਘਾਯੋਗ ਹੈ।ਪੁਸਤਕ 'ਕਾਲੇ ਵਰਕੇ' ਦੀਆਂ ਵੱਡ-ਅਕਾਰੀ ਪੰਜ ਕਹਾਣੀਆਂ ਵਿੱਚੋਂ ਤਿੰਨ ਕਹਾਣੀਆਂ ਦਾ ਧਰਾਤਲ ਅਮਰੀਕਾ ਦੀ ਧਰਤੀ ਹੈ। ਉੱਤਰੀ ਅਮਰੀਕਾ ਵਿਚ ਜਾ ਵਸੇ ਯੂਰਪੀ ਗੋਰੀ ਨਸਲ ਦੇ ਬਸਤੀਵਾਦੀਆਂ ਨੇ ਮੂਲ ਵਾਸੀਆਂ ਨੂੰ ਦੂਜੇ ਤੀਜੇ ਦਰਜੇ ਦੇ ਸ਼ਹਿਰੀ ਸਮਝਦਿਆਂ ਉਹਨਾਂ ਨਾਲ ਕਰੂਰਤਾ ਦੀ ਧੁਰ ਹੇਠਲੀ ਪੱਧਰ ਤਕ ਅਨਿਆਂ ਕੀਤਾ ਹੈ । ਸੱਭਿਅਤਾ ਦੇ 21ਵੇਂ ਵਿਕਾਸ ਪੜਾਅ ਤਕ ਪੁੱਜ ਕੇ ਵੀ ਇਹ ਵਰਤਾਰਾ ਕਾਇਮ ਹੈ, ਜਿਸ ਦੀਆਂ ਲੁਕਵੀਆਂ

ਪਰਤਾਂ ਨੂੰ ਜਰਨੈਲ ਸਿੰਘ ਨੇ 'ਹੜ੍ਹ', 'ਕਾਲੇ ਵਰਕੇ' ਅਤੇ 'ਪੱਤਿਆਂ ਨਾਲ ਢਕੇ ਜਿਸਮ' ਨਾਮੀਂ ਕਹਾਣੀਆਂ ਰਾਹੀਂ ਪਾਠਕਾਂ ਸਾਹਮਣੇ ਲਿਆਂਦਾ ਹੈ। ਅਜਿਹੇ ਨਾਜ਼ਕ ਮਸੱਲਿਆਂ ਦੀ ਨਿਸ਼ਾਨਦੇਹੀ ਕਰਨ ਲਈ ਕਈ ਵਾਰ ਉਸ ਨੂੰ ਬੋਝਲ ਕਿਸਮ ਦੀ ਬਿਰਤਾਂਤਕਾਰੀ ਦਾ ਸਹਾਰਾ ਵੀ ਲੈਣਾ ਪਿਆ, ਤਾਂ ਵੀ ਉਹ ਵੱਖ ਵੱਖ ਕਥਾਨਿਕਾਂ ਦੀਆਂ ਕੜੀਆਂ ਜੋੜਨ ਵਿਚ ਸਫ਼ਲ ਰਿਹਾ ਹੈ। ਇਹਨਾਂ ਕਹਾਣੀਆਂ ਵਿਚ ਉਸਦੀ ਗਲਪੀ ਵਿਸ਼ਲੇਸ਼ਣਕਾਰੀ ਇਕ ਵਾਰ ਫਿਰ ਪਾਠਕਾਂ ਦੇ ਸਨਮੁਖ ਹੈ।

ਕੁਲ ਮਿਲਾ ਕੇ ਜਰਨੈਲ ਸਿੰਘ ਦੇ ਇਸ ਨਿਵੇਕਲੇ ਯਤਨ ਨੂੰ ਜੀ-ਆਇਆਂ ਕਹਿਣਾ ਬਣਦਾ ਹੈ। ਇਹ ਉਮੀਦ ਕੀਤੀ ਜਾ ਸਕਦੀ ਹੈ ਕਿ 'ਕਾਲੇ ਵਰਕੇ' ਨਾਮੀਂ ਪੁਸਤਕ ਦੀਆਂ ਕਹਾਣੀਆਂ ਉਚੇਰੀ ਪੈਰਵਾਈ ਤੋਂ ਬਿਨਾਂ ਵੀ ਕਹਾਣੀ- ਸੰਸਾਰ ਵਿਚ ਆਪਣਾ ਯੋਗ-ਸਥਾਨ ਬਣਾਉਣ ਦੇ ਸਮਰੱਥ ਹੋਣਗੀਆਂ। **-ਲਾਲ ਸਿੰਘ**

ਸਵਾਲ ਨਾ ਕਰ (ਕਾਵਿ-ਸੰਗ੍ਰਹਿ) ਮਲਵਿੰਦਰ

ਸਮਕਾਲੀ ਪੰਜਾਬੀ ਕਵਿਤਾ ਵਿਚ ਹਲਕੇ ਫੁਲਕੇ ਅੰਦਾਜ਼ ਵਿਚ ਜੀਵਨ-ਯਥਾਰਥ ਦੀ ਪੇਸ਼ਕਾਰੀ ਕਰਨ ਵਾਲੇ ਕਵੀਆਂ ਵਿਚ ਕਵੀ ਮਲਵਿੰਦਰ ਦਾ ਖਾਸ ਯੋਗਦਾਨ ਹੈ।'ਗ਼ੈਰਹਾਜ਼ਰ ਪੈੜਾਂ ਦੀ ਕਥਾ', 'ਕਾਇਆ ਦੇ ਹਰਫ਼', 'ਚਿੜੀਆਂ ਦਾ ਪਿੰਡ', 'ਬਿਨ ਸਿਰਲੇਖ' ਕਾਵਿ-ਸੰਗ੍ਰਹਿਆਂ ਤੋਂ ਪਿੱਛੋਂ ਛਪੇ ਉਸਦੇ ਕਾਵਿ ਸੰਗ੍ਰਹਿ,'ਸਵਾਲ ਨਾ ਕਰ' ਵਿਚ ਵੀ ਅਜਿਹੀ ਪੇਸ਼ਕਾਰੀ ਦਾ ਸਬੂਤ ਮਿਲਦਾ ਹੈ।

'ਸਵਾਲ ਨਾ ਕਰ' (ਪੰਨੇ 120, ਮੁੱਲ 195 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਕਾਵਿ ਪੁਸਤਕ ਵਿਚਲੀਆਂ ਕਵਿਤਾਵਾਂ ਵਿਚ ਜੀਵਨ-ਯਥਾਰਥ ਦੇ ਕਈ ਸੂਖਮ ਸਰੋਕਾਰਾਂ ਦੀ ਪੇਸ਼ਕਾਰੀ ਸਹਿਜ ਤਰੀਕੇ ਵਾਲੀ ਸੰਬੋਧਨਮਈ ਕਾਵਿ-ਸ਼ੈਲੀ ਰਾਹੀਂ ਹੋਈ ਹੈ। ਕਵੀ ਮਲਵਿੰਦਰ ਦਾ ਵਿਸ਼ਵਾਸ ਹੈ ਕਿ ਜੇ ਕਵਿਤਾ ਨੂੰ ਜਨ-ਸਾਧਾਰਨ ਵਿਚ ਚੇਤਨਾ ਲਿਆਉਣ ਵਾਲਾ ਸਾਧਨ ਬਣਾਉਣਾ ਹੈ ਤਾਂ ਇਸਨੂੰ ਭਾਰੇ-ਭਰਕਮ ਸ਼ਬਦਾਂ ਦੇ ਭਾਰ ਅਤੇ ਬੁੱਧੀ-ਮੰਡਲ ਦੀ ਕੈਦ ਤੋਂ ਮੁਕਤ ਰੱਖਣਾ ਪਵੇਗਾ। ਪ੍ਰਮਾਣ ਵਜੋਂ ਉਸ ਦੀਆਂ ਇਹਨਾਂ ਕਾਵਿ-ਸਤਰਾਂ ਨੂੰ ਪੇਸ਼ ਕੀਤਾ ਜਾ ਸਕਦਾ ਹੈ:

ਜਦ ਵੀ ਲਿਖਣ ਬੈਠਦਾਂ
ਜਟਿਲ ਸ਼ਬਦਾਂ ਦੇ ਭਾਰ ਹੇਠ/ ਦਬ ਜਾਂਦੀ ਰੂਹ ਕਵਿਤਾ ਦੀ
ਮੈਂ ਢੂੰਡਦਾ ਰਹਿ ਜਾਨਾਂ/ ਨਜ਼ਮ'ਚੋਂ ਮਾਸੂਮੀਅਤ ਤੇਰੀ
ਕਿੰਨਾ ਕਠਿਨ ਹੈ...ਵਿਵਹਾਰ
ਤੇਰੇ ਆਲੇ-ਭੋਲੇ ਨੂੰ/ ਨਜ਼ਮ'ਚ ਸਾਕਾਰ ਕਰਨਾ

ਮਲਵਿੰਦਰ ਆਪਣੀ ਕਵਿਤਾ ਲਿਖਣ ਲਈ ਨਾ ਕੇਵਲ ਰੂਪਕ ਪੱਖੋਂ ਸ਼ਬਦਾਂ ਦੇ ਭਾਰ ਤੇ ਬੌਧਿਕ ਅਡੰਬਰਾਂ ਤੋਂ ਹੀ ਮੁਕਤ ਹੋਣਾ ਚਾਹੁੰਦਾ ਹੈ ਬਲਕਿ ਰੂਹਾਂ ਦੇ ਮਿਲਾਪ ਲਈ ਉਮਰ, ਧਰਮ ਤੇ ਜਾਤਪਾਤ ਦੇ ਬੰਧਨਾਂ ਤੋਂ ਵੀ ਮੁਕਤ ਸਮਾਜ ਦੀ ਸਥਾਪਨਾ ਕਰਨਾ ਲੋਚਦਾ ਹੈ:

ਅਗਲੇ ਜਨਮ /ਤੂੰ ਜਿੱਥੇ ਮਰਜ਼ੀ ਜੰਮ ਪਵੀਂ
ਉਮਰ, ਧਰਮ, ਜਾਤ, ਗਰਾਂ ਵਾਲੇ
ਸਭ ਬੰਧਨ ਤੋੜ ਮੈਂ ਆਵਾਂਗਾ
ਮਿਲਾਂਗਾ ਤੈਨੂੰ ਵਿਚ ਚੁਰਸਤੇ

ਜਿੱਥੇ ਰਾਹ ਮਿਲਦੇ ਨੇ ਰਾਹਾਂ ਨੂੰ

ਮਲਵਿੰਦਰ ਦੀ ਕਵਿਤਾ ਦੱਸ ਪਾਉਂਦੀ ਹੈ ਕਿ ਤਕਨਾਲੋਜੀ ਦੇ ਵਿਕਾਸ ਨਾਲ ਮਨੁੱਖ ਜਿੰਨਾ ਦੂਜੇ ਮਨੁੱਖਾਂ ਦੇ ਨੇੜੇ ਹੋਇਆ ਹੈ ਓਨਾ ਹੀ ਉਹ ਆਪਣੇ ਆਪ ਤੋਂ ਦੂਰ ਹੋ ਗਿਆ ਹੈ। ਸੰਚਾਰ ਸਾਧਨਾਂ ਵਿਚ ਆਈ ਕ੍ਰਾਂਤੀ ਨੇ ਜਿੱਥੇ ਸੰਸਾਰ ਦੇ ਦੇਸ਼ਾਂ ਨੂੰ ਇਕ ਗਲੋਬਲ ਪਿੰਡ ਬਣਾ ਦਿੱਤਾ ਹੈ ਉੱਥੇ ਸਥਾਨਕ ਸਭਿਆਚਾਰਾਂ ਅੰਦਰ ਵਿਗਾੜ ਵੀ ਪੈਦਾ ਕੀਤੇ ਹਨ। ਮਲਵਿੰਦਰ ਨੇ ਅਜਿਹੇ ਵਿਗਾੜਾਂ ਨੂੰ ਪੰਜਾਬ ਦੇ ਪੇਂਡੂ ਸਭਿਆਚਾਰ ਦੇ ਬਦਲੇ ਮੂੰਹ-ਮੁਹਾਂਦਰੇ ਦੇ ਰੂਪ 'ਚ ਪਛਾਣਿਆ ਹੈ। ਪਿੱਪਲਾਂ ਤੇ ਬੋਹੜਾਂ ਦੀਆਂ ਛਾਂਵਾਂ ਥੱਲੇ ਪੈਣ ਵਾਲੀਆਂ ਸਾਂਝਾਂ ਦੀਆਂ ਪੀਂਘਾਂ ਟੁੱਟ ਰਹੀਆਂ ਹਨ, ਖੂਹਾਂ ਤੋਂ ਟਿੰਡਾਂ ਤੇ ਮਾਹਲ ਲੁਪਤ ਹੋ ਗਏ ਹਨ, ਚਰਖੇ ਦੀ ਘੂਕਰ ਸੁਣਾਈ ਨਹੀਂ ਦਿੰਦੀ। ਮੁਨੀਟਰ ਦੀ ਰੰਗ-ਬਿਰੰਗੀ ਦੁਨੀਆਂ ਦੀ ਚਕਾਚੌਂਧ ਨੌਜਵਾਨ ਪੀਹੜੀ ਨੂੰ ਪੰਜਾਬ ਦੀ ਅਮੀਰ ਵਿਰਾਸਤ ਦੇ ਵਿਭਿੰਨ ਰੰਗਾਂ ਨੂੰ ਪਛਾਣਨ ਤੋਂ ਦੂਰ ਕਰ ਰਹੀ ਹੈ।

ਮਲਵਿੰਦਰ ਦੀ ਕਵਿਤਾ ਦਿਸਦੇ ਤੇ ਅਣਦਿਸਦੇ ਸੰਸਾਰਾਂ ਦੀ ਬਾਤ ਪਾਉਂਦੀ ਹੈ। ਅੱਜੋਕੇ ਮਨੁੱਖ ਨੂੰ ਜਦ ਦਿਸਦੇ ਸੰਸਾਰ ਦੀਆਂ ਬਹੁਤੀਆਂ ਸਥਿਤੀਆਂ ਰਾਸ ਨਹੀਂ ਆਉਂਦੀਆਂ ਤਾਂ ਉਹ ਅਣਦਿਸਦੇ ਸੰਸਾਰ ਵਿਚ ਵਿਚਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਇੰਝ ਉਹ ਮਾਨਸਿਕ ਤਸੱਲੀ ਮਹਿਸੂਸ ਕਰਦਾ ਹੈ:

ਇਕੱਲਤਾ ਭੋਗਦਿਆਂ/ ਕੋਈ ਹੈ ਤੁਹਾਡੇ ਅੰਗ-ਸੰਗ
ਕਹਿਕਹੇ ਵਰਗਾ ਲਾਪ੍ਰਵਾਹ ਛਿਣ
ਮਹਿਸੂਸ ਕਰੋ-ਮਹਿਸੂਸ ਕਰੋ
ਮਹਿਸੂਸ ਕੀਤਿਆਂ ਭਰ ਜਾਂਦੀਆਂ/ ਜ਼ਿੰਦਗੀ ਦੀਆਂ ਖਾਲੀ ਥਾਵਾਂ

ਕਵੀ ਨੇ 'ਚੈਟਿੰਗ ਕਰਦਿਆਂ' ਤੇ 'ਅੱਜ ਫਿਰ' ਸਿਰਲੇਖ ਵਾਲੀਆਂ ਕਵਿਤਾਵਾਂ ਵਿਚ ਨਵੀਂ ਨਸਲ ਦੇ ਨਵੇਂ ਰਿਸ਼ਤਿਆਂ ਦੀ ਸਿਰਜਣ ਪ੍ਰਕਿਰਿਆ ਉੱਤੇ ਚਿੰਤਾ ਪ੍ਰਗਟਾਈ ਹੈ। 'ਚੈਟਿੰਗ' ਕਰਦਿਆਂ ਬਣੇ ਰਿਸ਼ਤਿਆਂ ਦਾ ਨਾ ਕੋਈ ਨਾਂ ਹੁੰਦਾ ਹੈ ਤੇ ਨਾ ਕੋਈ ਹੋਂਦ ਹੁੰਦੀ ਹੈ। ਸਿਰਫ ਇਕ ਅਹਿਸਾਸ ਹੁੰਦਾ ਹੈ। ਮਨੁੱਖੀ ਰਿਸ਼ਤਿਆਂ ਨਾਲ ਇੰਝ ਖਿਡੌਣੇ ਵਾਂਗ ਖੇਡਦੀ ਸਾਮਰਾਜੀ ਪ੍ਰਕਿਰਿਆ ਨੂੰ ਦਰਸਾ ਕੇ ਕਵੀ ਨੇ ਰਿਸ਼ਤਿਆਂ ਅੰਦਰਲੀ ਮਾਸੂਮੀਅਤ ਦੇ ਖੁਰਨ ਵੱਲ ਇਸ਼ਾਰਾ ਕੀਤਾ ਹੈ:

ਅਹਿਸਾਸ ਵਿਹੂਣੇ ਨਹੀਂ ਹੋ ਸਕਣਾ ਅਸੀਂ
ਕਿਉਂ ਚੰਗਾ ਲੱਗਦਾ ਹੈ ਤੈਨੂੰ ਰੁੱਸਣਾ
ਸ਼ਾਇਦ ਨਹੀਂ ਸਮਝ ਸਕਾਂਗਾ
ਤੇਰੀ ਉਮਰ ਹੀ ਸਮਝ ਸਕਦੀ ਹੈ

ਆਪਾਧਾਪੀ ਦੇ ਵਰਤਮਾਨ ਦੌਰ ਦੇ ਵਿਅਕਤੀ ਦੇ ਮਨ ਅੰਦਰ ਫ਼ਿਕਰ, ਭਟਕਣ ਤੇ ਉਦਾਸੀ ਹੈ। ਉਸ ਦੀਆਂ ਅੱਖਾਂ ਸਾਹਵੇਂ ਹਾਦਸਿਆਂ ਤੇ ਘਪਲਿਆਂ ਦੇ ਸਥਾਪਤ ਹੁੰਦੇ ਨਵੇਂ ਮਿਆਰ ਹਨ। ਨਸ਼ਿਆਂ ਦੀ ਤਸਕਰੀ, ਨੇਤਾਵਾਂ ਦੀ ਝੂਠੀ ਬਿਆਨਬਾਜ਼ੀ ਤੇ ਅਫਸਰਸ਼ਾਹੀ ਦੀ ਮਾੜੀ ਕਾਰਗੁਜ਼ਾਰੀ ਵਰਗੇ ਵਰਤਾਰਿਆਂ ਅੰਦਰ ਉਸਦਾ ਦਮ ਘੁੱਟਦਾ ਜਾ ਰਿਹਾ ਹੈ। ਜਿਸਨੂੰ ਮਹਿਸੂਸ ਕਰਕੇ ਮਲਵਿੰਦਰ ਆਪਣੇ ਕਾਵਿ-ਪਾਤਰਾਂ ਨੂੰ ਮਿਹਨਤ ਤੇ ਸੰਘਰਸ਼ ਕਰਨ ਦੇ ਰਾਹਾਂ ਉੱਤੇ ਤੋਰਦਾ ਹੈ:

ਜੇ ਤੂੰ ਚਾਹੁੰਦੀ ਏਂ/ ਤਲੀ 'ਚ ਉਮਰ ਦੀ ਲਕੀਰ ਲੰਮੀ

ਤੁਰ ਉਹਨਾਂ ਲੋਕਾਂ ਨਾਲ/ ਜੋ ਲਕੀਰਾਂ ਨੂੰ ਨਹੀਂ
ਹੱਥਾਂ ਨੂੰ ਪਿਆਰ ਕਰਦੇ/ ਸੰਘਰਸ਼ ਕਰਦੇ
ਗੁਰਬਤ ਢੋਂਦੇ/ ਲੰਮੀ ਉਮਰ ਭੋਗਦੇ
ਤੂੰ ਵੀ ਭੋਗ ਲੰਮੀ ਉਮਰ/ ਮੈਂ ਤੇਰੇ ਹੱਥਾਂ ਨੂੰ ਚੁੰਮਾਂਗਾ

ਮਲਵਿੰਦਰ ਕੋਲ ਇਕ ਸਮਾਜ-ਸ਼ਾਸਤਰੀ ਵਾਲਾ ਨਜ਼ਰੀਆ ਹੈ ਜਿਸ ਰਾਹੀਂ ਉਹ ਵਰਤਮਾਨ ਦੀਆਂ ਸਮੱਸਿਆਵਾਂ ਨੂੰ ਪੈਦਾ ਕਰਨ ਵਾਲੇ ਕਾਰਨਾਂ ਦੀ ਤਹਿ ਤਕ ਲੱਥ ਜਾਂਦਾ ਹੈ। ਉਸਨੇ ਅੱਜੋਕੇ ਮਨੁੱਖ ਦੀ ਬੇਚੈਨੀ ਦਾ ਮੂਲ ਕਾਰਨ ਉਸਦੀ ਭੂਤਕਾਲ ਵਿਚ ਵਿਚਰਨ ਵਾਲੀ ਸੋਚ ਨੂੰ ਮੰਨਿਆ ਹੈ। ਉਹ ਇਕ ਅਜਿਹੇ ਸਮਾਜ ਦੀ ਕਲਪਨਾ ਕਰਦਾ ਹੈ ਜੋ ਰੂਹਾਂ ਦੇ ਮਿਲਾਪ ਲਈ ਉਮਰ, ਧਰਮ ਤੇ ਜਾਤਪਾਤ ਦੇ ਬੰਧਨਾਂ ਤੋਂ ਮੁਕਤ ਹੋਵੇ। ਜਿੱਥੇ ਜਾਤਪਾਤ ਤੋਂ ਉੱਪਰ ਉੱਠ ਕੇ ਅਣਖ ਖਾਤਰ ਹੋਣ ਵਾਲੇ ਕਤਲਾਂ ਨੂੰ ਰੋਕਿਆ ਜਾ ਸਕੇ। ਹਰਿਆਣਾ ਪ੍ਰਾਂਤ ਦੀਆਂ ਖਾਪ ਪੰਚਾਇਤਾਂ ਦੇ ਸਖਤ ਸਮਾਜਕ ਕਾਨੂੰਨਾਂ ਦੀ ਨਿੰਦਿਆ ਕਵੀ ਨੇ ਏਸੇ ਧਰਾਤਲ 'ਤੇ ਕੀਤੀ ਹੈ। ਸਮਾਜ ਮਨੁੱਖੀ ਰਿਸ਼ਤਿਆਂ ਨੂੰ ਇਕ ਉਮਰ ਹੱਦ ਤੇ ਸਾਕਾਦਾਰੀ ਪ੍ਰਬੰਧ ਦੇ ਨਿਯਮਾਂ ਵਿਚ ਬੰਨ੍ਹ ਕੇ ਸੁਚੱਜੇ ਸਮਾਜਕ-ਸਭਿਆਚਾਰਕ ਪ੍ਰਬੰਧ ਦਾ ਨਿਰਮਾਣ ਕਰਦਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਰਿਸ਼ਤਿਆਂ ਵਿਚਲਾ ਸੁਹੱਪਣ ਤੇ ਮਰਯਾਦਾ ਭੰਗ ਹੋਣਾ ਨਿਸ਼ਚਤ ਹੈ। ਪਰ ਮਲਵਿੰਦਰ ਆਪਣੀਆਂ ਕਈ ਕਵਿਤਾਵਾਂ ਵਿਚ ਉਮਰਾਂ ਦੀ ਹੱਦਬੰਦੀ ਨੂੰ ਮੂਲੋਂ ਨਕਾਰਦਾ ਹੈ ਅਤੇ ਇਸਨੂੰ ਮਾਨਵੀ ਦੁਖਾਂਤ ਲਈ ਜ਼ਿੰਮੇਵਾਰ ਮੰਨਦਾ ਹੈ:

ਅਗਲੇ ਜਨਮ/ ਤੂੰ ਉਮਰ ਮੇਰੀ ਦੀ/ ਹਾਨਣ ਬਣ ਜਾਵੀਂ
ਉਮਰਾਂ ਦੇ ਖੱਪੇ/ ਰਾਹਾਂ ਵਿਚ ਕੰਡੇ/ ਮਿਲਣ ਨਾ ਦਿੰਦੇ ਚਾਵਾਂ ਨੂੰ

ਉਮਰ ਦਾ ਹੇਰਵਾ/ ਸਿਰਫ ਸਾਡੇ ਕੋਲ
ਅਸੀਂ/ ਨਾ ਹਵਾ-ਨਾ ਪੰਛੀ-ਨਾ ਜਾਨਵਰ
ਮਨੁੱਖ ਹੋਣ ਦੀ ਸਜ਼ਾ/ ਭੁਗਤ ਰਹੇ ਹਾਂ

ਬਦਲਦੇ ਸਮੇਂ ਵਿਚ ਕਵੀ ਦਾ ਪਿਆਰ ਬਾਰੇ ਦ੍ਰਿਸ਼ਟੀਕੋਣ ਵਾਰਿਸ ਦੇ ਪਿਆਰ ਬਾਰੇ ਬਣੇ ਦ੍ਰਿਸ਼ੀਕੋਣ ਤੋਂ ਬਿਲਕੁੱਲ ਭਿੰਨ ਹੈ। ਕਵੀ ਅਨੁਸਾਰ ਅੱਜ ਦਾ ਰਾਂਝਾ ਹੀਰ ਦੀ ਪ੍ਰਾਪਤੀ ਲਈ ਨਾ ਤਖਤ ਹਜ਼ਾਰਾ ਛੱਡ ਸਕਦਾ ਹੈ ਅਤੇ ਨਾ ਹੀ ਕੰਨ ਪੜਵਾ ਕੇ ਬਾਰਾਂ ਸਾਲ ਮੱਝੀਆਂ ਚਰਾ ਸਕਦਾ ਹੈ। ਅੱਜ ਦਾ ਰਾਂਝਾ ਤਾਂ ਹੀਰ ਨੂੰ ਆਪਣੇ ਹਾਣ ਸੰਗ ਉਮਰ ਬਿਤਾਉਂਦੀ ਨੂੰ ਵੇਖ ਕੇ ਕੇਵਲ ਖੁਸ਼ ਹੋ ਉੱਠਦਾ ਹੈ:

ਚਾਹਾਂ/ ਤੂੰ ਆਪਣੀ ਉਮਰ ਸੰਗ/ ਪਰਚੀ ਰਹੇਂ
ਆਪਣੇ ਹਾਣ ਸੰਗ, ਖੇਡਦੀ ਰਹੇਂ
ਖਿਆਲ ਵੀ ਨਾ ਆਵੇ ਮੇਰਾ/ ਤਿਤਲੀਆਂ ਮਗਰ ਦੌੜਦੀ ਨੂੰ
ਮੇਰੀ ਹੋਂਦ ਤੋਂ ਬੇਖਬਰ/ ਅੰਬਰ'ਤੇ ਪੀਂਘ ਪਾਉਂਦੀ ਨੂੰ/ ਤਕ ਖੁਸ਼ ਹੁੰਦਾ ਰਹਾਂ
ਏਨਾ ਕੁ ਰਿਸ਼ਤਾ/ ਏਨਾ ਕੁ ਮੋਹ ਵੀ/ ਵਾਰਸ ਦੀ ਹੀਰ ਹੋ ਸਕਦਾ-

ਮਲਵਿੰਦਰ ਦੀ ਕਵਿਤਾ 'ਮੁਹੱਬਤ' ਵਰਗੇ ਸ਼ਬਦ ਦੇ ਕਾਇਨਾਤ ਜਿੰਨੇ ਵਿਸ਼ਾਲ ਅਰਥਾਂ ਨੂੰ ਸਮਝਣ ਦੀ ਜਗਿਆਸਾ ਹੈ। ਚਾਹਤ ਦੀ ਪਿਆਸ ਨੂੰ ਬੁਝਾਉਣ ਦਾ ਤਰਲਾ ਹੈ। ਰੁਝੇਵਿਆਂ ਭਰਪੂਰ ਜੀਵਨ ਵਿਚ ਕੁਝ ਕੁ ਸੁਖਦ ਪਲਾਂ ਲਈ ਲੋਚਣ ਦਾ ਹਾੜ੍ਹਾ ਹੈ। ਰਿਸ਼ਤਿਆਂ ਲਈ ਉਮਰਾਂ ਦਾ ਸਵਾਲ ਨਾ ਪਾਉਣ ਵਾਲਾ ਵਰਤਾਰਾ ਹੈ। **-ਗੁਰਦੀਪ ਕੌਰ**

ਲਸਰਾਂ ਵਾਲਾ ਪਰਦਾ (ਕਹਾਣੀ ਸੰਗ੍ਰਹਿ) ਤਰਸਪਾਲ ਕੌਰ

ਤਰਸਪਾਲ ਕੌਰ ਪੰਜਾਬੀ ਸਾਹਿਤ-ਜਗਤ ਵਿਚ ਉੱਭਰ ਰਿਹਾ ਨਾਂ ਹੈ। ਉਸਦੀ ਰਚਨਾਤਮਕ ਪ੍ਰਾਪਤੀ ਵਿਚ 'ਚਾਤ੍ਰਿਕ ਕਾਵਿ: ਲੋਕ ਧਾਰਾਈ ਅਧਿਐਨ', ਸਾਂਝਾ ਕਹਾਣੀ ਸੰਗ੍ਰਹਿ 'ਸੰਤਾਪ' ਤੇ ਕਾਵਿ-ਸੰਗ੍ਰਹਿ 'ਬੇਨਾਮ ਸਿਰਨਾਵੇਂ' ਪੁਸਤਕਾਂ ਸ਼ਾਮਲ ਹਨ। ਵਿਚਾਰ ਅਧੀਨ ਪੁਸਤਕ 'ਲਸਰਾਂ ਵਾਲਾ ਪਰਦਾ' (ਸੰਗਮ ਪਬਲੀਕੇਸ਼ਨਜ਼, ਸਮਾਣਾ, ਪੰਨੇ 104 ਮੁੱਲ 150 ਰੁਪਏ) ਉਸਦਾ ਪਲੇਠਾ ਕਹਾਣੀ ਸੰਗ੍ਰਹਿ ਹੈ, ਜਿਸ ਵਿਚ ਤੇਰਾਂ ਕਹਾਣੀਆਂ ਸ਼ਾਮਲ ਹਨ। '

ਲਸਰਾਂ ਵਾਲਾ ਪਰਦਾ' ਕਹਾਣੀ ਸੰਗ੍ਰਹਿ ਵਿਚ ਸ਼ਾਮਲ ਸਾਰੀਆਂ ਕਹਾਣੀਆਂ ਜਿੱਥੇ ਆਧੁਨਿਕ ਜੀਵਨ ਦੇ ਯਥਾਰਥ ਦੀ ਤਰਜਮਾਨੀ ਕਰਦੀਆਂ ਹਨ, ਉੱਥੇ ਲੇਖਿਕਾ ਦੀ ਨਾਰੀਵਾਦੀ ਸੰਵੇਦਨਾ ਦੀ ਵੀ ਭਰਪੂਰ ਝਲਕ ਪੇਸ਼ ਕਰਦੀਆਂ ਹਨ। ਅੱਜ ਦੀ ਔਰਤ ਜੋ ਆਰਥਿਕ ਤੇ ਸਮਾਜਕ ਰੁਤਬੇ ਪੱਖੋਂ ਮਰਦ ਦੇ ਬਰਾਬਰ ਆ ਚੁੱਕੀ ਹੈ, ਉਹ ਸਮਾਜ ਲਈ ਵੀ ਕੁਝ ਕਰਨਾ ਲੋਚਦੀ ਹੈ। ਐਪਰ ਘਰ ਪਰਿਵਾਰ ਤੋਂ ਬਾਹਰ ਹੋਈ ਉਸਦੀ ਪ੍ਰਸਿੱਧੀ ਜਾਂ ਚੇਤਨਤਾ ਸਹਿਜੇ ਕੀਤੇ ਕਬੂਲੀ ਨਹੀਂ ਜਾਂਦੀ। ਤਰਸਪਾਲ ਦੀਆਂ ਅਜਿਹੀਆਂ ਨਾਇਕ ਇਸਤਰੀਆਂ ਕਿਤੇ ਕਿਤੇ ਤਾਂ ਮਾਨਸਿਕ ਤੌਰ 'ਤੇ ਸਾਂਵੀਆਂ ਵਿਚਰਨ ਲਈ ਸਮਾਜਕ ਸੱਭਿਆਚਾਰਕ ਮਾਪਦੰਡਾਂ ਤੋਂ ਲਾਂਭੇ ਜਾਂਦੀਆ ਹਨ, ਜਿਵੇਂ 'ਲਸਰਾਂ ਵਾਲਾ ਪਰਦਾ' ਦੀ ਮਿਸਜ਼ ਗਿੱਲ ਅਤੇ 'ਉੱਤੋਂ ਉੱਤੋਂ ਜ਼ਿੰਦਗੀ' ਵਿਚਲੀ ਹਰਵੀਰ। 'ਲਸਰਾਂ ਵਾਲਾ ਪਰਦਾ' ਵਿਚ ਮਿਸਜ਼ ਗਿੱਲ ਉਰਫ਼ ਮਿਹਰ ਆਪਣੇ ਪਤੀ ਦੀ ਬੇਰੁਖੀ ਦੇ ਪਰਦੇ ਵਿਚੋਂ ਬਾਹਰ ਨਿੱਕਲਣ ਦੇ ਆਹਰ ਵਿਚ ਹੈ ਜਦਕਿ 'ਉੱਤੋਂ ਉੱਤੋਂ ਜ਼ਿੰਦਗੀ ਜਿਉ' ਕਹਾਣੀ ਦੀ ਨਾਇਕਾ ਹਰਵੀਰ, ਮਰਜ਼ੀ ਦੀ ਜ਼ਿੰਦਗੀ ਜਿਉਂਦੀ ਹੈ ਤੇ ਆਪਣੀ ਧੀ ਨੂੰ ਵੀ ਮਰਜ਼ੀ ਕਰਨ ਤੋਂ ਰੋਕਦੀ ਨਹੀਂ। 'ਨੰਦੂ ਕਬਾੜੀਆਂ' ਕਹਾਣੀ ਦੀ ਨਾਇਕਾ ਕਵਿਤਾ ਇਕ ਸੰਵੇਦਨਸ਼ੀਲ ਨਾਰੀ ਹੈ, ਜਿਸਦਾ ਵਾਹ ਕਰੂਰ ਤੇ ਮਾਨਵੀ ਭਾਵਨਾਵਾਂ ਤੋਂ ਸੱਖਣੇ ਬੰਦੇ ਨਾਲ ਪੈਂਦਾ ਹੈ, ਜਿੱਥੇ ਉਸ ਨੂੰ ਘਰ ਦੇ ਸਾਰੇ ਸੁਖ ਸਾਧਨ ਫਜ਼ੂਲ ਲਗਦੇ ਹਨ। ਅੰਤ 'ਤੇ ਉਹ ਗ਼ਰੀਬੀ ਦੇ ਸ਼ਿਕਾਰ ਨੰਦੂ ਕਬਾੜੀਏ ਦੀ ਕੁੜੀ ਨੂੰ ਗੋਦ ਲੈ ਕੇ ਬਾਗ਼ੀ ਸੁਰ ਅਪਣਾਉਂਦੀ ਜੀਵਨ ਦਾ ਰਾਹ ਲੱਭਦੀ ਹੈ। ਅੱਜ ਦੇ ਯੁੱਗ ਵਿਚ ਮਰਦਾਂ ਦੇ ਵੱਖ ਵੱਖ ਮਖੌਟਿਆਂ ਨੂੰ ਤੇ ਦੋਗਲੇ ਕਿਰਦਾਰ ਨੂੰ 'ਚਿਹਰੇ' ਕਹਾਣੀ ਦੀ ਨਾਇਕਾ ਪ੍ਰੀਤ ਬੇਨਕਾਬ ਕਰਦੀ ਹੈ, ਜਦੋਂ ਉਸਦੀ ਹਮਦਰਦੀ ਨੂੰ ਸਾਥੀ ਪ੍ਰੋਫੈਸਰ ਉਸ 'ਤੇ ਲੱਟੂ ਹੋਣਾ ਸਮਝਦਾ ਹੈ।

ਤਰਸਪਾਲ ਦੀਆਂ ਸਿਰਜੀਆਂ ਨਾਇਕਾਵਾਂ ਸੋਹਣਾ ਸਮਾਜ ਬਣਾਉਣ ਲਈ ਸੰਘਰਸ਼ ਦੀ ਰਾਹ 'ਤੇ ਹਨ। ਕਹਾਣੀਆਂ ਵਿਚ ਆਏ ਇਹ ਨਾਰੀ ਪਾਤਰ ਅਕਸਰ ਸਮਾਜ ਨੂੰ ਬਦਲਣ ਲਈ ਤਤਪਰ ਤਾਂ ਹਨ ਪਰ ਪਰੰਪਰਕ ਪਹੁੰਚ ਵਾਲੇ ਆਪਣੇ ਘਰਦਿਆਂ ਦੇ ਅੱਗੇ ਹਾਰਦੇ ਹਨ। ਜਿਵੇਂ 'ਮਹਿਲਾ ਦਿਵਸ' ਦੀ ਨਾਇਕਾ ਸਮਾਜਕ ਕੁਰੀਤੀਆਂ ਵਿਰੁੱਧ ਡਟਦੀ ਹੈ ਪਰ ਉਸਦੇ ਆਪਣੇ ਘਰ ਦੇ ਮੈਂਬਰ ਭਰੂਣ ਹੱਤਿਆ 'ਚ ਪੂਰੇ ਸਹਿਯੋਗੀ ਹਨ। 'ਲੇਖਿਕਾ' ਕਹਾਣੀ ਦੀ ਨਾਇਕਾ ਰਾਜ, ਆਪਣੇ ਪੈਰਾਂ 'ਤੇ ਖੜ੍ਹੀ ਹੋਣ ਦੇ ਬਾਵਜੂਦ ਵੀ ਘਰਦਿਆਂ ਹੱਥੋਂ, ਯਾਨੀ ਆਪਣੇ ਮਾਂ-ਬਾਪ ਤੇ ਭਰਾ ਵੱਲੋਂ ਮਾਨਸਿਕ ਤਸ਼ੱਦਦ ਦੀ ਸ਼ਿਕਾਰ ਹੈ। ਸਮਾਜ ਨੂੰ ਰਾਹ ਦਰਸਾਉਣ ਵਾਲੀ ਇਹ ਲੇਖਿਕਾ ਖੁਦਕਸ਼ੀ ਕਰਨ ਲਈ ਮਜਬੂਰ ਹੈ।

ਕਹਾਣੀ ਸੰਗ੍ਰਹਿ ਵਿਚ ਦਰਜ ਸਾਰੀਆਂ ਹੀ ਕਹਾਣੀਆ ਦੇ ਵਿਸ਼ੇ ਸਮਕਾਲੀ ਯਥਾਰਥ ਦੀ ਤਰਜਮਾਨੀ ਕਰਦੇ ਹਨ। 'ਪਿਆਰਾ' ਕਹਾਣੀ ਦੀ ਆਮਨਾ ਕਲਾ ਨੂੰ ਸਮਰਪਤ ਹੈ, ਉਹ ਵਿਆਹ ਦੇ ਬੰਧਨ ਵਿੱਚ ਨਹੀਂ ਪੈਂਦੀ ਅਤੇ ਆਪਣੀ ਕਲਾ ਨੂੰ ਅੱਜ ਦੇ ਯੁੱਗ ਵਿਚ ਮੁਨਾਫ਼ੇ ਵਾਲੀ ਵਸਤੂ ਨਹੀਂ ਬਣਨ ਦੇਣਾ ਚਾਹੁੰਦੀ। ਐਪਰ ਕਲਾ ਦੇ ਖੇਤਰ ਵਿਚ ਸਥਾਪਤ ਲੋਕਾਂ ਦਾ ਗ਼ਲਬਾ ਹੈ ਅਤੇ ਇਹਨਾਂ ਲਈ ਕਲਾ ਮੁਨਾਫ਼ਾ ਹਾਸਲ ਕਰਨ ਤੋਂ ਵੱਧ ਕੁਝ ਨਹੀਂ। ਅੱਜ ਸਾਡੀ ਕਹਿਣੀ ਅਤੇ ਕਰਨੀ ਵਿਚ ਬਹੁਤ ਵੱਡਾ ਖੱਪਾ ਹੈ। ਇਸੇ ਖੱਪੇ ਨੂੰ 'ਕਾਮਰੇਡ ਦੀ ਧੀ' ਵਿਚ ਭਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਕਹਾਣੀ ਵਿਚ ਜਾਤ-ਪਾਤ ਦੇ ਖਾਤਮੇ ਤੇ ਅੰਤਰਜਾਤੀ ਜੋੜਿਆਂ ਨੂੰ ਸਨਮਾਨਤ ਕਰਨ ਦੇ ਨਾਹਰੇ ਲਾਉਂਦੇ ਪਾਰਟੀ ਦੇ ਸਰਗਰਮ ਆਗੂ ਸ਼ਮਸ਼ੇਰ ਸਿੰਘ ਦੀ ਪੜ੍ਹੀ-ਲਿਖੀ ਚੇਤਨ ਕੁੜੀ ਨਵਨੀਤ ਜਦੋਂ ਛੋਟੀ ਜਾਤ ਦੇ ਮੁੰਡੇ ਗੁਰਬੀਰ ਦੇ ਨਾਲ ਵਿਆਹ ਕਰਨਾ ਚਾਹੁੰਦੀ ਹੈ ਤਾਂ ਉਹ ਕਹਿੰਦਾ ਹੈ: 'ਤੇਰੀ ਮੱਤ ਤਾਂ ਨਹੀਂ ਮਾਰੀ ਗਈ... ਸਾਲੀ ਨਿੱਕੀ ਸੁੱਕੀ ਜਾਤ...'। ਅਤੇ ਨਵਨੀਤ ਦੇ ਕੋਰਟ ਮੈਰਿਜ ਕਰਾਉਣ 'ਤੇ ਉਸਦੇ ਧਮਕੀ ਵਾਲੇ ਬੋਲ ਹਨ:'ਮੈਂ ਦੋਹਾਂ ਨੂੰ ਭੁੰਨ ਕੇ ਰੱਖ ਦੂੰ'। ਅਤੇ ਚੋਣਾਂ ਦੌਰਾਨ ਜਲਸੇ ਵਿਚ ਜਦੋਂ ਅੰਤਰ-ਜਾਤੀ ਵਿਆਹ ਕਰਾਉਣ ਵਾਲੇ ਜੋੜਿਆ ਦਾ ਸਨਮਾਨ ਕੀਤਾ ਜਾਣਾ ਹੈ ਤਾਂ ਉਹ ਡੌਰ ਭੌਰ ਹੋਇਆ ਦੇਖਦਾ ਹੈ। 'ਟੇਕ ਕੇਅਰ' ਅਤੇ 'ਸੀਟਾਂ 'ਤੇ ਸੌਣਾ ਮਨ੍ਹਾਂ ਹੈ' ਨਾਂ ਦੀਆਂ ਕਹਾਣੀਆਂ ਦਰਸਾਉਂਦੀਆਂ ਹਨ ਕਿ ਅੱਜ ਦੇ ਦੌਰ ਦੇ ਇਨਸਾਨ ਕਿਵੇਂ ਮਨੁੱਖੀ ਕਦਰਾਂ-ਕੀਮਤਾਂ ਤੋਂ ਸੱਖਣੇ ਹਨ। 'ਟੇਕ ਕੇਅਰ' ਵਿਚ ਲੰਡਨ ਰਹਿੰਦੀ ਬਜ਼ੁਰਗ ਔਰਤ ਦੇ ਮੁੰਡੇ ਕੋਲ ਉਸਦੇ ਲਈ ਪੰਜ ਮਿੰਟ ਵੀ ਨਹੀਂ ਹਨ। ਆਪਣੇ ਬਿਜ਼ੀ ਸ਼ਡਿਊਲ ਕਾਰਨ ਉਹ ਕਾਹਲ਼ ਵਿਚ ਹੀ ਰਹਿੰਦਾ ਹੈ ਅਤੇ ਮਾਂ ਤੋਂ ਉਸਦੀ ਮਲਕੀਅਤ ਵਾਲਾ ਮਕਾਨ ਆਪਣੇ ਨਾਂ ਕਰਾਉਣਾ ਚਾਹੁੰਦਾ ਹੈ ਜਦੋਂ ਕਿ ਮਾਂ ਦੀ ਇੱਛਾ ਇੰਡੀਆ ਰਹਿੰਦੇ ਗ਼ਰੀਬ ਭਤੀਜੇ ਦੀ ਮਦਦ ਕਰਨ ਦੀ ਹੈ। ਬਜ਼ੁਰਗ ਔਰਤ ਦਾ ਰਾਤੋ ਰਾਤ ਮਰਨਾ ਸੰਦੇਹ ਭਰਪੂਰ ਹੈ। 'ਸੀਟਾਂ 'ਤੇ ਸੌਣਾ ਮਨ੍ਹਾ ਹੈ' ਵਿਚ ਬੀਮਾਰ ਬਜ਼ੁਰਗ ਪਾਤਰ ਨੂੰ ਜਦੋਂ ਸੀਟਾਂ ਤੋਂ ਉਠਾ ਦਿੱਤਾ ਜਾਂਦਾ ਹੈ ਤਾਂ ਉਹ ਹੇਠਾਂ ਸੁੱਤਾ ਹੀ ਪ੍ਰਾਣ ਤਿਆਗ ਦਿੰਦਾ ਹੈ।

ਤਰਸਪਾਲ ਕੌਰ ਦੀ ਕਹਾਣੀ ਵਿਚ ਪੇਸ਼ ਰਿਸ਼ਤਿਆਂ ਦੇ ਅਧਿਐਨ ਤੋਂ ਜਿੱਥੇ ਰਿਸ਼ਤਿਆਂ ਦੀਆਂ ਤ੍ਰੇੜਾਂ, ਰਿਸ਼ਤਿਆਂ ਦਾ ਸੱਖਣਾਪਣ, ਰਿਸ਼ਤਿਆ ਵਿਚਲੇ ਮਖੌਟੇ, ਆਦਿ ਦੀ ਪੇਸ਼ਕਾਰੀ ਹੋਈ ਹੈ, ਉੱਥੇ ਉਸਦੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੀ ਪਾਕੀਜ਼ਗੀ ਵੀ ਪ੍ਰਗਟ ਹੁੰਦੀ ਹੈ। ਔਰਤ ਮਰਦ ਦੇ ਰਿਸ਼ਤੇ ਤੋਂ ਉਪਰ ਉੱਠੇ ਉਸਦੇ ਪਾਤਰ ਪਾਕੀਜ਼ਗੀ ਦੀ ਪਰਿਕਰਮਾ ਕਰਦੇ ਹਨ ਜਿਵੇਂ ਆਮਨਾ ਮਿੰਟੋ ਦਾ ਬਣਦਾ ਰਿਸ਼ਤਾ, ਨੈਬਾ ਅੰਬੋ ਤੇ ਬਾਬਾ ਆਤਮਾ ਸਿੰਘ ਦਾ ਰਿਸ਼ਤਾ, ਮਿਸ਼ਜ ਗਿੱਲ ਤੇ ਸ਼ਕੀਲ ਦਾ ਰਿਸ਼ਤਾ, ਨਾਜ਼ੀ ਤੇ ਬਿਕਰਮ ਦਾ ਰਿਸ਼ਤਾ, ਆਦਿ। 'ਮੀਟ ਮਾਰਕਿਟ' ਦੀ ਲਾਜੋ ਉਰਫ ਜੰਨਤ ਬੀਬੀ, ਵੈਂਡ ਦੇ ਦੁਖਾਂਤ ਦੇ ਫਲਸਰੂਪ ਜਿਸਮ ਵੇਚਣ ਲਈ ਮਜਬੂਰ ਹੈ। ਆਪਣੇ ਧੰਦੇ ਦੀ ਤੁਲਨਾ ਉਹ ਮੀਟ ਮਾਰਕਿਟ ਨਾਲ ਕਰਦੀ ਹੈ. ਜਿੱਥੇ ਮੁਰਦਾ ਮਾਸ ਦੀ ਥਾਂ ਜਿਉਂਦਾ ਮਾਸ ਵੇਚਿਆ ਜਾਂਦਾ ਹੈ। ਇਹ ਕਹਾਣੀ ਸੰਵੇਦਨਸ਼ੀਲ ਪਾਠਕ ਨੂੰ ਧੁਰ ਅੰਦਰ ਤਕ ਝੰਜੋੜ ਜਾਂਦੀ ਹੈ।

ਤਰਸਪਾਲ ਦੇ ਪਾਤਰ ਜੀਵਨ-ਯਥਾਰਥ ਦੇ ਨੇੜੇ ਹਨ, ਹੋਣੀਆਂ ਨਾਲ ਜੂਝਦੇ ਹਨ, ਦਿਖਾਵੇ ਛਲਾਵੇ ਵਾਲੀ ਜ਼ਿੰਦਗੀ ਦਾ ਸੱਚ ਉਘਾੜਦੇ ਹਨ। ਅਕਸਰ ਪਾਤਰ ਆਪਣੀ ਨਿਰਾਸਤਾ, ਇਕੱਲਤਾ ਖਤਮ ਕਰਕੇ ਸਾਂਵੀ ਪੱਧਰੀ ਜ਼ਿੰਦਗੀ ਜਿਉਣ ਦੇ ਰਾਹ 'ਤੇ ਤੁਰਦੇ ਹਨ। ਮਾਨਵੀ ਭਾਵਨਾਵਾਂ ਨਾਲ ਓਤਪੋਤ ਇਹ ਪਾਤਰ ਅਜਿਹੇ ਰਿਸ਼ਤੇ ਚਾਹੁੰਦੇ ਹਨ ਜਿੱਥੇ

ਪਿਆਰ ਵਰਗਾ ਸੱਚਾ ਸੁੱਚਾ ਅਹਿਸਾਸ ਹੋਵੇ। ਸਮਾਜ ਵਿਚ ਵਰਜਿਤ ਰਿਸ਼ਤਿਆਂ ਦੀ ਮਜਬੂਰੀ ਨੂੰ ਵੀ ਤਰਸਪਾਲ ਆਪਣੀਆਂ ਕਹਾਣੀਆਂ ਵਿਚ ਬਾਖੂਬੀ ਪ੍ਰਗਟਾਉਂਦੀ ਹੈ। ਕਥਾਨਕ ਦੀ ਬੁਣਤੀ ਬੜੀ ਸਹਿਜ ਹੈ, ਕੋਈ ਮੋਕਾ ਮੇਲ ਨਹੀਂ। ਸਾਰ ਤੱਤ ਵਜੋਂ ਕਿਹਾ ਜਾ ਸਕਦਾ ਹੈ ਕਿ ਤਰਸਪਾਲ ਕੌਰ ਦਾ ਇਹ ਕਹਾਣੀ ਸੰਗ੍ਰਹਿ ਉਸਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਦਾ ਹੈ, ਉਸਦੀ ਚੇਤਨਸ਼ੀਲ ਤੇ ਸੰਘਰਸ਼ਮਈ ਬਿਰਤੀ ਦਾ ਹੁੰਗਾਰਾ ਭਰਦਾ ਹੈ। ਉਸਤੋਂ ਹੋਰ ਚੰਗੀ ਪ੍ਰਾਪਤੀ ਦੀ ਆਸ ਨਾਲ ਮੈਂ ਤਰਸਪਾਲ ਦਾ ਇਹ ਕਹਾਣੀ ਸੰਗ੍ਰਹਿ ਪਾਠਕਾਂ ਨੂੰ ਪੜ੍ਹਨ ਦੀ ਸਿਫਾਰਸ਼ ਕਰਦੀ ਹਾਂ। **-ਪੁਸ਼ਵਿੰਦਰ ਕੌਰ**

ਪ੍ਰਾਪਤ ਪੁਸਤਕਾਂ

ਮੇਰੇ ਸਾਰੇ ਲਘੂ ਨਾਟਕ (ਨਾਟਕ) ਅਜਮੇਰ ਸਿੰਘ ਔਲਖ
ਪੰਨੇ 480, ਮੁੱਲ 550 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ. ਲੁਧਿਆਣਾ
ਮੇਰੇ ਸਾਰੇ ਇਕਾਂਗੀ (ਨਾਟਕ) ਅਜਮੇਰ ਸਿੰਘ ਔਲਖ
ਪੰਨੇ 264, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ. ਲੁਧਿਆਣਾ
ਰੁਪਏ ਪੈਸੇ (ਨਾਵਲ) ਪਿਆਰਾ ਸਿੰਘ ਭੋਗਲ
ਪੰਨੇ 279, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਇਹੁ ਜਨਮੁ ਤੁਮਹਾਰੇ ਲੇਖੇ (ਨਾਵਲ) ਗੁਰਬਚਨ ਸਿੰਘ ਭੁੱਲਰ
ਪੰਨੇ 400, ਮੁੱਲ 495 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34 ਏ, ਚੰਡੀਗੜ੍ਹ
ਬਹੁਤ ਸਾਰੇ ਚੁਰਸਤੇ (ਨਾਵਲ) ਬਲਬੀਰ ਪਰਵਾਨਾ
ਪੰਨੇ 528, ਮੁੱਲ 595 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34 ਏ, ਚੰਡੀਗੜ੍ਹ
20 ਨਵੰਬਰ (ਨਾਵਲ) ਰਾਣਾ ਰਣਬੀਰ
ਪੰਨੇ 119, ਮੁੱਲ 125 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਆਲ੍ਹਣੇ ਦੀ ਉਡਾਣ (ਨਾਵਲ) ਨਛੱਤਰ ਸਿੰਘ ਬਰਾੜ
ਪੰਨੇ 280, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਪਿਉਂਦ ਤੋਂ ਪਹਿਲਾਂ (ਨਾਵਲ) ਮਹਿੰਦਰਪਾਲ ਸਿੰਘ ਧਾਲੀਵਾਲ
ਪੰਨੇ 223, ਮੁੱਲ 200 ਰੁਪਏ, ਤਰਕਭਾਰਤੀ ਪ੍ਰਕਾਸ਼ਨ, ਕੱਚਾ ਕਾਲਿਜ ਰੋਡ, ਬਰਨਾਲਾ
ਐਲੀ ਫੀਜ਼ਲ ਦੇ ਤਿੰਨ ਨਾਵਲ ਅਨੁਵਾਦਕ: ਕੇ. ਐਲ.ਗਰਗ
ਪੰਨੇ 299, ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼, K- 24, ਹੌਜ਼ ਖਾਸ, ਨਵੀਂ ਦਿੱਲੀ
ਉੱਧੜੀ ਹੋਈ ਗੁੱਡੀ (ਕਹਾਣੀਆਂ) ਰਸ਼ਮਿੰਦਰ ਰਸ਼ਿਮ
ਪੰਨੇ 128, ਮੁੱਲ 140 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34 ਏ, ਚੰਡੀਗੜ੍ਹ
ਰੇਤ 'ਚ ਨਹਾਉਂਦੀਆਂ ਚਿੜੀਆਂ (ਕਹਾਣੀ ਸੰਗ੍ਰਹਿ) ਨਛੱਤਰ
ਪੰਨੇ 172, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ
ਗ਼ਲਤ ਮਲਤ ਜ਼ਿੰਦਗੀ (ਕਹਾਣੀ ਸੰਗ੍ਰਹਿ) ਪਰਗਟ ਸਿੰਘ ਸਤੌਜ
ਪੰਨੇ 103, ਮੁੱਲ 130 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
ਉੱਡਦੇ ਪਰਿੰਦੇ (ਕਹਾਣੀ ਸੰਗ੍ਰਹਿ) ਰਵੀ ਸੱਚਦੇਵਾ
ਪੰਨੇ 120, ਮੁੱਲ 150 ਰੁਪਏ, $10, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ. ਲੁਧਿਆਣਾ
ਹੁਣ ਤੂੰ ਗੱਲ ਨਾ ਕਰੀਂ (ਕਹਾਣੀਆਂ) ਮਹਿੰਦਰ ਸਿੰਘ ਤਤਲਾ
ਪੰਨੇ 119, ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨਜ਼, ਨੇੜੇ ਲੀਲ੍ਹਾ ਭਵਨ, ਪਟਿਆਲਾ
ਜਸਵੀਰ ਰਾਣਾ ਦੀਆਂ ਚੋਣਵੀਆਂ ਕਹਾਣੀਆਂ, ਸੰਪਾਦਕ: ਸੁਖਵਿੰਦਰ ਸੁੱਖੀ ਭੀਖੀ
ਪੰਨੇ 136, ਮੁੱਲ 120 ਰੁਪਏ, ਪੰਜਾਬੀ ਸਾਹਿਤ ਪਬਲੀਕੇਸ਼ਨ, ਬਾਲੀਆਂ, ਸੰਗਰੂਰ
ਤੁਰਾਂ ਮੈਂ ਨਦੀ ਦੇ ਨਾਲ ਨਾਲ (ਕਹਾਣੀ ਸੰਗ੍ਰਹਿ) ਹਮਦਰਦਵੀਰ ਨੌਸ਼ਹਿਰਵੀ
ਪੰਨੇ 134, ਮੁੱਲ 175 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34 ਏ, ਚੰਡੀਗੜ੍ਹ
ਵਤਨ ਆਪਣਾ ਆਪਣਾ (ਕਹਾਣੀਆਂ) ਜਸਵੰਤ ਸਿੰਘ ਵਿਰਦੀ, ਚੋਣਕਾਰ ਕੁਲਦੀਪ ਸਿੰਘ ਬੇਦੀ
ਪੰਨੇ 234, ਮੁੱਲ 400 ਰੁਪਏ, ਨਵਯੁਗ ਪਬਲਿਸ਼ਰਜ਼, K- 24, ਹੌਜ਼ ਖਾਸ, ਨਵੀਂ ਦਿੱਲੀ
ਦੁਰਗਤੀ (ਕਹਾਣੀਆਂ) ਐੱਸ. ਸਾਕੀ
ਪੰਨੇ 190, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, K- 24, ਹੌਜ਼ ਖਾਸ, ਨਵੀਂ ਦਿੱਲੀ
ਜਨੌਰ ਕਹਾਣੀਆਂ (ਬਾਤਾਂ) ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
ਪੰਨੇ 76, ਮੁੱਲ 100 ਰੁਪਏ, ਨਵਯੁਗ ਪਬਲਿਸ਼ਰਜ਼, K- 24, ਹੌਜ਼ ਖਾਸ, ਨਵੀਂ ਦਿੱਲੀ
ਲੋਕ ਧਾਰਾ ਅਤੇ ਸਾਹਿਤ (ਵਾਰਤਕ) ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
ਪੰਨੇ 89, ਮੁੱਲ 125 ਰੁਪਏ, ਨਵਯੁਗ ਪਬਲਿਸ਼ਰਜ਼, K- 24, ਹੌਜ਼ ਖਾਸ, ਨਵੀਂ ਦਿੱਲੀ
ਮੇਰੀ ਪੱਤਰਕਾਰੀ (ਵਾਰਤਕ) ਬਲਬੀਰ ਮਾਧੋਪੁਰੀ
ਪੰਨੇ 223, ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼, K- 24, ਹੌਜ਼ ਖਾਸ, ਨਵੀਂ ਦਿੱਲੀ
'ਸੰਵਾਦ ਦੇ ਪਲ' (ਡਾ. ਤੇਜਵੰਤ ਸਿੰਘ ਗਿੱਲ ਨਾਲ ਮੁਲਾਕਾਤਾਂ) ਰਮਨ
ਪੰਨੇ 135, ਮੁੱਲ 100 ਰੁਪਏ, ਨਵੀਂ ਦੁਨੀਆਂ ਪਬਲੀਕੇਸ਼ਨਜ਼ ਦੋਧਰ-ਪਟਿਆਲਾ

Selected writings of Kulwant Singh Virk ed. Gulzar Singh Sandhu, Masha Simrat Kaur
Pp 360, Price Rs. 550, Publication Bureau, Punjabi University, Patiala
ਸੰਸਾਰ ਪ੍ਰਸਿੱਧ ਕਥਨ (ਵਾਰਤਕ) ਚੋਣ ਤੇ ਸੰਪਾਦਨ: ਪਰਮਿੰਦਰ ਸੋਢੀ
ਪੰਨੇ 359, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ. ਲੁਧਿਆਣਾ
ਜ਼ਫਰਨਾਮਾ ਦੀ ਪੜਤਾਲ (ਵਾਰਤਕ) ਨਿਸ਼ਾਨ ਸਿੰਘ ਜੌਹਲ
ਪੰਨੇ 304, ਮੁੱਲ 300 ਰੁਪਏ, ਆਜ਼ਾਦ ਬੁੱਕ ਡੀਪੂ, ਹਾਲ ਬਾਜ਼ਾਰ, ਅੰਮ੍ਰਿਤਸਰ
ਸ਼ੇਖ ਫਰੀਦ: ਬਾਣੀ ਤੇ ਸ਼ਬਦਾਵਲੀ ਦਾ ਸ਼ਬਦ-ਕੋਸ਼, ਬਲਦੇਵ ਸਿੰਘ ਚੀਮਾ,ਰਾਜਵਿੰਦਰ ਸਿੰਘ
ਪੰਨੇ 136, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ. ਲੁਧਿਆਣਾ
ਪੰਜਾਬੀ ਸਭਿਆਚਾਰ ਅਤੇ ਸਾਹਿਤ ਦੇ ਸੰਚਾਰ ਮਾਧਿਅਮ (ਵਾਰਤਕ) ਸੰਪਾਦਕ: ਡਾ. ਹਰਦਿਲਜੀਤ ਸਿੰਘ ਗੋਸਲ
ਪੰਨੇ 119, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਪਰਵਾਸੀ ਪੀੜਾਂ (ਵਾਰਤਕ) ਗੁਰਜਤਿੰਦਰ ਸਿੰਘ ਰੰਧਾਵਾ
ਪੰਨੇ 343, ਮੁੱਲ 520 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਭਾਸ਼ਾ, ਪੰਜਾਬੀ ਭਾਸ਼ਾ ਤੇ ਭਾਸ਼ਾ ਵਿਗਿਆਨ (ਵਾਰਤਕ) ਬਲਦੇਵ ਸਿੰਘ ਚੀਮਾ
ਪੰਨੇ 263, ਮੁੱਲ 400 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ. ਲੁਧਿਆਣਾ
ਸਾਦੇ ਸਿਧਰੇ ਲੋਕ (ਵਾਰਤਕ) ਗਿਆਨੀ ਸੰਤੋਖ ਸਿੰਘ ਆਸਟਰੇਲੀਆ
ਪੰਨੇ 208, ਮੁੱਲ 150 ਰੁਪਏ, ਆਜ਼ਾਦ ਬੁੱਕ ਡੀਪੂ, ਹਾਲ ਬਾਜ਼ਾਰ, ਅੰਮ੍ਰਿਤਸਰ
ਲਹਿੰਦੇ ਪੰਜਾਬ ਦੀ ਜ਼ਿਆਰਤ (ਸਫਰਨਾਮਾ) ਸੂਫੀ ਅਮਰਜੀਤ
ਪੰਨੇ 134, ਮੁੱਲ 195 ਰੁਪਏ, ਲੋਕ ਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ
ਗ਼ਾਲਿਬ ਛੁਟੀ ਸ਼ਰਾਬ (ਯਾਦਾਂ) ਰਵੀਂਦਰ ਕਾਲੀਆ, ਅਨੁਵਾਦ: ਤਰਸੇਮ
ਪੰਨੇ 339, ਮੁੱਲ 500 ਰੁਪਏ, ਨਵਯੁਗ ਪਬਲਿਸ਼ਰਜ਼, K- 24, ਹੌਜ਼ ਖਾਸ, ਨਵੀਂ ਦਿੱਲੀ
ਸਮੇਂ ਦਾ ਦਰਿਆ (ਕਵਿਤਾਵਾਂ) ਗੁਰਪ੍ਰੀਤ
ਪੰਨੇ 112, ਮੁੱਲ 120 ਰੁਪਏ, ਉਡਾਨ ਪਬਲੀਕੇਸ਼ਨਜ਼, ਮਾਨਸਾ
ਛਬੀਲ (ਕਵਿਤਾ) ਗੁਰਨਾਇਬ ਸਿੰਘ
ਪੰਨੇ 66, ਮੁੱਲ 125 ਰੁਪਏ, ਸੰਗਮ ਪਬਲੀਕੇਸ਼ਨਜ਼, ਪਟਿਆਲਾ
ਹਰਫ ਚੰਦੋਆ (ਕਵਿਤਾ) ਕਮਲਪ੍ਰੀਤ ਕੌਰ ਸਿੱਧੂ
ਪੰਨੇ 250, ਮੁੱਲ 96 ਰੁਪਏ, ਲੋਕ ਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ
ਹਰ ਜ਼ਖ਼ਮ ਆਹੁਤ ਹੈ ਯੱਗ ਦਾ (ਕਵਿਤਾ) ਯੋਧ ਸਿੰਘ
ਪੰਨੇ 140, ਮੁੱਲ 150 ਰੁਪਏ, ਜੀਨੀਅਸ ਗਰਾਫਿਕਸ
ਮੈਂ ਰੇਸ਼ਮ ਬੁਣਦਾਂ (ਕਾਵਿ ਸੰਗ੍ਰਹਿ) ਭੁਪਿੰਦਰ ਪ੍ਰੀਤ
ਪੰਨੇ 200, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਅਣਕਹੀਆਂ (ਕਾਵਿ ਸੰਗ੍ਰਹਿ) ਗੁਲਸ਼ਨ ਦਿਆਲ
ਪੰਨੇ 104, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਕਲਾ ਕਾਵਿ "ਦਿਮਾਗੀ ਵੀ ਜ਼ਮੀਰੀ ਵੀ" (ਨਜ਼ਮ) ਇੰਦਰਜੀਤ ਸਿੰਘ ਧਾਮੀ
ਪੰਨੇ 135, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ. ਲੁਧਿਆਣਾ
ਮੈਂ ਪੰਜਾਬ ਵਲੂੰਧਰ ਹੋਇਆ (ਕਾਵਿ ਸੰਗ੍ਰਹਿ) ਹਰਦੇਵ ਸਿੰਘ ਗਰੇਵਾਲ
ਪੰਨੇ 236, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਅਮਰਜੀਤ ਕੌਂਕੇ: ਚੋਣਵੀਂ ਕਵਿਤਾ, ਸੰਪਾਦਕ: ਸੁਖਵਿੰਦਰ ਸੁੱਖੀ ਭੀਖੀ
ਪੰਨੇ 120, ਮੁੱਲ 120 ਰੁਪਏ, ਪੰਜਾਬੀ ਸਾਹਿਤ ਪਬਲੀਕੇਸ਼ਨ, ਬਾਲੀਆਂ, ਸੰਗਰੂਰ
ਮੱਥੇ ਉਕਰੇ ਸਵਾਲ (ਕਾਵਿ ਸੰਗ੍ਰਹਿ) ਸੁਖਵਿੰਦਰ ਸੁੱਖੀ ਭੀਖੀ
ਪੰਨੇ 96, ਮੁੱਲ 120 ਰੁਪਏ, ਪੰਜਾਬੀ ਸਾਹਿਤ ਪਬਲੀਕੇਸ਼ਨ, ਬਾਲੀਆਂ, ਸੰਗਰੂਰ
ਮੈਂ, ਸ਼ੀਸ਼ਾ ਤੇ ਚਿਹਰਾ (ਗ਼ਜ਼ਲ ਸੰਗ੍ਰਹਿ) ਪਾਲ ਢਿੱਲੋਂ
ਪੰਨੇ 95, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ. ਲੁਧਿਆਣਾ
ਵਾਵਰੋਲਿਆਂ ਦੀ ਯਾਰੀ (ਗ਼ਜ਼ਲਾਂ) ਕਸ਼ਮੀਰ ਨੀਰ
ਪੰਨੇ 112, ਮੁੱਲ 225 ਰੁਪਏ, ਨਵਯੁਗ ਪਬਲਿਸ਼ਰਜ਼, K- 24, ਹੌਜ਼ ਖਾਸ, ਨਵੀਂ ਦਿੱਲੀ
ਫਰਜ਼ (ਗ਼ਜ਼ਲਾਂ) ਸਿਰੀ ਰਾਮ ਅਰਸ਼
ਪੰਨੇ 80, ਮੁੱਲ 150 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ
ਸੁਪਨਿਆਂ ਦੀ ਸੇਜ (ਗ਼ਜ਼ਲ ਸੰਗ੍ਰਹਿ) ਗੁਰਦਿਆਲ ਦਲਾਲ
ਪੰਨੇ 126, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ
ਘੜੀਐ ਸਬਦੁ ਸਚੀ ਟਕਸਾਲ (ਗ਼ਜ਼ਲਾਂ) ਚਰਨ ਸੀਚੇਵਾਲਵੀ
ਪੰਨੇ 172, ਮੁੱਲ 150 ਰੁਪਏ ਪੇਪਰਬੈਕ, ਪੰਚ ਨਦ ਪ੍ਰਕਾਸ਼ਕ, ਲਾਂਬੜਾ- ਜਲੰਧਰ
ਅਦਬ ਦੀ ਬੰਦਗੀ (ਆਲੋਚਨਾ) ਡਾ. ਗੁਰਨਾਇਬ ਸਿੰਘ
ਪੰਨੇ 208, ਮੁੱਲ 200 ਰੁਪਏ, ਗਰੇਸ਼ੀਅਸ ਬੁਕਸ, ਸਾਹਮਣੇ ਪੰਜਾਬੀ ਯੂਨੀਵਰਸਿਟੀ,ਪਟਿਆਲਾ
ਡਾ. ਰਵਿੰਦਰ: ਕਾਵਿ ਚਿੰਤਨ (ਆਲੋਚਨਾ) ਸੰਪਾਦਕ: ਡਾ. ਅਨੂਪ ਸਿੰਘ
ਪੰਨੇ 238, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
ਪੰਜਾਬੀ ਸਾਹਿਤ: ਪਰਖ ਤੇ ਪੜਚੋਲ (ਆਲੋਚਨਾ) ਬਲਜਿੰਦਰ ਸੰਘਾ
ਪੰਨੇ 88, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ. ਲੁਧਿਆਣਾ
ਪੰਜਾਬੀ ਬਾਲ ਸਾਹਿਤ:ਸਥਿਤੀ,ਸੋਧਾਂ ਅਤੇ ਮੁਲਾਂਕਣ (ਆਲੋਚਨਾ) ਸੰਪਾਦਕ:ਪਵਨ ਹਰਚੰਦਪੁਰੀ
ਪੰਨੇ 200, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ. ਲੁਧਿਆਣਾ

ਪੱਤਰ

ਸਿਰਜਣਾ-175 ਵਿਚ ਛਪੀਆਂ ਤਿੰਨੇ ਕਹਾਣੀਆਂ ਚੰਗੀਆਂ ਲੱਗੀਆਂ। ਜਰਨੈਲ ਸਿੰਘ ਨੇ 'ਕਾਲ਼ੇ ਵਰਕੇ' ਕਹਾਣੀ ਵਿਚ 'ਦੁੱਖ ਵੰਡਾਉਣ ਨਾਲ ਘਟ ਜਾਂਦਾ ਹੈ' ਵਾਲੀ ਪੰਜਾਬੀ ਸਭਿਆਚਾਰਕ ਰੂੜ੍ਹੀ ਦਾ ਇਸਤੇਮਾਲ ਕਰਕੇ ਜਿਸ ਤਰ੍ਹਾਂ ਕੈਨੇਡੀਅਨ ਮੂਲ ਨਿਵਾਸੀਆਂ ਨਾਲ ਕੀਤੇ ਗਏ ਗੋਰਿਆਂ ਵੱਲੋਂ ਸਰੀਰਕ, ਮਾਨਸਿਕ, ਭਾਵਨਾਤਮਕ ਤੇ ਜਿਨਸੀ ਸ਼ੋਸ਼ਣ ਦਾ ਗਲਪੀਕਰਨ ਕੀਤਾ ਹੈ, ਉਹ ਕਾਬਲ-ਏ-ਤਾਰੀਫ਼ ਹੈ। ਇਸ ਕਹਾਣੀ ਨਾਲ ਕੈਨੇਡੀਅਨ ਪੰਜਾਬੀ ਕਹਾਣੀ ਦਾ ਵਿਸ਼ੈ ਵਿਸਥਾਰ ਹੁੰਦਾ ਹੈ। ਪ੍ਰੇਮ ਮਾਨ ਦੀ ਕਹਾਣੀ 'ਸਕੂਨ' ਵਿਚਲੇ ਜੱਗੀ, ਜੈੱਨ, ਮਿੰਦਰ, ਜਤਿੰਦਰ, ਰਵੀ, ਰਿਚਰਡ, ਥਾਮਸ ਵ੍ਹਾਈਟ, ਪੀਟ ਆਦਿ ਭਾਰਤੀ ਤੇ ਅਮਰੀਕਨ ਪਾਤਰ ਜਿਸ ਤਰ੍ਹਾਂ ਔਰਤ ਤੇ ਮਰਦ ਦਾ ਰਿਸ਼ਤਾ ਸਿਰਜਦੇ ਹਨ, ਉਸ ਤੋਂ ਭਾਰਤ ਤੇ ਅਮਰੀਕਾ ਦੇ ਸਭਿਆਚਾਰਾਂ ਵਿਚਲਾ ਅੰਤਰ ਸਾਫ ਸਾਫ ਨਜ਼ਰ ਆ ਜਾਂਦਾ ਹੈ। ਇਸ ਕਹਾਣੀ ਵਿਚ ਮਰਦ ਵੇਸਵਾ ਪਾਤਰ ਨੂੰ ਲੈ ਕੇ ਪੱਛਮੀ ਦੇਸ਼ਾਂ ਵਿਚ ਤੇਜ਼ੀ ਨਾਲ ਬਦਲ ਰਹੀਆਂ ਸੈਕਸ-ਕੀਮਤਾਂ ਦੇ ਇਸ ਪ੍ਰਸੰਗ ਨੂੰ ਉਘਾੜਿਆ ਹੈ ਕਿ "ਆਦਮੀ ਸਦੀਆਂ ਤੋਂ ਔਰਤਾਂ ਨੂੰ ਵੇਸਵਾ ਬਣਾ ਬਣਾ ਕੇ ਵਰਤਦੇ ਆਏ ਹਨ। ਕੀ ਹੋਇਆ ਜੇ ਔਰਤਾਂ ਨੇ ਵੇਸਵਾ ਆਦਮੀ ਵਰਤ ਲਏ ਤਾਂ ?" ਕਹਾਣੀ ਵਿਚ ਇਸ ਵਿਚਾਰ ਨੂੰ ਜਿਸ ਮਾਨਵੀ ਤਰੀਕੇ ਨਾਲ ਪ੍ਰੇਮ ਮਾਨ ਨੇ ਗਲਪ ਦਾ ਰੂਪ ਦਿੱਤਾ ਹੈ, ਕੋਈ ਵੱਡਾ ਗਲਪਕਾਰ ਹੀ ਅਜਿਹਾ ਕ੍ਰਿਸ਼ਮਾ ਵਿਖਾ ਸਕਦਾ ਹੈ। ਅਤੇ ਬਲਜੀਤ ਬਾਸੀ ਨੇ 'ਲਾਹੌਰ ਦਾ ਸ਼ੌਕੀਨ' ਕਹਾਣੀ ਦੇ ਮੁੱਖ ਪਾਤਰ ਦੇ ਦਿਲ-ਦਿਮਾਗ ਵਿਚ 'ਰਜਾਈ, ਟਾਂਡਾ ਤੇ ਪੰਜਾਬੀ ਦੀ ਐੱਮ.ਏ.' ਨੂੰ ਤੁਣਕੇ ਮਾਰ ਮਾਰ ਕੇ ਜਿਸ ਤਰ੍ਹਾਂ ਕਹਾਣੀ ਦਾ ਬਿਰਤਾਂਤ ਸਿਰਜਿਆ ਹੈ, ਉਸ ਨਾਲ ਉਸਦੇ ਚੰਗੇ ਕਹਾਣੀਕਾਰ ਹੋਣ ਦਾ ਪਤਾ ਲਗਦਾ ਹੈ। ਚੰਗਾ ਨਿਬੰਧਕਾਰ ਤਾਂ ਉਹ ਹੈ ਹੀ। ਇਹ ਤਿੰਨੇ ਕਹਾਣੀਆਂ ਪੜ੍ਹਨ ਤੋਂ ਬਾਅਦ ਜਦ ਸੁਰਜੀਤ ਹਾਂਸ ਦਾ ਨਿਬੰਧ 'ਜਨ-ਪਰਵਾਸ' ਅਤੇ ਸਾਧੂ ਬਿਨਿੰਗ ਅਨੁਵਾਦਤ ਫਿੱਲ ਜ਼ੁਕਰਮੈਨ ਦਾ ਨਿਬੰਧ 'ਬਿਨਾਂ ਧਰਮ ਇਕ ਕਾਮਯਾਬ ਸਮਾਜ?' ਪੜ੍ਹੇ ਤਾਂ ਸੋਨੇ ਉੱਤੇ ਸੁਹਾਗੇ ਵਾਲੀ ਗੱਲ ਬਣ ਗਈ। ਜ਼ੁਕਰਮੈਨ ਦੇ ਲੇਖ ਦੀਆਂ ਤਿੰਨ ਗੱਲਾਂ ਪਸੰਦ ਆਈਆਂ। ਪਹਿਲੀ, ਕਿਸੇ ਸਮਾਜ ਲਈ ਕਾਮਯਾਬ ਅਤੇ ਵਧੀਆ ਵਰਤਾਰੇ ਵਾਲਾ ਬਣਨ ਲਈ ਧਾਰਮਿਕ ਵਿਸ਼ਵਾਸ ਜ਼ਰੂਰੀ ਨਹੀਂ। ਦੋ, ਲੋਕ ਧਾਰਮਿਕ ਚੱਕਰ ਤੋਂ ਬਾਹਰ ਵੀ ਆਪਣੇ ਜੀਵਨ ਦੇ ਅਰਥ ਭਾਲ਼ ਸਕਦੇ ਹਨ। ਤਿੰਨ, ਲੋਕ ਧਾਰਮਿਕ ਵਿਸ਼ਵਾਸ ਤੋਂ ਬਿਨਾਂ ਵੀ ਸੱਚੇ-ਸੁੱਚੇ, ਸਾਊ ਅਤੇ ਇਨਸਾਫ-ਪਸੰਦ ਹੋ ਸਕਦੇ ਹਨ। ਫਿਲ ਜ਼ੁਕਰਮੈਨ ਦੇ ਸਾਦੀ ਭਾਸ਼ਾ ਵਿਚ ਲਿਖੇ ਲੇਖ ਨੂੰ ਸਾਧੂ ਬਿਨਿੰਗ ਦੀ ਕਵਿਤਾ 'ਨਾਸਤਿਕ ਹੋਣ ਬਾਅਦ' ਨੂੰ ਪੜ੍ਹ ਕੇ ਮਾਣਿਆ ਜਾ ਸਕਦਾ ਹੈ। ਐਸ ਸਾਲ ਦੇ ਸਾਹਿਤ ਅਕਾਦਮੀ ਐਵਾਰਡ ਜੇਤੂ ਗ਼ਜ਼ਲਕਾਰ ਜਸਵਿੰਦਰ ਦੀਆਂ ਮਨ ਤੇ ਮਗ਼ਜ਼ ਨੂੰ ਰੌਸ਼ਨ ਕਰਦੀਆਂ ਗ਼ਜ਼ਲਾਂ ਦਾ ਤਾਂ ਕਹਿਣਾ ਹੀ ਕੀ। ਤ੍ਰੈਲੋਚਨ 'ਲੋਚੀ' ਦੇ ਦੋਹੇ ਵੀ ਘੱਟ ਨਹੀਂ. ਜੋ ਅੰਨ੍ਹੀ, ਗੂੰਗੀ ਤੇ ਗਿਆਨ-ਵਿਹੂਣੀ ਖਲਕਤ ਨੂੰ ਘੂਰੀ ਵੱਟ ਜਾਂਦੇ ਨੇ। ਕੈਨੇਡਾ ਤੋਂ ਸ਼ੁਰੂ ਹੋਇਆ ਪੰਜਾਬੀ ਸਾਹਿਤ ਲਈ ਵੱਡੀ ਰਾਸ਼ੀ ਵਾਲਾ ਕੌਮਾਂਤਰੀ 'ਢਾਹਾਂ ਇਨਾਮ' ਨਿਸਚੇ ਹੀ ਇਕ ਮੁਬਾਰਕ ਘਟਨਾ ਹੈ। ਇਸ ਦੇ ਸੰਬੰਧ ਵਿਚ ਲਿਖੀ ਸੰਪਾਦਕੀ ਦੇ ਇਹ ਵਿਚਾਰ ਬੜੇ ਹੀ ਮੁੱਲਵਾਨ ਜਾਪੇ ਕਿ 'ਪੰਜਾਬੀ ਦੇ ਸਿਰਜਕਾਂ ਨੂੰ ਵੀ ਹੁਣ ਸਿਰਜਣਾ ਅਤੇ ਵਿਹਾਰ ਦੋਵੇਂ ਹੀ ਤਰ੍ਹਾਂ ਨਾਲ ਇਸ ਇਨਾਮ ਦੇ ਹਾਣ ਦਾ ਬਣਨ ਦੀ ਚੁਣੌਤੀ ਦਾ ਸਾਹਮਣਾ ਹੈ।' ਲੇਖਕਾਂ ਨੂੰ ਕੇਵਲ ਇਨਾਮ ਪਾਉਣ ਦੀ ਖਾਤਰ ਹੀ ਇਸ ਚੁਣੌਤੀ ਨੂੰ ਨਹੀਂ ਸਵੀਕਾਰਨਾ ਚਾਹੀਦਾ ਬਲਕਿ ਵਰਤਮਾਨ ਕਰੂਰ ਸਮਾਜਕ ਸਥਿਤੀਆਂ ਨਾਲ ਨਜਿੱਠਣ ਲਈ ਆਪਣੇ ਆਪ ਨੂੰ

ਕਲਾਤਮਕ ਤੇ ਵਿਚਾਰਧਾਰਕ ਤੌਰ ਉੱਤੇ ਸਸ਼ਕਤ ਹੋਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਚਾਹੀਦਾ ਹੈ।

-ਬਰਿੰਦਰ ਕੌਰ, ਪੰਜਾਬੀ ਲੈਕਚਰਾਰ, ਸਰਕਾਰੀ ਸੀਨੀਆ ਸੈਕੰਡਰੀ ਸਕੂਲ, ਰਾਮ ਦਰਬਾਰ, ਚੰਡੀਗੜ੍ਹ

ਸ਼ਾਹਿਤ ਅਕਾਦਮੀ ਇਨਾਮ ਪ੍ਰਾਪਤ "ਅਗਰਬੱਤੀ' ਗ਼ਜ਼ਲ ਸੰਗ੍ਰਹਿ ਦੇ ਸ਼ਾਇਰ ਜਸਵਿੰਦਰ ਦਾ ਸਿਰਜਣਾ-175 ਵਿਚ ਛਪਿਆ ਨਿਬੰਧ 'ਮੇਰੀ ਗ਼ਜ਼ਲ ਅਤੇ ਸਾਹਿਤ ਅਕਾਦਮੀ ਐਵਾਰਡ' ਇਕ ਚੰਗੀ ਲਿਖਤ ਸੀ ਜਿਸ ਵਿਚੋਂ ਉਸਦੀ ਸ਼ਖਸੀਅਤ ਵਿਚਲੀ ਸਹਿਜਤਾ ਤੇ ਨਿਮਰਤਾ ਭਰਵੇਂ ਰੂਪ ਵਿਚ ਝਲਕਦੀ ਹੈ। ਇਸ ਦੇ ਨਾਲ ਹੀ ਛਪੀਆਂ ਉਸਦੀਆਂ ਗ਼ਜ਼ਲਾਂ ਪੜ੍ਹਨ ਤੇ ਪੁਸ਼ਟ ਹੁੰਦਾ ਹੈ ਕਿ ਇਸ ਇਨਾਮ ਲਈ ਸਾਹਿਤ ਅਕਾਦਮੀ ਦੀ ਇਸ ਵਾਰ ਦੀ ਚੋਣ ਕਿੰਨੀ ਸਹੀ ਹੈ। ਅਕਾਦਮੀ ਐਵਾਰਡ ਹਾਸਲ ਕਰਨ ਵਾਲਿਆ ਤੇ ਦੇਣ ਵਾਲਿਆਂ ਦੇ ਸੰਬੰਧ ਵਿਚ ਜੋੜ-ਤੋੜ ਤੇ ਤਿਗੜਮ ਦੀਆਂ ਭਾਂਤ ਸੁਭਾਂਤੀਆਂ ਸੱਚੀਆਂ ਝੂਠੀਆਂ ਅਫਵਾਹਾਂ ਆਮ ਸੁਣਨ ਵਿਚ ਆਉਂਦੀਆਂ ਹਨ, ਪਰ ਏਸ ਵਾਰ ਦੇ ਐਵਾਰਡ ਦੇ ਸੱਚੇ ਸੁੱਚੇ ਹੋਣ ਬਾਰੇ ਕੋਈ ਉਂਗਲ਼ ਨਹੀਂ ਉੱਠ ਸਕਦੀ। ਗੁਰਪ੍ਰੀਤ ਸਾਡਾ ਤਕੜਾ ਸ਼ਾਇਰ ਹੈ। ਆਪਣੇ ਦੂਜੇ ਕਾਵਿ ਸੰਗ੍ਰਹਿ 'ਅਕਾਰਨ ਕਰਕੇ ਉਹ ਐਬਸਰਡ ਕਵਿਤਾ, ਜੋ ਇਕ ਅਰਥ ਭਰਪੂਰ ਕਾਵਿਕ ਵਿਧੀ ਹੈ, ਕਰਕੇ ਚੋਖੀ ਚਰਚਾ ਵਿਚ ਆ ਗਿਆ ਸੀ। ਆਪਣੇ ਅਗਲੇ ਕਾਵਿ ਸੰਗ੍ਰਹਿ 'ਸਿਆਹੀ ਘੁਲ਼ੀ ਹੈ' ਵਿਚ ਉਹ ਇਸ ਵਿਧੀ ਤੋਂ ਦੂਰੀ ਅਖਤਿਆਰ ਕਰਦਾ ਲਗਦਾ ਸੀ। ਸਿਰਜਣਾ ਦੇ 175 ਅੰਕ ਵਿਚ ਛਪੀਆਂ ਕਵਿਤਾਵਾਂ ਇਸ ਦਾ ਪ੍ਰਮਾਣ ਹਨ। ਪਹਿਲੀ ਕਵਿਤਾ 'ਕਣ ਜਿੱਡੀ ਕਥਾ' ਤਾਂ ਉੱਤਮ ਹੈ ਹੀ, ਸ਼ਾਇਰ-ਚਿਤਰਕਾਰ ਦੇਵ ਨੂੰ ਸਮਰਪਤ ਕਵਿਤਾ ਵਿਚ ਚੁੱਪ ਦੀ ਜਿਹੜੀ ਗੱਲ ਕੀਤੀ ਹੈ, ਉਸ ਰਾਹੀਂ ਚੁੱਪ ਪਿੱਛੇ ਛੁਪੇ ਅਰਥਾਂ ਨੂੰ ਫੜਨ ਦਾ ਸੁੰਦਰ ਉਪਰਾਲਾ ਕੀਤਾ ਹੈ। ਬਹੁਤ ਛੋਟੀ ਜਿਹੀ ਪਿਆਰ ਕਵਿਤਾ 'ਮੇਲਾ' ਦੀਆਂ ਇਹ ਸਤਰਾਂ ਕੀਲ ਹੀ ਲੈਂਦੀਆਂ ਹਨ'- "ਅਸੀਂ ਮਿਲੇ ਇਕ ਦੂਜੇ ਨੂੰ/ ਤੇਹ ਲੱਗੀ ਉਹਨੂੰ/ ਮੇਰੇ ਅੰਦਰ ਪੁੱਟਿਆ ਗਿਆ ਖੂਹ/ ਉਹ ਬਣ ਗਈ ਟੀਸੀ ਦਾ ਬੇਰ"। ਬਲਬੀਰ ਪਰਵਾਨਾ ਨੇ 'ਗਹਿਰ ਚੜ੍ਹੀ ਅਸਮਾਨ', 'ਨਿੱਕੇ ਨਿੱਕੇ ਯੁੱਧ', 'ਆਪਣੇ ਆਪਣੇ ਮੋਰਚੇ' ਅਤੇ 'ਕਥਾ ਇਸ ਜੁੱਗ ਦੀ' ਆਪਣੇ ਨਿੱਜੀ ਅਨੁਭਵ ਤੇ ਸੰਸਮਰਣਾਂ ਵਿਚੋਂ ਜੋ ਚਾਰ ਨਾਵਲ ਲਿਖੇ ਹਨ- ਉਹਨਾਂ ਦੇ ਹਵਾਲੇ ਤੇ ਬਹਾਨੇ ਨਾਲ ਆਪਣੇ ਨਿਬੰਧ ਵਿਚ ਪੰਜਾਬ ਦੀ ਕਮਿਊਨਿਸਟ ਬਾਰੇ ਬਹੁਤ ਵਧੀਆ ਲੇਖਾ-ਜੋਖਾ ਪੇਸ਼ ਕੀਤਾ ਹੈ। ਕਾਸ਼,ਜ਼ਮੀਨੀ ਹਕੀਕਤ ਨੂੰ ਪਛਾਣਕੇ ਜੇ ਕਿਤੇ ਕਾਮਰੇਡ ਤੇ ਵੰਨ ਸੁਵੰਨੀਆਂ ਕਮਿਊਨਿਸਟ ਪਾਰਟੀਆਂ ਆਪਣੀਆਂ ਨੀਤੀਆਂ ਤੇ ਅਮਲਾਂ ਉੱਤੇ ਪੁਨਰ ਝਾਤ ਪਾ ਸਕਣ। ਚਰਚਤ ਪੁਸਤਕਾਂ ਦੇ ਗਹਿਰ-ਗੰਭਰ ਰੀਵੀਊ ਛਾਪਣ ਵਿਚ 'ਸਿਰਜਣਾ' ਹਮੇਸ਼ਾ ਮੋਹਰੀ ਰਿਹਾ ਹੈ। ਇਸ ਵਾਰ ਵੀ ਇਹ ਰਵਾਇਤ ਬਾਖੂਬੀ ਨਿਭਾਈ ਗਈ ਹੈ। **- ਮਨਦੀਪ ਸਿੰਘ, ਚੰਡੀਗੜ੍ਹ**

ਸਿਰਜਣਾ-175 ਵਿਚ ਬਲਜੀਤ ਬਾਸੀ ਦੀ ਕਹਾਣੀ 'ਲਾਹੌਰ ਦਾ ਸ਼ੌਕੀਨ' ਪੜ੍ਹੀ ਤਾਂ ਏਸ ਕਹਾਣੀ ਦੀ ਇਕ ਇਕ ਸਤਰ ਨੇ ਏਨਾ ਜ਼ਿਆਦਾ ਹਸਾਇਆ ਕਿ ਮੈਨੂੰ ਨਹੀਂ ਯਾਦ ਕੋਈ ਕਹਾਣੀ ਪੜ੍ਹਦੀ ਇਉਂ ਹੱਸੀ ਹੋਵਾਂ। ਬਲਜੀਤ ਦੀ ਖੂਬੀ ਇਹ ਹੈ ਕਿ ਉਹ ਜਿਹੜੇ ਵਿਸ਼ੇ ਨੂੰ ਲੈ ਕੇ ਲਿਖਦਾ ਹੈ, ਉਹਦੇ ਬਾਰੇ ਉਹਦੀ ਸੂਝ ਤੇ ਪਕੜ ਏਨੀ ਡੂੰਘੀ ਹੁੰਦੀ ਹੈ ਕਿ ਪੰਜਾਬੀ 'ਚ ਆਸਾਨੀ ਨਾਲ ਇਹਦਾ ਸਾਨੀ ਨਹੀਂ ਮਿਲਦਾ। ਉਹ ਬੇਸ਼ੱਕ ਨਿਜੀ ਜ਼ਿੰਦਗੀ ਵਿਚ ਕਾਫੀ ਸ਼ਰਾਰਤੀ ਹੈ ਜਿਹੜਾ ਉਹਨੂੰ ਕੁਝ ਨੇੜਿਉਂ ਜਾਣਕੇ ਪਤਾ ਲੱਗਦੈ, ਤੇ ਉਹਦਾ ਸ਼ਰਾਰਤੀ ਸੁਭਾਅ ਉਹਦੀਆਂ ਲਿਖਤਾਂ 'ਚ ਦਿਸਦਾ ਹੈ। ਪਰ ਲੇਖਕ ਵਜੋਂ ਉਹ ਚੁੱਪ ਜਿਹਾ ਹੈ ਤੇ ਕਦੇ ਸਟੇਜ ਉੱਤੇ ਤੇ ਸਾਹਿਤਕ ਇਕੱਠਾਂ 'ਚ ਦਿਖਾਈ ਨਹੀਂ ਦਿੰਦਾ। ਏਸ ਲਈ ਆਮ

ਪਾਠਕ ਨੂੰ ਉਹਦੇ ਬਾਰੇ ਸ਼ਾਇਦ ਬਹੁਤਾ ਪਤਾ ਵੀ ਨਹੀਂ। ਪਰ, ਉਹ ਪੰਜਾਬੀ ਦਾ ਇਕ ਬਹੁਤ ਮੁੱਲਵਾਨ ਲੇਖਕ ਹੈ, ਜੀਹਦੀ ਲਿਖੀ ਹਰ ਲਿਖਤ, ਉਹਦੇ ਵਾਂਗ ਹੀ ਬੇਹੱਦ ਖੂਬਸੂਰਤ ਤੇ ਨਿਆਰੀ ਹੁੰਦੀ ਹੈ।

– ਸ਼ਸ਼ੀ ਸਮੁੰਦਰਾ, ਸੈਂਟਾ ਕਲਾਰਾ , ਕੈਲੇਫੋਰਨੀਆ, ਯੂ.ਐੱਸ.ਏ.

ਮੈਂ ਫਿਕਸ਼ਨ ਦਾ ਪਾਰਖੂ ਤਾਂ ਨਹੀਂ, ਪਰ 'ਸਿਰਜਣਾ' ਦੇ ਪਿਛਲੇ ਅੰਕ ਵਿਚ ਛਪੀਆਂ ਕਹਾਣੀਆਂ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ ਹੈ, ਖਾਸਕਰ 'ਕਾਲ਼ੇ ਵਰਕੇ' ਅਤੇ 'ਸਕੂਨ' ਨੇ। ਜਰਨੈਲ ਸਿੰਘ ਦੀ ਕਹਾਣੀ 'ਕਾਲ਼ੇ ਵਰਕੇ' ਵਿਚ ਮੂਲਵਾਸੀਆਂ ਨਾਲ ਹੋਈ ਬੀਤੀ ਪੜ੍ਹਨਾ ਇਕ ਨਵੇਂ ਅਨੁਭਵ ਵਿਚੋਂ ਲੰਘਣਾ ਸੀ। ਇਸ ਕਹਾਣੀ ਦੀ ਮਾਨਵਵਾਦੀ ਸੁਰ ਦਿਲ ਨੂੰ ਟੁੰਬਦੀ ਹੈ। ਇਵੇਂ ਹੀ ਸਾਡੀ ਕਹਾਣੀ ਦੇ ਸਬਜੈਕਟ ਮੈਟਰ ਨੂੰ ਵਿਸਤਾਰ ਦਿੰਦੀ ਪ੍ਰੇਮ ਮਾਨ ਦੀ ਕਹਾਣੀ 'ਸਕੂਨ' ਇਸ ਕਰਕੇ ਚੰਗੀ ਲੱਗੀ ਕਿ ਉਸ ਵਿਚ ਦਲੇਰੀ ਨਾਲ ਜੀਵਨ ਦੇ ਨਵੇਂ ਯਥਾਰਥ ਨੂੰ ਪਕੜਿਆ ਗਿਆ ਹੈ। ਫਿਉਡਲ ਮਾਨਸਿਕਤਾ 'ਚੋਂ ਬਾਹਰ ਨਿਕਲ ਕੇ ਹੀ ਇਹ ਪਛਾਣਿਆ ਜਾ ਸਕਦਾ ਹੈ ਕਿ ਪਿਆਰ ਦੇ ਸੰਬੰਧ ਵਿਚ ਜਾਂ ਦੇਹ-ਭੁੱਖ ਦੀ ਤ੍ਰਿਪਤੀ ਲਈ ਇਸ ਕਹਾਣੀ ਦੀ ਨਾਇਕਾ ਜੋ ਕੁਝ ਕਰਦੀ ਹੈ, ਉਹ ਮਰਦ ਵੱਲੋਂ ਠੋਸੀ ਮਰਯਾਦਾ ਦਾ ਉਲੰਘਣ ਹੋਵੇ ਤਾਂ ਹੋਵੇ, ਪਰ ਉਸ ਵਿਚ ਮਾੜੀ ਗੱਲ ਕੋਈ ਨਹੀਂ। ਸੁਰਜੀਤ ਹਾਂਸ ਦਾ ਲੇਖ ਮੈਂ ਹਮੇਸ਼ਾ ਦਿਲਚਸਪੀ ਨਾਲ ਪੜ੍ਹਦਾ ਹਾਂ। ਹਰ ਵਾਰ ਨਵੇਂ ਤੋਂ ਨਵੇਂ ਵਿਸ਼ਿਆਂ ਨੂੰ ਛੂੰਹਦੀ ਉਸਦੀ ਲਿਖਤ ਵਿਚੋਂ ਹਾਂਸ ਦੀ ਵਿਦਵਤਾ ਦਾ ਜਲੌਅ ਪ੍ਰਤੱਖ ਝਲਕਦਾ ਹੈ। ਗੁਰਪ੍ਰੀਤ ਦੀਆਂ ਨਜ਼ਮਾਂ ਦੀ ਮੈਂ ਬਹੁਤੀ ਸਿਫਤ ਇਸ ਲਈ ਨਹੀਂ ਕਰਾਂਗਾ ਕਿ ਇਹ ਪ੍ਰਸ਼ੰਸਾ ਦਾ ਆਪਸੀ ਲੈਣ-ਦੇਣ ਨਾ ਪ੍ਰਤੀਤ ਹੋਵੇ।

–ਦੇਵ, ਰੁਬੀਗਨ, ਸਵਿਟਜ਼ਰਲੈਂਡ

'ਸਿਰਜਣਾ' ਬਾਰੇ ਜਾਣਕਾਰੀ

1. ਪ੍ਰਕਾਸ਼ਨ ਸਥਾਨ — 225-ਬੀ, ਮਖਦੂਮਪੁਰਾ, ਜਲੰਧਰ
2. ਪ੍ਰਕਾਸ਼ਨ ਕਾਲ — ਤ੍ਰੈਮਾਸਕ
3. ਛਾਪਕ, ਪ੍ਰਕਾਸ਼ਕ ਤੇ ਮਾਲਕ — ਸੁਰਿੰਦਰ ਮੋਹਨ ਸਿੰਘ
4. ਕੌਮੀਅਤ — ਭਾਰਤੀ
5. ਪਤਾ — 225-ਬੀ, ਮਖਦੂਮਪੁਰਾ, ਜਲੰਧਰ
6. ਸੰਪਾਦਕ — ਰਘਬੀਰ ਸਿੰਘ
7. ਕੌਮੀਅਤ — ਭਾਰਤੀ
8. ਪਤਾ — 1728, ਸੈਕਟਰ 43-ਬੀ, ਚੰਡੀਗੜ੍ਹ

ਮੈਂ, ਸਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ : 28 ਫਰਵਰੀ 2015 — ਦਸਤਖਤ : ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ : **ਰਘਬੀਰ ਸਿੰਘ** — ਪ੍ਰਕਾਸ਼ਨ ਮਿਤੀ : 1 ਅਪਰੈਲ, 2015

ਪੱਛਮੀ ਜਗਤ ਦੇ ਅਤੇ ਪਰਵਾਸੀ ਜੀਵਨ ਦੇ ਪ੍ਰਮਾਣਿਕ ਅਨੁਭਵ ਨੂੰ ਪੇਸ਼ ਕਰਦੀ ਜਰਨੈਲ ਸਿੰਘ ਦੀ ਤੀਜੀ ਕਥਾ ਪੁਸਤਕ

ਕਾਲ਼ੇ ਵਰਕੇ



ਸੰਵੇਦਨਸ਼ੀਲ ਤੇ ਸਮਰੱਥ ਕਹਾਣੀਕਾਰ ਜਰਨੈਲ ਸਿੰਘ ਦੇ ਹੱਥਲੇ ਸੰਗ੍ਰਹਿ ਵਿਚ ਉਸਦੀ ਮੂਲ ਪੰਜਾਬੀ ਚੇਤਨਾ ਪਰਵਾਸ ਅਤੇ ਕਨੇਡੀਅਨ ਜੀਵਨ-ਯਥਾਰਥ ਦੇ ਅਨੁਭਵ ਨੇ ਅੱਜੋਕੇ ਵਿਸ਼ਵ ਸਮਾਚਾਰਾਂ ਦੇ ਪ੍ਰਸੰਗ ਵਿਚ ਮਨੁੱਖੀ ਹੋਣੀ ਨਾਲ ਨਾਤਾ ਜੋੜ ਲਿਆ ਹੈ। ਕਲਾਤਮਕਤਾ ਸਹਿਤ ਰਚੀਆਂ ਪੰਜ ਵੱਡ-ਆਕਾਰੀ ਕਹਾਣੀਆਂ 'ਤੇ ਆਧਾਰਤ ਏਸ ਪੁਸਤਕ ਵਿਚ ਜਰਨੈਲ ਸਿੰਘ ਦੀ ਸੰਵੇਦਨਾ ਦੇ ਨਾਲ ਉਸਦੇ ਸਰੋਕਾਰਾਂ ਦੀਆਂ ਇਹ ਤਿੰਨੇਂ ਪਰਤਾਂ ਗੁੰਦੀਆਂ ਦੇਖੀਆਂ ਜਾ ਸਕਦੀਆਂ ਹਨ। ਸਾਰੀਆਂ ਹੀ ਕਹਾਣੀਆਂ ਮੁਨਾਫ਼ੇ ਨੂੰ ਪਰਨਾਏ ਆਦਰਸ਼-ਵਿਹੂਣੇ ਪੂੰਜੀਵਾਦੀ ਮੁੱਲ ਨੂੰ ਨਕਾਰਦੀਆਂ ਹਨ।

ਪੰਨੇ 135 — ਸੁੰਦਰ ਦਿੱਖ — ਮੁੱਲ 150 ਰੁਪਏ

ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

SIRJANA Literary Punjabi Quarterly Chandigarh
No. 176 April-June 2015
Registered with the Registrar of Newspapers for India vide R.N. 10215/65

'ਸ਼ਬਦ ਅਸ਼ਬਦ' ਤੋਂ ਪਿੱਛੋਂ ਮਾਨਵਵਾਦੀ ਦਿੱਖ ਵਾਲੇ ਸੰਵੇਦਨਸ਼ੀਲ ਸ਼ਾਇਰ ਹਰਕੰਵਲਜੀਤ ਸਾਹਿਲ ਦਾ ਨਵਾਂ ਕਾਵਿ-ਸੰਗ੍ਰਹਿ

ਜੋ ਕਿਛੁ ਕਹਿਣਾ..



ਸਾਹਿਲ ਦੀ ਕਵਿਤਾ ਇਕ ਐਸੀ ਵਿਚਾਰਧਾਰਾ ਦਾ ਰੂਪ ਧਾਰ ਜਾਂਦੀ ਹੈ, ਜਿਸ ਦਾ ਸੰਬੰਧ ਵਿਅਕਤੀ ਨੂੰ ਉਸਦੇ ਇਕਲਾਪੇ 'ਚੋਂ ਬਾਹਰ ਕੱਢਣ, ਉਸ ਦੀ ਅਪੂਰਨ ਹੋਂਦ ਉੱਤੇ ਝਾਤ ਪੁਆਉਣ, ਉਸ ਨੂੰ ਵਰਤਮਾਨ ਵਿਚ ਜਿਉਣਾ ਸਿਖਾਉਣ, ਸਮਾਜ ਦੀ ਗੁੱਝੀ ਅਗਨ ਨੂੰ ਸੱਚ ਦੀ ਮਹਾਂ ਤਪਸ਼ ਰਾਹੀਂ ਠਾਰਨ, ਸੁੱਤੀ ਰੂਹ ਵਾਲੀ ਸ਼ਾਇਰੀ ਉੱਤੇ ਉਂਗਲ ਧਰ ਕੇ ਸ਼ਾਇਰ ਮਿੱਤਰਾਂ ਨੂੰ ਖਬਰਦਾਰ ਕਰਨ ਅਤੇ ਬ੍ਰਹਿਮੰਡ ਦੀ ਚਾਲ ਨੂੰ ਪਿਆਰ ਗੜੁੱਚੇ ਬੋਲਾਂ ਰਾਹੀਂ ਚਲਾਉਣ ਨਾਲ ਜਾ ਜੁੜਦਾ ਹੈ।

ਪੰਨੇ 112 ਸੁੰਦਰ ਦਿੱਖ ਮੁੱਲ 150 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ